# ਆਲੋਚਨਾ

ਅਪ੍ਰੈਲ
ਮਈ
ਜੂਨ
੧੯੬੯


| | |
|---|---|
| ਪ੍ਰੀਤਮ ਸਿੰਘ | ਗੁਰੂ ਨਾਨਕ ਸਾਹਿਬ ਦੇ ਪੰਜ ਸੌ ਵਰ੍ਹੇ |
| ਡਾ. ਜਸਵੰਤ ਸਿੰਘ ਨੇਕੀ | ਗੁਰਬਾਣੀ ਵਿਚ 'ਭਉ' ਦਾ ਸੰਕਲਪ |
| ਰਣਧੀਰ ਸਿੰਘ | ਗੁਰਪੁਰਬ-ਨਿਰਣਾ |
| ਵਜ਼ੀਰ ਸਿੰਘ | ਧਰਮ ਅਤੇ ਦਰਸ਼ਨ ਦਾ ਸੰਬੰਧ |
| ਸੋਹਿੰਦਰ ਸਿੰਘ ਬੇਦੀ | ਪੋਠੋਹਾਰੀ ਉੱਪ-ਭਾਖਾ |
| ਸ. ਸੋਜ਼ | ਮੋਹਨ ਸਿੰਘ ਦੀ ਕਵਿਤਾ 'ਜੰਦਰੇ' |
| ਸਾਹਿਬ ਸਿੰਘ | ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ |
| ਰੂਪਕ ਹਰਿ | ਸ਼ਿਵ ਦੀ ਲੂਣਾਂ |
| ਨੂਤਨ ਮਣੀ | ਹਿੰਦੀ ਦੀ ਤਿਮਾਹੀ |
| ਪ੍ਰੀਤਮ ਸਿਘ | ਕਵੀ ਜੈ ਸਿੰਘ ਦੀ ਰਚਨਾ |



ਪੰਜਾਬੀ ਸਾਹਿੱਤ ਅਕਾਡਮੀ
ਲੁਧਿਆਣਾ

ਇਕ ਪਰਚਾ ੨-੫੦,

ਸਾਲਾਨਾ ਦੇਸ ੮-੦੦ ਵਿਦੇਸ਼ ੧੦-੦੦

ਗੁਰੂ ਨਾਨਕ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਉਤਸਵ

# ਬਚਿਆਂ ਲਈ ਪੁਸਤਕਾਂ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼-ਉਤਸਵ ੧੯੬੯ ਵਿਚ ਸੰਸਾਰ ਭਰ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਨੇ ਇਸ ਉਤਸਵ ਨੂੰ ਯੋਗ ਢੰਗ ਨਾਲ ਮਨਾਉਣ ਲਈ ਇਕ ਵਿਸ਼ੇਸ਼ ਯੋਜਨਾ ਬਣਾਈ ਹੈ, ਜਿਸ ਅਧੀਨ ਸਾਰੇ ਵਿਦਵਾਨ ਲੇਖਕਾਂ ਤੇ ਸਾਹਿੱਤਕਾਰਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਗੁਰੂ ਜੀ ਦੇ ਜੀਵਨ ਤੇ ਰਚਨਾਵਾਂ ਸੰਬੰਧੀ ਕੋਈ ਵੀ ਪੱਖ ਲੈ ਕੇ ਬਚਿਆਂ ਲਈ ਪੁਸਤਕਾਂ ਲਿਖਣ। ਸੱਭ ਤੋਂ ਉੱਤਮ ਪੁਸਤਕ ਦੇ ਲੇਖਕ ਨੂੰ ਪੰਜ ਸੌ ਰੁਪਏ ਦਾ ਪੁਰਸਕਾਰ ਦਿੱਤਾ ਜਾਏਗਾ। ਪੁਰਸਕ੍ਰਿਤ ਪੁਸਤਕ ਦੀਆਂ ਪੰਜ ਹਜ਼ਾਰ ਕਾਪੀਆਂ ਅਕਾਡਮੀ ਆਪਣੇ ਖਰਚ ਉੱਤੇ ਛਪਵਾਏਗੀ ਤੇ ਇਨਾਮ ਤੋਂ ਬਿਨਾ ਨਿਯਮ ਅਧੀਨ, ਇਸ ਦੀ ਬਣਦੀ ਰਾਇਲਟੀ, ਵੱਖਰੀ ਦਿੱਤੀ ਜਾਏਗੀ। ਪੁਰਸਕਾਰ ਲਈ ਭੇਜੀ ਜਾਣ ਵਾਲੀ ਪੁਸਤਕ ਸੰਬੰਧੀ ਹੇਠ ਦਿੱਤੀਆਂ ਸ਼ਰਤਾਂ ਆਪ ਦਾ ਵਿਸ਼ੇਸ਼ ਧਿਆਨ ਮੰਗਦੀਆਂ ਹਨ, ਜਿਨ੍ਹਾਂ ਦਾ ਪਾਲਣਾ ਅਤਿ ਜ਼ਰੂਰੀ ਹੈ:

੧ ਪੁਸਤਕਾਂ ਖਰੜਾ ਰੂਪ ਵਿਚ ਹੋਣ ਤੇ ਇਨ੍ਹਾਂ ਦਾ ਕੋਈ ਵੀ ਭਾਗ ਪੂਰਾ ਜਾਂ ਅਧੂਰਾ ਪਹਿਲਾਂ ਛਪ ਚੁੱਕੀ ਕਿਸੇ ਵੀ ਭਾਸ਼ਾ ਦੀ ਪੁਸਤਕ ਦਾ ਭਾਗ ਨ ਬਣ ਚੁੱਕਾ ਹੋਵੇ।

੨ ਪੁਸਤਕਾਂ ਗੁਰੂ ਜੀ ਦੇ ਜੀਵਨ ਤੇ ਫ਼ਲਸਫ਼ੇ ਦੇ ਕਿਸੇ ਵੀ ਪੱਖ ਸੰਬੰਧੀ ਹੋ ਸਕਦੀਆਂ ਹਨ। ਨਾਵਲ, ਨਾਟਕ ਤੇ ਮਹਾਂ-ਕਾਵਿ ਆਦਿ ਵੀ ਪੁਰਸਕਾਰ ਲਈ ਵਿਚਾਰੇ ਜਾ ਸਕਦੇ ਹਨ।

੩ ਪੁਸਤਕਾਂ ਦਾ ਆਕਾਰ ੨੦ X ੩੦/੧੬ ਦੇ ਘੱਟੋ ਘੱਟ ਇਕ ਸੌ ਤੇ ਵੱਧ ਤੋਂ ਵੱਧ ਡੇਢ ਸੌ ਸਫ਼ੇ ਬਣਦਾ ਹੋਵੇ।

੪ ਪੁਸਤਕਾਂ ਦੇ ਖਰੜੇ ੧੫ ਜਨਵਰੀ ੧੯੬੯ ਤਕ ਹਰ ਹਾਲਤ ਵਿਚ ਪ੍ਰਧਾਨ ਪੰਜਾਬੀ-ਸਾਹਿੱਤ ਅਕਾਡਮੀ ਪਾਸ ਪੁਜ ਜਾਣੇ ਚਾਹੀਦੇ ਹਨ। ਪਿੱਛੋਂ ਪੁਜੇ ਖਰੜੇ ਪੁਰਸਕਾਰ ਲਈ ਨਹੀਂ ਵਿਚਾਰੇ ਜਾਣਗੇ।

੫ ਪੁਰਸਕਾਰ ਸੰਬੰਧੀ ਨਿਰਣੇ ਦਾ ਐਲਾਨ ੨੮ ਫ਼ਰਵਰੀ, ੧੯੬੯ ਤੱਕ ਕਰ ਦਿੱਤਾ ਜਾਏਗਾ, ਤੇ ੧੫ ਅਪਰੈਲ ੧੯੬੯ ਨੂੰ ਇਕ ਵਿਸ਼ੇਸ਼ ਸਮਾਗਮ ਵਿਚ ਪੁਰਸਕਾਰ ਭੇਟ ਕੀਤਾ ਜਾਵੇਗਾ ਤੇ ਆਮ ਵਿਕਰੀ ਲਈ ਪੁਸਤਕ ਛਪਵਾ ਕੇ ਜਾਰੀ ਕੀਤੀ ਜਾਵੇਗੀ।

੬ ਇਕ ਪੁਰਸਕ੍ਰਿਤ ਪੁਸਤਕਤੋਂ ਬਿਨਾ ਹੋਰ ਚੰਗੀ ਪੱਧਰ ਦੇ ਖਰੜਿਆਂ ਨੂੰ ਵੀ ਅਕਾਡਮੀ ਛਾਪਣ ਲਈ ਤਿਆਰ ਹੋਵੇਗੀ ਤੇ ਉਨ੍ਹਾਂ ਤੇ ਕੇਵਲ ਰਾਇਲਟੀ ਦਿੱਤੀ ਜਾਵੇਗੀ।

੭ ਖਰੜੇ ਕੇਵਲ ਪੰਜਾਬੀ ਵਿਚ ਹੀ ਪ੍ਰਵਾਨ ਕੀਤੇ ਜਾਣਗੇ; ਪਰ ਜੇ ਲੇਖਕ ਚਾਹੁਣ ਤਾਂ ਪੁਰਸਕ੍ਰਿਤ ਪੁਸਤਕ ਨੂੰ ਅਨੁਵਾਦ ਕਰਵਾ ਕੇ ਅੰਗਰੇਜ਼ੀ, ਹਿੰਦੀ ਆਦਿ ਹੋਰ ਭਾਸ਼ਾਵਾਂ ਵਿਚ ਵੀ ਅਕਾਡਮੀ ਛਾਪੇਗੀ।

੮ ਖਰੜਿਆਂ ਨੂੰ ਛਾਪਣ ਦੇ ਪਹਿਲੀ ਅਡੀਸ਼ਨ ਦੇ ਅਧਿਕਾਰ ਅਕਾਡਮੀ ਪਾਸ ਹੋਣ ਤੇ ਜੇ ਲੇਖਕ ਚਾਹੁਣ ਤਾਂ ਅਗਲੀਆਂ ਐਡੀਸ਼ਨਾਂ ਉਹ ਬਾਹਰੋਂ ਵੀ ਛਪ ਸਕਦੇ ਹਨ।

੯ ਪੁਰਸਕਾਰ ਦਾ ਨਿਰਣਾ ਅਕਾਡਮੀ ਵਲੋਂ ਨਿਯੁਕਤ ਕੀਤੀ ਇਕ ਉਪ-ਕਮੇ ਕਰੇਗੀ, ਜਿਸ ਦੇ ਮੈਂਬਰ ਆਪ ਪੁਰਸਕਾਰ ਦੇ ਅਧਿਕਾਰੀ ਨਹੀਂ ਹੋਣਗੇ।

ਹੋਰ ਪੁਛ ਗਿਛ ਲਈ ਜਨਰਲ ਸਕੱਤ੍ਰ ਨਾਲ ਚਿੱਠੀ ਪੱਤਰ ਕਰੋ।

ਪੰਜਾਬੀ ਸਾਹਿੱਤ ਅਕਾਡਮੀ
ਪੰਜਾਬੀ ਭਵਨ, ਲੁਧਿਆਣਾ।

ਪਰਮਿੰਦਰ ਸਿੰਘ ਐਮ. ਏ.
ਜਨਰਲ ਸਕੱਤ੍ਰ

Approved for use in the Schools and Colleges of the Panjab vide D.P.I.'s letter No. 3397---B---6/48---55---25796 dated July, 1955.

ਪੰਜਾਬ ਦੇ ਜੀਵਨ ਤੇ ਚਿੰਤਨ, ਸਾਹਿੱਤ ਤੇ ਕਲਾ ਦੀ

# ਆਲੋਚਨਾ

ਪੰਜਾਬੀ ਭਵਨ ਲੁਧਿਆਣਾ

ਜਿਲਦ : ੧੪
ਅੰਕ : ੨
ਅਪ੍ਰੈਲ, ਮਈ, ਜੂਨ
੧੯੬੮
[ਕੁਲ ਅੰਕ ੧੦੫]

## ਲੇਖ-ਸੂਚੀ

**ਸੰਪਾਦਕ ਦੀ ਦ੍ਰਿਸ਼ਟੀ ਤੋਂ**

ਪ੍ਰੀਤਮ ਸਿੰਘ — ੩ — ਗੁਰੂ ਨਾਨਕ ਸਾਹਿਬ ਦੇ ਪੰਜ ਸੌ ਵਰ੍ਹੇ

**ਫੁਟਕਲ**

ਡਾ. ਜਸਵੰਤ ਸਿੰਘ ਨੇਕੀ — ੫ — ਗੁਰਬਾਣੀ ਵਿਚ 'ਭਉ' ਦਾ ਸੰਕਲਪ

ਰਣਧੀਰ ਸਿੰਘ — ੨੦ — ਗੁਰਪੁਰਬ-ਨਿਰਣਾ

ਵਜ਼ੀਰ ਸਿੰਘ — ੨੪ — ਧਰਮ ਅਤੇ ਦਰਸ਼ਨ ਦਾ ਸੰਬੰਧ

**ਭਾਸ਼ਾ ਵਿਗਿਆਨ**

ਸੁਹਿੰਦਰ ਸਿੰਘ ਬੇਦੀ — ੩੨ — ਪੋਠੋਹਾਰੀ ਉੱਪ-ਭਾਖਾ

**ਨਿਮਖ ਚਿਤਵੀਐ**

ਸ. ਸੋਜ਼ — ੫੭ — ਮੋਹਨ ਸਿੰਘ ਦੀ ਕਵਿਤਾ 'ਜੰਦਰੇ' ਦਾ ਵਿਸ਼ਲੇਸ਼ਣ

**ਗੁਰੂ ਨਾਨਕ ਚਰਚਾ**

ਸਾਹਿਬ ਸਿੰਘ — ੬੨ — ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ [ਪਿਛਲੇ ਅੰਕ ਤੋਂ ਅਗੇ]

**ਪੰਜਾਬੀ ਰੰਗ ਮੰਚ**

ਰੂਪਿਕ ਹਰਿ — ੭੩ — ਸ਼ਿਵ ਦੀ ਲੂਣਾਂ

**ਹਿੰਦੀ ਸਮਾਚਾਰ**

ਨੂਤਣ ਮਣੀ — ੮੧ — ਹਿੰਦੀ ਦੀ ਤਿਮਾਹੀ

**ਪੁਰਾਣਾ ਵਿਰਸਾ**

ਪ੍ਰੀਤਮ ਸਿੰਘ — ੮੫ — ਕਵੀ ਜੈ ਸਿੰਘ ਦੀ ਰਚਨਾ

# ਭਾਸ਼ਾ ਵਿਭਾਗ ਪੰਜਾਬ, ਦੀਆਂ ਪ੍ਰਕਾਸ਼ਨਾਂ

| | | | |
|---|---|---|---|
| 1. | ਅਭਿਨੰਦਨ ਗਰੰਥ ਤੇਜਾ ਸਿੰਘ ਪ੍ਰਿੰਸੀਪਲ (ਪੰਜਾਬੀ) | | 12-00 |
| 2. | ਪੰਜਾਬੀ ਪਤਰ ਕਲਾ | ,, | 3-00 |
| 3. | ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ | ,, | 3-25 |
| 4. | ਚਾਹੋ ਸੋ ਪਾਓ | ,, | 3-75 |
| 5. | ਸੰਸਾਰ ਦਾ ਸੰਖੇਪ ਇਤਿਹਾਸ | ,, | 5-00 |
| 6. | ਪੰਜਾਬੀ ਹਿੰਦੀ ਕੋਸ਼ | | 9-25 |
| 7. | ਪੰਜਾਬੀ ਕੋਸ਼ (ਭਾਗ ਪਹਿਲਾ) | ,, | 12-00 |
| 8. | ਫ਼ਤਹਿ ਨਾਮਾ ਗੁਰੂ ਖ਼ਾਲਸਾ ਜੀ ਕਾ | ,, | 4-00 |
| 9. | ਪੰਜਾਬੀ ਤੇ ਹੋਰ ਭਾਸ਼ਾਵਾਂ ਦਾ ਪਰਭਾਵ | ,, | 1-00 |
| 10. | ਸੰਪੂਰਣ ਗਾਂਧੀ ਰਚਨਾਵਲੀ ਭਾਗ ਪਹਿਲਾ | ,, | 6-00 |
| 11. | ਵਿਸ਼ਵ ਮਨੁੱਖਤਾ ਵਲ | ,, | 8-66 |
| 12, | ਪੰਜਾਬ ਮੇਂ ਉਰਦ | ,, | 3-45 |
| 13. | ਬਾਲਿ ਜਬਰਾਈਲ (ਗੁਰਮੁਖੀ ਅੱਖਰਾਂ ਵਿਚ) | | 2-30 |
| 14. | ਬਾਣੀ ਮੀਰਾਂ ਬਾਈ | ,, | 1-40 |
| 15. | ਪੋਠੋਹਾਰੀ ਕੋਸ਼ | ,, | 3-16 |
| 16. | ਪੰਜਾਬ | ,, | 14-20 |
| 17. | ਯੂਸਫ਼ ਜ਼ੁਲੇਖਾਂ | ,, | 1-30 |
| 18. | ਸੂਰ ਬਚਨਾਵਲੀ | ,, | 3-50 |
| 19. | ਸੈਫ਼ਲ ਮਲੂਕ | ,, | 6-70 |
| 20. | ਬਾਂਗਿ ਦਰਾ (ਗੁਰਮੁਖੀ ਲਿਪੀ ਵਿਚ) | ,, | 4-25 |
| 21. | ਪੰਜਾਬੀ ਹਥ ਲਿਖਤਾਂ ਦੀ ਸੂਚੀ (ਭਾਗ ਪਹਿਲਾ) | | 10-25 |
| 22. | ਪੰਜਾਬੀ ਹਥ ਲਿਖਤਾਂ ਦੀ ਸੂਚੀ (ਦੂਜਾ ਭਾਗ) | ,, | 9-10 |
| 23. | ਹਿੰਦੀ ਸਾਹਿਤ ਦਾ ਇਤਿਹਾਸ | ,, | 7-00 |
| 24. | ਭਾਰਤੀ ਪੁਰਾਤੱਤਵ | ,, | 3-30 |
| 25. | ਕਲੰਡਰ ਸੁਧਾਰ ਕਮੇਟੀ ਦੀ ਰਪੋਟ | ,, | 7-75 |
| 26. | ਮਹਾਨ ਕੋਸ਼ | ,, | 42-00 |
| 27. | ਪੰਜਾਬੀ ਸਾਹਿਤ ਦਾ ਇਤਿਹਾਸ (ਤਿੰਨ ਭਾਗ) | ,, | 20-00 |
| 28. | ਸਵਤੰਤਰਤਾ ਅੰਦੋਲਨ ਇਤਿਹਾਸ | ,, | 20-00 |
| 29. | ਮਨੁੱਖ ਦਾ ਧਰਮ | ,, | 4-05 |
| 30. | ਪੰਜਾਬੀ ਪਰਬੋਧ | ,, | 2-25 |
| 31. | ਦਫ਼ਤਰੀ ਗਲਾਸਰੀ (ਅੰਗਰੇਜ਼ੀ, ਹਿੰਦੀ; ਪਜਾਬੀ) | | 8-00 |
| 32. | ਗਿਰਸਨ ਆਨ ਪੰਜਾਬੀ (ਅੰਗਰੇਜ਼ੀ) | | 11-15 |
| 33. | ਵੈਸਟਰਨ ਪੰਜਾਬੀ ਕੋਸ਼ (ਅੰਗਰੇਜ਼ੀ) | | 7-80 |
| 34. | ਮਈਆ ਸਿੰਘ ਕੋਸ਼ (ਪੰਜਾਬੀ) | | 19-60 |

ਇਨ੍ਹਾਂ ਤੋਂ ਬਿਨਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਦੀਆਂ ਪੁਸਤਕਾਂ ਵੀ ਸਾਥੋਂ ਮਿਲਦੀਆਂ ਹਨ ।

ਪਤਾ— **ਲਾਇਲ ਬੁਕ ਡੀਪੂ**

ਚੌੜਾ ਬਾਜ਼ਾਰ ਲੁਧਿਆਣਾ—ਸੈਕਟਰ ੧੪ ਚੰਡੀਗੜ੍ਹ

ਸੰਪਾਦਕ ਦੀ ਦ੍ਰਿਸ਼ਟੀ ਤੋਂ—

# ਗੁਰੂ ਨਾਨਕ ਸਾਹਿਬ ਦੇ ਪੰਜ ਸੌ ਵਰ੍ਹੇ

ਸੰਨ ੧੯੬੮ ਵਿਚ ਗੁਰੂ ਨਾਨਕ ਸਾਹਿਬ ਇਕ ਘੱਟ ਪੰਜ ਸੌ ਵਰ੍ਹੇ ਦੇ ਹੋ ਚੁੱਕੇ ਹਨ।

ਵੈਸੇ ਤਾਂ ਕੋਈ ਵਰ੍ਹਾ ਕਿਸੇ ਹੋਰ ਵਰ੍ਹੇ ਨਾਲੋਂ ਵੱਖ ਨਹੀਂ ਹੁੰਦਾ, ਭਾਵੇਂ ਉਹ ਪੰਜ ਸੌਵਾਂ ਹੀ ਕਿਉਂ ਨਾ ਹੋਵੇ, ਪਰ ਸਾਡੀ ਦੇਸ-ਕਾਲ ਦੀ ਸਾਧਾਰਣ ਗਿਣਤੀ-ਮਿਣਤੀ ਵਿਚ, ਜਿਸ ਵਰ੍ਹੇ ਕੋਈ ਗੁਰੂ ਨਾਨਕ ਸਾਹਿਬ ਵਰਗਾ ਮਹਾ-ਪੁਰਖ ਆਪਣੀ ਆਯੂ ਦੀਆਂ ਪੰਜ ਸਦੀਆਂ ਪੂਰੀਆਂ ਕਰੇ, ਉਸ ਦਾ ਵਿਸ਼ੇਸ਼ ਅਵਸਰ ਬਣ ਜਾਣਾ ਅਸਲੋਂ ਸੁਭਾਵਿਕ ਹੈ।

੧੯੬੯ ਵਿਚ ਗੁਰੂ ਨਾਨਕ ਸਾਹਿਬ ਪੂਰੇ ਪੰਜ ਸੌ ਵਰ੍ਹੇ ਦੇ ਹੋ ਜਾਣਗੇ। ਇਸ ਲਈ ਜੋ ਕੋਈ ਵੀ ਗੁਰੂ ਨਾਨਕ ਦਾ ਨਾਮ-ਲੇਵਾ ਹੈ—ਚਾਹੇ ਉਹ ਉਸ ਦੇ ਧਰਮ ਦਾ ਅਨੁਯਾਈ ਹੈ ਜਾਂ ਸਾਹਿੱਤ ਦਾ ਅਵਲੰਬੀ; ਭਾਸ਼ਾ-ਵਿਗਿਆਨੀ ਹੈ ਜਾਂ ਇਤਿਹਾਸ ਦਾ ਵਿਸ਼ੇਸ਼ੱਗ; ਸਮਾਜ-ਸ਼ਾਸਤਰੀ ਹੈ ਕਿ ਸਿੱਖਿਆ ਜਾਂ ਦਰਸ਼ਨ-ਸ਼ਾਸਤਰੀ, ਸਭ ਲਈ ਇਹ ਵਰ੍ਹਾ ਵਿਸ਼ੇਸ਼ ਮਹਾਤਮ ਵਾਲਾ ਹੋਵੇਗਾ। ਹਰ ਕਿਸੇ ਨੇ ਇਸ ਮੌਕੇ ਨੂੰ ਮਨਾਉਣਾ ਹੈ। ਸਾਡੇ ਵਿਚਾਰ-ਪਤੀਆਂ ਲਈ ਗੁਰੂ ਨਾਨਕ ਦੇ ਸੰਬੰਧ ਵਿਚ ਇਹੋ ਜਿਹਾ ਮੌਕਾ ਨਿਤ ਨਿਤ ਨਹੀਂ ਆਉਣਾ ਜਦੋਂ ਲੋਕ ਉਤਸਾਹ ਨਾਲ ਆਪਣੀ ਗੋਲਕ ਖ਼ਾਲੀ ਕਰਕੇ ਕੋਈ ਸਾਂਝੀ ਗੋਲਕ ਭਰਨ ਲਈ ਤਤਪਰ ਹੋ ਜਾਣ। ਸੋ ਜੇ ਉਹ ਦੂਰ-ਅੰਦੇਸ਼ੀ ਵਰਤ ਕੇ ਇਸ ਅਵਸਰ ਨੂੰ ਮਨਾਉਣ ਲਈ ਕੋਈ ਅਜੇਹੀਆਂ ਨੀਹਾਂ ਦੇ ਪੂਰਨੇ ਪਾ ਦੇਣ ਜੋ ਭਵਿੱਖ ਦੀ ਉਸਾਰੀ ਦਾ ਆਧਾਰ ਬਣ ਜਾਣ ਤਾਂ ਬਹੁਤ ਹੀ ਵੱਡੀ ਲੋੜ ਪੂਰੀ ਹੋ ਸਕਦੀ ਹੈ। ਜੇ ਉਹ ਕੋਈ ਸੇਧ ਦੇਣ ਤੋਂ ਅਸਮਰਥ ਰਹੇ ਤਾਂ ਲੋਕ ਤਾਂ ਆਪਣੇ ਉਤਸਾਹ ਦਾ ਪ੍ਰਗਟਾਵਾ ਕਰਨੋਂ ਟਲਣਗੇ ਨਹੀਂ—ਭਾਵੇਂ ਕਰਨ ਅੰਤ ਵਿਚ ਉਹੀ ਕੁਝ ਜੋ ਆਮ ਗੁਰਪੁਰਬਾਂ ਉੱਤੇ ਕਰਦੇ ਹਨ। ਮਸਲਨ, ਜਲੂਸ ਕੱਢੇ ਜਾਣਗੇ, ਜੋ ਸ਼ਾਇਦ ਅੱਗੇ ਨਾਲੋਂ ਵਡੇਰੇ ਤੇ ਵਧੇਰੇ ਸ਼ਾਨ ਵਾਲੇ ਹੋਣਗੇ, ਆਤਿਸ਼ਬਾਜ਼ੀ ਜ਼ਿਆਦਾ ਖ਼ਰਚੀਲੀ ਤੇ ਮਨੋਹਰ ਹੋਵੇਗੀ, ਕਵੀਸ਼ਰਾਂ, ਢੱਡ-ਸਾਰੰਗੀ ਵਾਲਿਆਂ ਤੇ ਪੇਸ਼ਾਵਰ ਕੀਰਤਨੀਆਂ, ਪ੍ਰਚਾਰਕਾਂ ਤੇ ਭਾਸ਼ਣਕਾਰਾਂ ਦੇ ਭਾ ਬਹੁਤ ਚੜ੍ਹ ਜਾਣਗੇ, ਗਹਿਗੱਚ ਦੀਵਾਨ ਸਜਣਗੇ, ਲੰਗਰ ਦਾ ਬੇਤਹਾਸ਼ਾ ਪ੍ਰਬੰਧ ਹੋਵੇਗਾ ਤੇ ਇਸੇ ਤਰ੍ਹਾਂ ਹੋਰ ਬਥੇਰਾ ਕੁਝ ਹੋਵੇਗਾ, ਜੋ ਆਪਣੀ ਥਾਂ ਸ਼ਾਇਦ ਯੋਗ ਵੀ ਹੋਵੇ ਤੇ ਜ਼ਰੂਰੀ ਵੀ, ਪਰ ਇਸ ਸਾਰੇ ਦਾ ਸਿੱਟਾ ਕੀ ਨਿਕਲੇਗਾ ? ਕੇਵਲ ਇਹੀ ਕਿ ਸਰਗਰਮ ਪ੍ਰਬੰਧਕ ਬਹੁਤ ਹੀ ਜ਼ਿਆਦਾ ਹੰਭ ਜਾਣਗੇ ਤੇ ਉਨੀਂਦਰੇ ਦੂਰ ਕਰਨ ਲਈ ਕੰਮ ਤੋਂ ਹਫ਼ਤੇ ਹਫ਼ਤੇ ਦੀ ਛੋਟ ਮੰਗਣਗੇ ਅਤੇ ਜਲਸਿਆਂ, ਜਲੂਸਾਂ, ਭਾਸ਼ਣਾਂ, ਕਵੀਸ਼ਰੀਆਂ ਤੇ ਲੰਗਰਾਂ ਰਾਹੀਂ ਸ਼ਰਧਾ ਦੇ ਭੜਕੀਲੇ ਫੁੱਲਾਂ ਦੇ ਜੋ ਢੇਰ,

ਗੁਰੂ ਸਾਹਿਬ ਦੀ ਸੇਵਾ ਵਿਚ ਇਸ ਮੌਕੇ ਉੱਤੇ ਅਰਪਿਤ ਕੀਤੇ ਗਏ ਹੋਣਗੇ, ਉਹ ਇਸ ਹੰਭੇ ਥੱਕੇ ਹਫ਼ਤੇ ਵਿਚ ਕੁਮਲਾਉਣਾ ਸ਼ੁਰੂ ਕਰ ਦੇਣਗੇ !

ਆਖ਼ਰ ਭੀੜ-ਭੜੱਕੇ ਵਿਚ ਇਕ ਅੱਧੀ ਵਾਰੀ ਚਰਚਾ ਜਾਂ ਅੱਖਾਂ ਨਾਲ ਵੇਖੇ ਤਮਾਸ਼ੇ ਦਾ ਪ੍ਰਭਾਵ ਕਿੰਨਾ ਕੁ ਚਿਰ ਰਹਿਣਾ ਹੋ ਸਕਦਾ ਹੈ ?

ਨਿਰਸੰਦੇਹ ਇਸ ਤੋਂ ਪਹਿਲਾਂ ਕਿ ਇਸ ਪੁਰਬ ਨੂੰ ਮਨਾਉਣ ਦੇ ਹੋਰ ਢੰਗ ਉਲੀਕੇ ਜਾਣ, ਕੁੱਝ ਪ੍ਰਸ਼ਨਾਂ ਬਾਰੇ ਸਪਸ਼ਟ ਹੋਣ ਦੀ ਲੋੜ ਹੈ । ਕੀ ਅਸੀਂ ਦਿਲੋਂ ਮਹਸੂਸ ਕਰਦੇ ਹਾਂ ਕਿ ਅਜੇ ਸਾਨੂੰ ਗੁਰੂ ਨਾਨਕ ਸਾਹਿਬ ਦੀ ਲੋੜ ਹੈ ? ਸਾਇੰਸ ਦੀਆਂ ਲੱਭਤਾਂ, ਭਾਰੇ ਮਸ਼ੀਨੀ ਉਦਯੋਗ ਦੇ ਪ੍ਰਚਲਨ ਅਤੇ ਆਵਾਜਾਈ ਤੇ ਪ੍ਰਸਾਰ ਦੇ ਚਮਤਕਾਰੀ ਵਿਕਾਸ ਦੇ ਕਾਰਣ ਬੇਅੰਤ ਛੋਟੀ ਹੋ ਚੁੱਕੀ ਅਤੇ ਹੋਰ ਕੁੱਝ ਨਹੀਂ ਤਾਂ ਬਾਹਰੀ ਤੌਰ ਉੱਤੇ ਬੜੀ ਤੇਜ਼ੀ ਨਾਲ ਪੱਛਮੀ ਰੰਗ ਵਿਚ ਰੰਗੀਜ ਰਹੀ ਆਧੁਨਿਕ ਦੁਨੀਆਂ ਦਾ ਗੁਰੂ ਨਾਨਕ ਦੀਆਂ ਧਾਰਨਾਵਾਂ ਨਾਲ ਕੋਈ ਮੇਲ ਬਣਦਾ ਹੈ ਕਿ ਨਹੀਂ ? ਕੀ ਗੁਰੂ ਸਾਹਿਬ ਦੀ ਬਿਰਧ ਰਬਾਬ ਵਿਚ ਜੋ ਕਦੀ ਰੱਤ-ਪੀਣੇ ਚੰਡਾਲਾਂ ਨੂੰ 'ਨਾਮ ਧਰੀਕ ਸਿੱਖ' ਬਣਾਉਣ ਦੀ ਸਮਰੱਥਾ ਰਖਦੀ ਸੀ, ਹੁਣ ਵਾਲੇ ਘੋਰ ਕਲਜੁਗ ਅਰਥਾਤ ਮਸ਼ੀਨੀ ਜੁਗ ਵਿਚ ਦਿਲਾਂ ਤੇ ਦਿਮਾਗਾਂ ਦੀਆਂ ਤਰਬਾਂ ਨੂੰ ਹਿਲੂਣਾ ਦੇਣ ਦੀ ਸੱਤਾ ਅਜੇ ਮੌਜੂਦ ਹੈ ? ਕੀ ਗੁਰੂ ਨਾਨਕ ਸੱਚ-ਮੁੱਚ 'ਕਲਿ-ਤਾਰਣ' ਜਾਂ ਦੂਜੇ ਸ਼ਬਦਾਂ ਵਿਚ ਆਧੁਨਿਕ ਜੁਗ ਦਾ ਅਵਤਾਰ ਬਣ ਕੇ ਆਇਆ ਸੀ ?

ਜਿਨ੍ਹਾਂ ਮਨਾਂ ਉੱਤੇ ਇਨ੍ਹਾਂ ਪ੍ਰਸ਼ਨਾਂ ਦਾ ਕਦੀ ਪਰਛਾਵਾਂ ਵੀ ਨਹੀਂ ਪਿਆ ਉਨ੍ਹਾਂ ਦੀ ਤ੍ਰਿਪਤੀ ਤਾਂ ਢੋਲ-ਢਮੱਕੇ ਨਾਲ ਕਾਫ਼ੀ ਹੋ ਜਾਵੇਗੀ, ਪਰ ਜਿਸ ਬੁੱਧੀਮਾਨ ਵਰਗ ਨੇ ਇਸ ਤਰ੍ਹਾਂ ਦੇ ਪ੍ਰਸ਼ਨਾਂ ਉੱਤੇ ਵਿਚਾਰ ਕਰਨ ਤੋਂ ਪਰਹੇਜ਼ ਨਹੀਂ ਕਰਨਾ, ਉਨ੍ਹਾਂ ਦੀ ਇਸ ਮਹਾਨ ਪੁਰਬ ਨੂੰ ਮਨਾਉਣ ਦੀ ਵਿਧੀ ਵੱਖਰੀ ਹੋਵੇਗੀ । ਜਿਹੜੇ ਵੀਰ ਗੁਰੂ ਨਾਨਕ ਸਾਹਿਬ ਦੀ ਵਰਤਮਾਨ ਜਾਂ ਭਵਿੱਖ ਵਿਚ, ਕਿਸੇ ਪ੍ਰਕਾਰ ਦੀ ਲੋੜ ਤੋਂ ਇਨਕਾਰੀ ਹਨ, ਉਨ੍ਹਾਂ ਦਾ ਰੱਬ ਭਲਾ ਕਰੇ, ਪਰ ਜਿਨ੍ਹਾਂ ਦੇ, ਉਪਰੋਕਤ ਪ੍ਰਸ਼ਨਾਂ ਦੇ ਉੱਤਰ ਨਕਾਰਾਤਮਕ ਨਹੀਂ ਹਨ, ਉਨ੍ਹਾਂ ਦਾ ਗੁਰੂ ਸਾਹਿਬ ਤੇ ਉਨ੍ਹਾਂ ਦੀ ਬਾਣੀ ਨੂੰ ਨਵੇਂ ਨਵੇਂ ਪੱਖਾਂ ਤੋਂ ਵੇਖਣਾ--ਪਰਖਣਾ ਤੇ ਉਸਦੇ ਪ੍ਰਭਾਵ ਨੂੰ ਸਥਿਰ ਰੱਖਣ ਦੇ ਸਾਧਨਾਂ ਬਾਰੇ ਸੋਚਣਾ ਬਿਲਕੁਲ ਸੁਭਾਵਿਕ ਹੈ । ਅਸੀਂ ਇਹ ਮਤ ਲੈ ਕੇ ਤੁਰਾਂਗੇ ਕਿ ਗੁਰੂ ਨਾਨਕ ਪੰਜਾਬ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਹੈ ਤੇ ਉਸ ਦੀ ਸੰਭਾਲ ਸਾਡਾ ਪਰਮ ਧਰਮ । ਵੇਖਣਾ ਇਹ ਹੈ ਕਿ ਇਸ ਅਪਾਰ ਮੁੱਲਵਾਨ ਖ਼ਜ਼ਾਨੇ ਨੂੰ ਸਦਾ ਲਈ ਸੰਭਾਲ ਕੇ ਰੱਖਣ ਦਾ ਸਭ ਤੋਂ ਵਧੀਆ ਢੰਗ ਕਿਹੜਾ ਹੈ ?

ਪਿਛਲੇ ਚਾਰ ਪੰਜ ਸਾਲਾਂ ਤੋਂ ਗੁਰੂ ਨਾਨਕ ਸਾਹਿਬ ਦੇ ਇਸ ਮਹਾਨ ਪੁਰਬ ਨੂੰ ਠੀਕ ਤਰ੍ਹਾਂ ਮਨਾਉਣ ਦੀ ਚਰਚਾ ਕਈ ਪੱਧਰਾਂ ਉੱਤੇ ਚਲਦੀ ਰਹੀ ਹੈ । ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ; ਪੰਜਾਬ ਯੂਨੀਵਰਸਿਟੀ ਚੰਡੀਗੜ੍ਹ; ਪੰਜਾਬੀ ਯੂਨੀਵਰਸਿਟੀ ਪਟਿਆਲਾ; ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ; ਗੁਰੂ ਨਾਨਕ ਫ਼ਾਊਂਡੇਸ਼ਨ ਤੇ ਹੋਰ ਕਈ ਸਥਾਨਕ ਇਦਾਰੇ ਇਸ ਅਵਸਰ ਨੂੰ ਯੋਗ ਭਾਂਤ ਮਨਾਉਣ ਦੀ ਮਨਸੂਬਾ-ਬੰਦੀ ਵੱਲ ਧਿਆਨ ਦੇਂਦੇ ਰਹੇ ਹਨ, ਪਰ ਇਕ ਅੱਧੇ ਇਦਾਰੇ ਨੂੰ ਛੱਡ ਕੇ, ਅਜੇ ਤਕ, ਕਿਸੇ ਨਿਗਰ

ਵਿਉਂਤ ਨੂੰ ਸਿਰੇ ਚਾੜ੍ਹਨ ਦੀ ਲਗਨ ਦਾ ਪ੍ਰਮਾਣ ਸਾਹਮਣੇ ਨਹੀਂ ਆਇਆ। ਚਾਹੀਦਾ ਤਾਂ ਇਹ ਸੀ ਕਿ ਗੁਰੂ ਸਾਹਿਬ ਦੇ ਪੰਜ ਸੌਵੇਂ ਪੁਰਬ ਤੋਂ ਇਕ ਅੱਧਾ ਵਰ੍ਹਾ ਪਹਿਲਾਂ ਹੀ ਬਹੁਤ ਸਾਰੀਆਂ ਯੋਜਨਾਵਾਂ ਸਿਰੇ ਚੜ੍ਹੀਆਂ ਹੁੰਦੀਆਂ, ਜਾਂ, ਵਧ ਤੋਂ ਵਧ ਪੁਰਬ ਵਾਲੇ ਦਿਨ ਤਕ ਮੁਕ ਜਾਂਦੀਆਂ, ਜਿਵੇਂ ਸ਼ੇਕਸਪੀਅਰ ਦੇ ਪੁਰਬ ਦੇ ਸੰਬੰਧ ਵਿਚ ਹੁੰਦਾ ਅਸੀਂ ਵੇਖਿਆ ਹੈ ਜਾਂ ਮਹਾਤਮਾ ਗਾਂਧੀ ਜੀ ਦੇ ਸੰਬੰਧ ਵਿਚ ਹੁੰਦਾ ਵੇਖ ਰਹੇ ਹਾਂ। ਪਰ ਇਉਂ ਹੋ ਨਹੀਂ ਸਕਿਆ, ਸੋ ਗੁਰੂ ਨਾਨਕ ਸਾਹਿਬ ਦੀ ਵੇਲ ਹਰੀ ਹੁੰਦੀ ਵੇਖਣ ਦੇ ਚਾਹਵਾਨਾਂ ਦਾ ਫ਼ਰਜ਼ ਹੈ ਕਿ ਜੋ ਯੋਜਨਾਵਾਂ ਇਸ ਪੁਰਬ ਤੋਂ ਪਹਿਲਾਂ ਸਿਰੇ ਚੜ੍ਹ ਜਾਣੀਆਂ ਚਾਹੀਦੀਆਂ ਸਨ ਤੇ ਹੁਣ ਸਮੇਂ ਦੀ ਥੁੜ ਕਾਰਨ ਹੱਥ ਵਿਚ ਨਹੀਂ ਲਈਆਂ ਜਾ ਸਕਣਗੀਆਂ, ਉਨ੍ਹਾਂ ਦੀ ਸਥਾਪਤੀ ਲਈ ਪੁਰਬ ਵਾਲੇ ਟੀਚੇ ਨੂੰ ਛੱਡ ਦੇਣ ਤੇ ਆਪਣਾ ਧਿਆਨ ਯੋਜਨਾਂ ਨੂੰ ਸਫਲ ਬਨਾਉਣ ਵੱਲ ਲਾਉਣ, ਸਿਰੇ ਭਾਵੇਂ ਉਹ ਕਦੇ ਜਾ ਚੜ੍ਹੇ। ਬੜਾ ਚਿਰ ਹੋਇਆ ਪਾਕਿਸਤਾਨ ਦੇ ਇਕ ਪੰਜਾਬੀ ਲੇਖਕ ਪ੍ਰੋ: ਸਫ਼ਦਰ, ਹਿੰਦ-ਪਾਕ ਮੈਚ ਵੇਖਣ ਦੇ ਬਹਾਨੇ ਪੰਜਾਬੀ ਲੇਖਕਾਂ ਨੂੰ ਮਿਲਣ ਲਈ ਜਾਲੰਧਰ ਤਸ਼ਰੀਫ਼ ਲਿਆਏ ਸਨ। ਪ੍ਰੋ: ਮੋਹਨ ਸਿੰਘ ਦੇ ਘਰ ਦੇ ਸੁਖਾਵੇਂ ਮਾਹੌਲ ਵਿਚ ਗਿਣਤੀ ਦੇ ਲੇਖਕਾਂ ਦੀ ਇਹ ਪਿਆਰੀ ਗੋਸ਼ਠੀ ਰਾਤ ਭਰ ਚੱਲਦੀ ਰਹੀ। ਉਸ ਵਿਚ ਇਕ ਦੌਰ ਐਸਾ ਵੀ ਚਲਿਆ ਜਦੋਂ ਅਸੀਂ ਸਫ਼ਦਰ ਨੂੰ ਪੰਜਾਬ ਵਿਚ ਮੁਸਲਮਾਨਾਂ ਬਾਰੇ ਪ੍ਰਚਲਿਤ ਲਤੀਫ਼ੇ ਸੁਣਾਏ ਤੇ ਉਸ ਨੇ ਪਾਕਿਸਤਾਨ ਵਿਚ ਸਿੱਖਾਂ ਨਾਲ ਸੰਬੰਧਿਤ। ਸਫ਼ਦਰ ਦੇ ਲਤੀਫ਼ਿਆਂ ਵਿੱਚੋਂ ਇਕ ਸੀ 'ਪਹਿਲਾਂ--ਸੋਚ--ਕਮੇਟੀ' ਦਾ। ਉਸ ਵਿਚ ਹਿੰਦੂ ਕੌਮ ਦੀ ਹਰ ਕੰਮ ਤੋਂ ਪਹਿਲਾਂ ਸੋਚਣ ਦੀ, ਮੁਸਲਮਾਨ ਕੌਮ ਵਿਚ ਕੰਮ ਕਰਨ ਵੇਲੇ ਸੋਚਣ ਦੀ ਤੇ ਸਿੱਖ ਕੌਮ ਵਿਚ ਕੰਮ ਕਰ ਚੁੱਕਣ ਦੇ ਪਿੱਛੋਂ ਸੋਚਣ ਦੀ ਆਦਤ ਦਾ ਹਵਾਲਾ ਦੇ ਕੇ ਦੱਸਿਆ ਸੀ ਕਿ ਕਿਵੇਂ ਸਿੱਖ ਸ਼ਰਨਾਰਥੀਆਂ ਦਾ ਇਕ ਪਿੰਡ ਆਪਣੀ ਆਦਤ ਤੋਂ ਮਜਬੂਰ ਹੋਕੇ 'ਪਹਿਲਾਂ-ਸੋਚ-ਕਮੇਟੀ' ਥਾਪਦਾ ਹੈ ਤੇ ਕਿਵੇਂ ਇਸ ਕਮੇਟੀ ਦੇ ਫ਼ੈਸਲੇ ਅੱਗੇ ਨਾਲੋਂ ਵੀ ਵਧੇਰੇ ਹਾਸੋ ਹੀਣੇ ਹੁੰਦੇ ਹਨ! ਗੁਰੂ ਨਾਨਕ ਸਾਹਿਬ ਬਾਰੇ ਜੋ ਕੁਝ ਹੁਣ ਤਕ ਹੋਇਆ ਹੈ ਉਸ ਤੋਂ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਅਸੀਂ ਸਾਰੇ ਉਪਰੋਕਤ ਪਿੰਡ ਦੇ ਪ੍ਰਤਿਨਿਧ ਹੀ ਬਣੇ ਰਹੇ ਹਾਂ। ਕੁੱਝ 'ਪਹਿਲਾਂ--ਸੋਚ' ਕਮੇਟੀਆਂ ਬਣੀਆਂ, ਕਈ ਛੋਟੇ ਵੱਡੇ ਸੁਝਾ ਵਿਚਾਰ-ਅਧੀਨ ਲਿਆਂਦੇ ਗਏ, ਜਿਨ੍ਹਾਂ ਵਿੱਚੋਂ ਕਈ ਛੋਹੇ ਹੀ ਨਹੀਂ ਜਾ ਸਕੇ ਤੇ ਕਈ ਸਿਰੇ ਨਹੀਂ ਚੜ੍ਹ ਸਕੇ। ਇਨ੍ਹਾਂ ਵਿੱਚੋਂ ਕੁੱਝ ਸੁਝਾ ਸੰਪਾਦਕ ਦੇ ਵੀ ਸਨ ਜੋ ਕਈ ਵਰ੍ਹੇ ਲੰਘ ਜਾਣ ਦੇ ਉਪਰੰਤ ਵੀ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਬਣ ਸਕਦੇ ਹਨ।

(ਬਾਕੀ ਫੇਰ)

---

# ਪਾਠਕਾਂ ਦੀ ਦ੍ਰਿਸ਼ਟੀ ਤੋਂ

...ਆਪ ਜੀ ਰਾਹੀਂ ਭੇਜਿਆ ਆਲੋਚਨਾ ਦਾ ਅੰਕ ਪ੍ਰਾਪਤ ਹੋਇਆ, ਧੰਨਵਾਦ ! ਆਪਦਾ ਸੰਪਾਦਕੀ ਲੇਖ, ਸ: ਹਰਕੀਰਤ ਸਿੰਘ ਦਾ ਤੇ ਪ੍ਰੋ: ਸਾਹਿਬ ਸਿੰਘ ਦਾ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਉੱਤੇ ਖੋਜ-ਪੂਰਣ ਲੇਖ ਕਾਫ਼ੀ ਚੰਗੇ ਤੇ ਗਿਆਨ-ਵਰਧਕ ਲਗੇ ਹਨ। ਸੱਚ, ਅੰਕ ਪੜ੍ਹ ਕੇ ਮਹਿਸੂਸ ਹੋਇਆ ਕਿ ਆਪ ਜੀ ਦੇ ਨਿਰੀਖਣ ਹੇਠ ਨਿਕਲੀ ਪੰਜਾਬੀ ਦੀ 'ਆਲੋਚਨਾ' ਡਾ: ਸ਼ਿਵਦਾਨ ਸਿੰਘ ਚੌਹਾਨ ਦੀ ਸੰਪਾਦਿਤ ਹਿੰਦੀ 'ਆਲੋਚਨਾ' ਦਾ ਖਰਾ ਮੁਕਾਬਲਾ ਕਰਦੀ ਹੈ ਤੇ ਡਾ. ਪ੍ਰਭਾਕਰ ਮਾਚਵੇ ਦੇ ਇਸ ਕਥਨ ਦਾ ਮੂੰਹ ਤੋੜ ਜਵਾਬ ਦਿੰਦੀ ਹੈ ਕਿ ਪੰਜਾਬੀ ਵਿਚ ਨਾ ਤਾਂ ਉੱਚ ਸਤਰ ਦੀ ਕੋਈ ਪਤ੍ਰਿਕਾ ਹੈ ਅਤੇ ਨਾ ਉਸ ਦਾ ਆਪਣਾ ਕਹਿਣ ਨੂੰ ਕੋਈ ਸਾਹਿੱਤ। ਉਮੀਦ ਹੈ ਕਿ ਆਲੋਚਨਾ ਦੇ ਅਗਾਮੀ ਅੰਕ ਹਿੰਦੀ ਪ੍ਰੇਮੀਆਂ ਦੇ ਦਿਲ ਵਿਚ ਪੰਜਾਬੀ ਪ੍ਰਤੀ ਜਿਹੜਾ ਉਪੇਖਿਆ-ਭਾਵ ਹੈ; ਉਸ ਨੂੰ ਦੂਰ ਕਰਨ ਵਿਚ ਤੇ ਪੰਜਾਬੀ ਦੇ ਸਤਰ ਨੂੰ ਹੋਰ ਉਚੇਰਾ ਕਰਨ ਵਿਚ ਕਾਫ਼ੀ ਸਮਰਥ ਸਿੱਧ ਹੋਣਗੇ।

ਭਗਤ ਸਿੰਘ ਵੇਦੀ
ਗੌ. ਰਣਬੀਰ ਕਾਲਜ, ਸੰਗਰੂਰ

---

## ਗੁਰੂ ਨਾਨਕ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼-ਉਤਸਵ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਗੁਰੂ ਨਾਨਕ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਵਿਦਵਾਨ ਲੇਖਕਾਂ ਵਲੋਂ ਜਿਹੜੀਆਂ ਪੁਸਤਕਾਂ ਸਾਨੂੰ ਪੁਜੀਆਂ ਸਨ, ਉਹ ਨਿਰਣੇ ਲਈ ਭੇਜੀਆਂ ਜਾ ਚੁਕੀਆਂ ਹਨ। ਨਿਰਣਾਇਕਾਂ ਵਲੋਂ ਅੰਤਿਮ ਨਿਰਣਾ ਪੁਜਣ ਤੇ ਇਸ ਦੀ ਸੂਚਨਾ ਦੇ ਦਿੱਤੀ ਜਾਵੇਗੀ। ਆਸ ਇਹ ਹੈ ਨਿਰਣਾ ੧੦ ਜਨਵਰੀ ੧੯੬੯ ਤਕ ਸਾਡੇ ਕੋਲ ਪੁਜ ਜਾਏਗਾ। ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਪੁਸਤਕਾਂ ਅਕਾਡਮੀ ਛਾਪੇਗੀ ਤੇ ੧੫ ਅਪ੍ਰੈਲ ੧੯੬੯ ਨੂੰ ਇਕ ਵਿਸ਼ੇਸ਼ ਸਮਾਗਮ ਤੇ ਇਹ ਪੁਰਸਕਾਰ ਭੇਟਾ ਕੀਤੇ ਜਾਣਗੇ ਤੇ ਵਿਕਰੀ ਲਈ ਪੁਸਤਕਾਂ ਜਾਰੀ ਕੀਤੀਆਂ ਜਾਣਗੀਆਂ।

ਪੰਜਾਬੀ ਸਾਹਿਤ ਅਕਾਡਮੀ
ਪੰਜਾਬੀ ਭਵਨ, ਲੁਧਿਆਣਾ

ਪਰਮਿੰਦਰ ਸਿੰਘ
ਜਨਰਲ ਸਕੱਤ੍ਰ

---

ਪ੍ਰੋ: ਪਰਮਿੰਦਰ ਸਿੰਘ, ਐਮ. ਏ. ਪ੍ਰਿੰਟਰ ਤੇ ਪਬਲਿਸ਼ਰ ਨੇ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਲਈ, ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ ਵਿਚ ਛਾਪ ਕੇ ਦਫ਼ਤਰ 'ਆਲੋਚਨਾ' ਪੰਜਾਬੀ ਭਵਨ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।

ਡਾ. ਜਸਵੰਤ ਸਿੰਘ ਨੇਕੀ—

# ਗੁਰਬਾਣੀ ਵਿਚ 'ਭਉ' ਦਾ ਸੰਕਲਪ

## ਆਦਿਕਾ

'ਭਉ' ਦਾ ਜਜ਼ਬਾ ਧਰਮਾਂ ਵਿਚਲੀ ਏਕਤਾ ਦਾ, ਸ਼ਾਇਦ, ਇਕ ਵਿਆਪਕ ਅੰਗ ਹੈ—ਤੇ ਇਸ ਨਾਤੇ ਧਾਰਮਿਕ ਮਨੋਵਿਗਿਆਨ ਦਾ ਇਕ ਵਿਸ਼ੇਸ਼ ਅਧਿਐਨ-ਵਿਸ਼ਾ ਹੈ। ਡਰ ਇਕ ਭਾਵੁਕ ਅਨੁਭਵ ਹੈ ਜੋ ਹਰ ਉਸ ਅਵਸਥਾ ਵਿੱਚੋਂ ਜਾਗਦਾ ਹੈ ਜਿਸ ਵਿਚ ਸਾਡੀ ਹੋਂਦ ਨੂੰ ਕੋਈ ਖ਼ਤਰਾ ਭਾਸ ਰਿਹਾ ਹੋਵੇ। ਆਦਿ-ਕਾਲੀ ਮਨੁੱਖ ਦੀ ਜ਼ਿੰਦਗੀ ਵਿਚ ਡਰ ਇਕ ਪ੍ਰਧਾਨ ਤੇ ਅਵਿਰਲ ਅਨੁਭਵ ਸੀ, ਕਿਉਂ ਜੁ ਉਸ ਦੀ ਜ਼ਿੰਦਗੀ ਘੱਟ ਤੋਂ ਘੱਟ ਸੁਰੱਖਿਅਤ ਤੇ ਵੱਧ ਤੋਂ ਵੱਧ ਕੁਦਰਤੀ ਖ਼ਤਰਿਆਂ ਦੀ ਸ਼ਿਕਾਰ ਸੀ। ਇਸੇ ਲਈ ਆਦਿ-ਕਾਲੀ ਧਰਮਾਂ ਵਿਚ ਡਰ ਦਾ ਜਜ਼ਬਾ ਇਕ ਪ੍ਰਮੁੱਖ ਅੰਗ ਸੀ। ਧਰਮ ਦੇ ਆਰੰਭ ਬਾਰੇ ਜੋ ਜੀਵ-ਵਾਦੀ ਮੱਤ ਅਸਥਾਪਨ ਕੀਤਾ ਗਿਆ ਹੈ, ਉਸ ਅਨੁਸਾਰ ਆਦਿ-ਕਾਲੀ ਮਨੁੱਖ ਜੋ ਕੁਦਰਤ ਦੀਆਂ ਵੰਨ-ਸੁਵੰਨੀਆਂ ਸ਼ਕਤੀਆਂ ਤੋਂ ਡਰਦਾ ਸੀ, ਉਨ੍ਹਾਂ ਅੰਦਰ ਕੋਈ ਜੇਵਿਕ ਹੋਂਦ ਵਿਚਰਦੀ ਕਲਪ ਕੇ ਉਸ ਹੋਂਦ ਦੀ ਪੂਜਾ ਕਰਦਾ ਸੀ। ਉਸਨੂੰ ਰੀਝਾਉਣ ਲਈ ਉਹ ਤਰ੍ਹਾਂ ਤਰ੍ਹਾਂ ਦੀਆਂ ਬਲੀਆਂ ਚੜ੍ਹਾਉਂਦਾ, ਉਹਨੂੰ ਪਤਿਆਉਣ ਲਈ ਕਰਮ-ਕਾਂਡ ਪਾਲਦਾ, ਅਤੇ ਉਸ ਨੂੰ ਵੱਸ ਵਿਚ ਕਰਨ ਲਈ ਜਾਦੂ-ਟੂਣੇ ਸੇਵਦਾ ਫਿਰਦਾ ਸੀ। ਇਹੋ ਕੁੱਝ ਹੀ ਉਸ ਦਾ ਧਰਮ ਸੀ। ਜਦੋਂ ਰਸਮਾਂ ਤੇ ਕਰਮ-ਕਾਂਡ ਪ੍ਰਪੱਕ ਹੋ ਗਏ ਤਾਂ ਉਨ੍ਹਾਂ ਦੇ ਪਾਲਨ ਦੁਆਰਾ ਉਸ ਆਦਿ-ਕਾਲੀ ਭੈ ਦੀ ਥਾਂ ਇਕ ਭਰੋਸਾ ਜਾਗਣ ਲਗ ਪਿਆ—ਉਹ ਭਰੋਸਾ ਜੋ ਦੇਵਤਿਆਂ ਦੀ ਪ੍ਰਸੰਨਤਾ ਦੀ ਪ੍ਰਾਪਤੀ ਦੇ ਸੰਕਲਪ ਵਿੱਚੋਂ ਜਾਗਿਆ। ਪਰ, ਇਸ ਭਰੋਸੇ ਦੇ ਨਾਲ ਨਾਲ ਇਕ ਨਵਾਂ ਭੈ ਹੋਰ ਪੈਦਾ ਹੋ ਗਿਆ—ਉਹ ਇਹ ਕਿ ਕਰਮ-ਕਾਂਡ ਦੇ ਪਾਲਨ ਵਿਚ ਕੋਈ ਭੁੱਲ ਜਾਂ ਅਵੱਗਿਆ ਹੋ ਜਾਣ ਨਾਲ ਦੇਵਤਿਆਂ ਦੀ ਪ੍ਰਸੰਨਤਾ ਦੀ ਥਾਂ ਉਨ੍ਹਾਂ ਦੀ ਕ੍ਰੋਪੀ ਦੇ ਸ਼ਿਕਾਰ ਬਣਿਆ ਜਾ ਸਕਦਾ ਸੀ।

ਇਉਂ ਜਾਪਦਾ ਹੈ ਜਿਵੇਂ ਧਰਮ ਦੇ ਮੁੱਢਲੇ ਰੂਪ ਉੱਤੇ ਕੁਦਰਤ ਦੀਆਂ ਸ਼ਕਤੀਆਂ ਦੇ ਭੈ ਜਾਂ ਦੇਵਤਿਆਂ ਦੀ ਕ੍ਰੋਪੀ ਦੇ ਭੈ ਦੀ ਇਕ ਸਪਸ਼ਟ ਛਾਪ ਸੀ।

ਉਚੇਰੇ ਤੇ ਸਦਾਚਾਰਕ ਤੌਰ ਉੱਤੇ ਵਿਗਸਿਤ ਧਰਮਾਂ ਵਿਚ ਵੀ ਭੈ ਦਾ ਬੜਾ ਦਖ਼ਲ

ਹੈ। ਬੁੱਧ ਧਰਮ ਦੀ ਮੂਲ ਪ੍ਰੇਰਣਾ ਹੀ ਮੌਤ ਅਤੇ ਦੁੱਖ ਦਾ ਭੈ ਅਤੇ ਇਸ ਭੈ ਤੋਂ ਮੁਕਤੀ ਅਥਵਾ ਨਿਰਵਾਣ ਦੀ ਪ੍ਰਾਪਤੀ ਦੇ ਸਾਧਨਾਂ ਦੀ ਭਾਲ ਸੀ। ਹਿੰਦੂ (ਪੌਰਾਣਿਕ) ਮੱਤ ਵਿਚ ਨਰਕ ਦਾ ਭੈ ਤੇ ਇਸਲਾਮ ਵਿਚ ਦੋਜ਼ਖ਼ ਦੀ ਅੱਗ ਦਾ ਭੈ ਮੌਜੂਦ ਹੈ। ਇਸਲਾਮ ਵਿਚ ਤਾਂ ਰੱਬ ਦਾ ਸੰਕਲਪ 'ਜੱਬਾਰ' (ਜਬਰ ਵਾਲਾ) ਤੇ 'ਕੱਹਾਰ' (ਕਹਿਰ ਵਾਲਾ) ਵਾਲਾ ਵੀ ਮਿਲਦਾ ਹੈ, ਜੋ ਇਕ ਭੈ ਜਗਾਉਣ ਵਾਲਾ ਸੰਕਲਪ ਹੈ। ਉਚੇਰੀ ਪੱਧਰ ਉੱਤੇ ਧਾਰਮਿਕ ਭੈ ਦਾ ਸੰਬੰਧ ਮਨੁੱਖੀ 'ਜ਼ਮੀਰ' ਨਾਲ ਜੁੜਦਾ ਹੈ—ਤੇ ਉਹ ਕਰਮ-ਕੁਕਰਮ, ਪਾਪ-ਪੁੰਨ ਤੋਂ ਡਰਦਾ ਹੈ। ਫੇਰ ਜਦੋਂ ਮਨੁੱਖੀ ਜ਼ਮੀਰ ਕਰਮ-ਧਰਮ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣਾ ਸੰਬੰਧ ਸਿੱਧਾ ਆਪਣੇ ਇਸ਼ਟ ਨਾਲ ਜੋੜ ਲੈਂਦੀ ਹੈ ਤਾਂ, ਜਿਵੇਂ ਇੰਜੀਲ ਵਿਚ ਆਉਂਦਾ ਹੈ, "ਉੱਚਤਮ ਪਿਆਰ ਸਭ ਤਰ੍ਹਾਂ ਦੇ ਡਰਾਂ ਤੋਂ ਮੁਕਤ ਕਰ ਦੇਂਦਾ ਹੈ,"[1] (*i* ਜਾਨ ੪.੧੮)) ਤੇ ਓਦੋਂ 'ਮਾਲਕ ਦਾ ਭੈ 'ਸਗਲ ਸਿਆਣਪਾਂ ਦਾ ਸੋਮਾ' ਬਣ ਜਾਂਦਾ ਹੈ[2] (ਸਾਮਜ਼-੧੧੧-੧੦) ਤੇ ਮਨੁਖ, ਜਿਵੇਂ ਗੁਰੂ ਨਾਨਕ ਨੇ ਕਿਹਾ ਹੈ,

"ਕਿਆ ਡਰੀਐ ਡਰ ਡਰਹਿ ਸਮਾਨਾ ?" ਦੀ ਅਵਸਥਾ ਮਾਣਦਾ ਹੈ!

## ਗੁਰਬਾਣੀ ਵਿਚ 'ਭਉ'

ਇਸ ਪਿਛੋਕੜ ਨਾਲ ਹੁਣ ਅਸੀਂ ਗੁਰਬਾਣੀ ਵਿਚ 'ਭਉ' ਦੇ ਸਰੂਪ ਨੂੰ ਵਿਚਾਰਦੇ ਹਾਂ।

ਗੁਰਬਾਣੀ ਵਿਚ ਇਸ ਭਾਵੁਕ ਅਨੁਭਵ ਦੀਆਂ ਕਈ ਵੰਨਗੀਆਂ ਆਈਆਂ ਹਨ, ਜਿਨ੍ਹਾਂ ਲਈ ਡਰ, ਅੰਦੇਸਾ, ਤ੍ਰਾਸ, ਭੈ, ਭਉ ਆਦਿ ਸ਼ਬਦ ਵਰਤੇ ਗਏ ਹਨ। ਇਨ੍ਹਾਂ ਨੂੰ ਸਮਝਣ ਲਈ (ਤੇ ਇਸ ਨਾਤੇ ਗੁਰਬਾਣੀ ਵਿਚਲੇ ਕਿਸੇ ਵੀ ਸਿੱਧਾਂਤਿਕ ਵਿਸ਼ੇ ਨੂੰ ਸਮਝਣ ਲਈ), ਇਕ ਬੁਨਿਆਦੀ ਗੱਲ ਨੂੰ ਸਮਝਣਾ ਤੇ ਚੇਤੇ ਰੱਖਣਾ ਬੜਾ ਜ਼ਰੂਰੀ ਹੈ। ਗੁਰਬਾਣੀ ਕਿਤੇ ਵੀ ਕੋਈ ਠੁੱਕਿਆ-ਘੜਿਆ ਸਿਧਾਂਤ ਜਾਂ ਦਰਸ਼ਨ ਪੇਸ਼ ਕਰਨ ਦਾ ਯਤਨ ਨਹੀਂ ਕਰਦੀ, ਸਗੋਂ ਇਸ ਦੀ ਮੂਲ ਵਿਧੀ ਭਗਤੀ ਦੇ ਅਨੂਠੇ ਭਾਵਾਂ ਨੂੰ ਕਵਿਤਾ ਦੇ ਅਨੁਭਵੀ ਭਾਂਡੇ ਵਿਚ ਪਾ ਕੇ ਉਸ ਦੀ ਪੇਸ਼ਕਾਰੀ ਇਕ ਰਸਿਕ ਪੱਧਰ ਉੱਤੇ ਕਰਨ ਦੀ ਵਿਧੀ ਹੈ। ਇਸ ਲਈ ਗੁਰਬਾਣੀ ਵਿਚ ਵਰਤੇ ਗਏ ਸ਼ਬਦ ਦਾਰਸ਼ਨਿਕ ਗ੍ਰੰਥਾਂ ਦੀ ਪਰਿਭਾਸ਼ਾਵਲੀ ਦੇ ਗੁਣਾਂ ਦੇ ਧਾਰਨੀ ਨਹੀਂ। ਦਾਰਸ਼ਨਿਕ ਪਰਿਭਾਸ਼ਾਵਲੀ ਵਿਚ ਤਾਂ ਇਕ ਸ਼ਬਦ ਦਾ ਇੱਕੋ ਹੀ ਗਿਣਿਆ ਮਿੱਥਿਆ ਅਰਥ ਨਿਕਲਨਾ ਚਾਹੀਦਾ ਹੈ। ਪਰ ਗੁਰਬਾਣੀ ਬੁਨਿਆਦੀ ਤੌਰ ਉੱਤੇ ਦਰਸ਼ਨ ਨਹੀਂ, ਕਵਿਤਾ ਹੈ। ਤੇ ਕਵਿਤਾ ਵਿਚ ਇੱਕੋ ਸ਼ਬਦ ਨੂੰ ਕਈ ਕਈ

---

[1]Perfect love casteth out fear—i. JOHN IV. 18.

[2]Fear of the lord is the beginning of wisdom—Psalms CXI–10.

ਅਰਥਾਂ ਵਿਚ ਵਰਤ ਕੇ ਇਕ ਕਾਵਿਕ ਪ੍ਰਭਾਵ ਪੈਦਾ ਕਰਨਾ ਕਵੀ ਦੀ ਪ੍ਰਤਿਭਾ ਦਾ ਇਕ ਖ਼ਾਸਾ ਹੁੰਦਾ ਹੈ। ਕਿਸੇ ਵੀ ਕਾਵਿ-ਕਿਰਤ ਵਿੱਚੋਂ (ਤੇ ਇਸ ਨਾਤੇ ਗੁਰਬਾਣੀ ਵਿੱਚੋਂ) ਕੋਈ ਦਾਰਸ਼ਨਿਕ ਸਿੱਧਾਂਤ ਖੋਜਣ ਲਗਿਆਂ ਸਾਨੂੰ ਸ਼ਬਦਾਂ ਦੇ ਅੱਖਰੀ ਅਰਥਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ, ਕਿਉਂਕਿ ਕਵਿਤਾ ਦੇ ਸੱਚੇ ਵਿਚ ਢਲ ਕੇ ਉਨ੍ਹਾਂ ਦੇ ਅੱਖਰੀ ਅਰਥ ਖ਼ਲਤ-ਮਲਤ ਹੋ ਗਏ ਹੁੰਦੇ ਹਨ; ਸਗੋਂ ਉਨ੍ਹਾਂ ਦੇ ਪ੍ਰਕਰਣਕ ਜਾਂ ਭਾਵ-ਵਾਚਕ (*implied*) ਅਰਥਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਗੁਰਬਾਣੀ ਵਿਚ ਭੈ ਦੇ ਅਨੁਭਵ ਦੀਆਂ ਵੱਖ ਵੱਖ ਵੰਨਗੀਆਂ ਲਈ ਵਰਤੇ ਗਏ ਸ਼ਬਦ ਅੱਖਰੀ ਅਰਥਾਂ ਵਿਚ ਤਾਂ ਖ਼ਲਤ ਮਲਤ ਹੋ ਗਏ ਜਾਪਦੇ ਹਨ, ਪਰ ਗਹੁ ਨਾਲ ਵਿਚਾਰਿਆਂ ਇਨ੍ਹਾਂ ਸ਼ਬਦਾਂ ਵਿਚਲੇ ਭਾਵਾਂ ਦੀ ਵੰਨਗੀ ਪਛਾਣੀ ਜਾ ਸਕਦੀ ਹੈ। ਮਿਸਾਲ ਦੇ ਤੌਰ ਉੱਤੇ ਇਨ੍ਹਾਂ ਤੁਕਾਂ ਨੂੰ ਵੀਚਾਰੋ :

[1]ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ।
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ।......
ਡਰੀਐ ਜੇ ਡਰੁ ਹੋਵੈ ਹੋਰੁ।
ਡਰਿ ਡਰਿ ਡਰਣਾ ਮਨ ਕਾ ਸੋਰੁ। (ਗਉੜੀ ਗੁਆਰੇਰੀ ਮ: ੧)

ਇਨ੍ਹਾਂ ਤੁਕਾਂ ਵਿਚ ਕੇਵਲ 'ਡਰ' ਸ਼ਬਦ ਹੀ ਬਾਰ ਬਾਰ ਆਇਆ ਹੈ। ਪਰ ਇਹ ਸਪਸ਼ਟ ਹੈ ਕਿ ਇਸ ਦਾ ਭਾਵ ਕਿਤੇ ਦੁਨਿਆਵੀ 'ਡਰ' ਹੈ ਤੇ ਕਿਤੇ ਈਸ਼੍ਵਰ ਦਾ 'ਭਉ'। ਅਸਾਂ ਦੁਨਿਆਵੀ ਡਰਾਂ ਲਈ ਸ਼ਬਦ 'ਡਰ' ਵਰਤਿਆ ਹੈ ਤੇ ਈਸ਼੍ਵਰ ਦੇ ਡਰ ਲਈ ਸ਼ਬਦ 'ਭਉ'।

ਇਨ੍ਹਾਂ ਦੋ ਤਰ੍ਹਾਂ ਦੇ ਭਾਵਾਂ ਦਾ ਨਿਖੇੜਾ ਕੇਵਲ ਪ੍ਰਕਰਣਕ ਅਰਥ ਵਾਚਿਆਂ ਹੀ ਹੋ ਸਕਦਾ ਹੈ, ਅੱਖਰੀਂ ਅਰਥ ਵਾਚਿਆਂ ਨਹੀਂ। ਪਰ ਇਸ ਨਿਖੇੜੇ ਨੂੰ ਆਪਣੇ ਇਸ ਵਿਚਾਰ ਵਿਚ, ਨਿਖਰਿਆ ਰੱਖਣ ਲਈ, ਅਸੀਂ 'ਡਰ' ਤੇ 'ਭਉ' ਸ਼ਬਦਾਂ ਨੂੰ ਉਪਰੋਕਤ ਖੁੱਲੇ ਨਿਖੇੜੇ ਅਨੁਸਾਰ ਹੀ ਵਰਤਣਾ ਜ਼ਰੂਰੀ ਸਮਝਦੇ ਹਾਂ ਤਾਂ ਜੋ ਸਪੱਸ਼ਟਤਾ ਕਾਇਮ ਰੱਖੀ ਜਾ ਸਕੇ। ਕਵਿਤਾ ਲਈ ਸਪੱਸ਼ਟਤਾ ਕੋਈ ਜ਼ਰੂਰੀ ਗੁਣ ਨਹੀਂ, ਪਰ ਸਿੱਧਾਂਤਕ ਵਿਚਾਰ

---

[1](ਉਸ ਈਸ਼ਵਰ ਦੇ) ਡਰ ਨੂੰ (ਇਸ ਸਰੀਰ ਰੂਪੀ) ਘਰ ਵਿਚ (ਵਸਾ ਲਉ) ਨਹੀਂ ਸਗੋਂ ਇਸੀ ਡਰ ਵਿਚ ਹੀ (ਆਪਣਾ) ਘਰ (ਜਾਂ ਟਿਕਾਣਾ ਕਾਇਮ ਕਰ ਲਉ। ਤਾਂ ਜੋ ਨਿੱਤ ਦੇ) ਡਰਾਂ ਦਾ ਡਰ ਮੁਕ ਜਾਏ। ਉਹ ਕਿਹਾ ਭਉ ਹੈ ਜਿਸ ਦੇ ਹੁੰਦਿਆਂ (ਹੋਰ ਡਰ ਬਣੇ ਰਹਿਣ ਤੇ ਬੰਦਾ) ਡਰ ਡਰਕੇ (ਮਰਦਾ) ਰਹੇ ? ਹੋਰ ਡਰ ਤਾਂ ਤਦ ਮੰਨੀਏ ਜੇਕਰ ਕੋਈ ਹੋਰ ਹੋਵੇ ਜਿਸ ਤੋਂ ਡਰਨਾ (ਬਣਦਾ ਹੋਵੇ), (ਫਿਰ ਤਾਂ ਇਹ ਮੇਰਾ) ਤਰ੍ਹਾਂ ਤਰ੍ਹਾਂ ਦੇ ਡਰਾਂ ਤੋਂ ਡਰਦੇ ਫਿਰਨਾ (ਕੇਵਲ ਮੇਰੇ ਆਪਣੇ) ਮਨ ਦਾ ਹੀ ਸ਼ੋਰ ਹੈ।

ਲਈ ਸਪੱਸ਼ਟਤਾ ਇਕ ਅਤਿ ਲੋੜੀਂਦਾ ਲੱਛਣ ਹੈ । ਉਂਞ ਗੁਰਬਾਣੀ ਵਿਚ ਵੀ, ਖ਼ਲਤ-ਮਲਤ ਹੋਣ ਦੇ ਬਾਵਜੂਦ, ਇਹ ਸ਼ਬਦ ਬਹੁਤੀ ਥਾਈਂ ਇਨ੍ਹਾਂ ਹੀ ਨਿਖੜਵੇਂ ਅਰਥਾਂ ਵਿਚ ਵਰਤੇ ਗਏ ਹਨ । ਇਸ ਲੇਖੇ ਅਸਾਂ ਕੇਵਲ ਇਨ੍ਹਾਂ ਸ਼ਬਦਾਂ ਨੂੰ ਉਨ੍ਹਾਂ ਵੱਖੋ ਵੱਖ ਨਿਸਚਿਤ ਭਾਵਾਂ ਦਾ ਪੱਕਾ ਸੂਚਕ ਮਿੱਥ ਲਿਆ ਹੈ, ਜਿਨ੍ਹਾਂ ਦੀ ਉਹ ਆਮ ਤੌਰ ਉੱਤੇ ਪ੍ਰਤਿਨਿਧਤਾ ਕਰਦੇ ਹਨ ।

## ਸੰਸਾਰਕ 'ਡਰ'

ਗੁਰਬਾਣੀ ਵਿਚ ਕੇਵਲ 'ਭਉ' ਤੇ 'ਡਰ' ਦੇ ਭਾਵਾਂ ਦਾ ਬੁਨਿਆਦੀ ਨਿਖੇੜਾ ਹੀ ਨਹੀਂ ਕੀਤਾ ਗਿਆ ਜਾਪਦਾ ਸਗੋਂ 'ਡਰ' ਦੀਆਂ ਅੱਗੇ ਕਈ ਵੰਨਗੀਆਂ (*types*) ਤੇ ਮਾਤ੍ਰਾਵਾਂ (*degrees*) ਦਾ ਨਿਖੇੜਾ ਵੀ ਕੀਤਾ ਜਾਪਦਾ ਹੈ । ਅੰਦੇਸਾ, ਚਿੰਤਾ, ਭੈ, ਤ੍ਰਾਸ ਆਦਿ ਇਸੇ ਸੰਸਾਰਕ 'ਡਰ' ਦੀਆਂ ਵੰਨਗੀਆਂ ਹਨ ।

### ੧. ਅੰਦੇਸਾ

'ਅੰਦੇਸਾ' ਫ਼ਾਰਸੀ ਦੇ ਸ਼ਬਦ ਅੰਦੇਸ਼ਹ (*apprehension*) ਤੋਂ ਪੰਜਾਬੀ ਵਿਚ ਢਲਿਆ ਹੈ । ਕਈ ਥਾਈਂ (ਨਮੂਨਾਵਾਚੀ ਉਪਸਰਗ 'ਰਾ' ਜਾਂ 'ਰੋ' ਨਾਲ) ਇਸ ਦੇ ਹੋਰ ਰੂਪ 'ਅੰਦੇਸਰਾ' ਜਾਂ 'ਅੰਦੇਸਰੋ' ਵੀ ਵਰਤੇ ਗਏ ਹਨ । ਇਨ੍ਹਾਂ ਸਭਨਾਂ ਦਾ ਅਰਥ ਤੌਖਲਾ ਜਾਂ ਖਟਕਾ ਹੈ—ਇਹ ਖਟਕਾ ਕਿ ਖ਼ਬਰੇ ਕੀ ਉਪੱਦਰ ਹੋਣ ਵਾਲਾ ਹੈ ? ਦੂਜੇ ਸ਼ਬਦਾਂ ਵਿਚ ਇਹ ਕਿਸੇ ਆਉਂਦੇ ਜਾਪਦੇ ਹਰਜ ਜਾਂ ਹਾਨੀ ਦਾ ਤੌਖਲਾ ਹੈ ।

ਭੈ ਤੇ ਅੰਦੇਸ਼ੇ ਵਿਚ ਦੋ ਤਰ੍ਹਾਂ ਦਾ ਅੰਤਰ ਹੈ । ਇਕ ਤਾਂ ਇਨ੍ਹਾਂ ਦੀ ਤੀਬਰਤਾ ਦੀ ਮਾਤਰਾ ਵੱਖੋ ਵੱਖਰੀ ਹੈ । ਭੈ ਵਧੇਰੇ ਤੀਬਰ ਤੇ ਸਥਾਈ ਭਾਵ ਹੈ; ਅੰਦੇਸ਼ਾ, ਥੁੜ-ਜੀਵਾ ਤੇ ਹਲਕਾ । ਦੂਜਾ ਫ਼ਰਕ ਇਨ੍ਹਾਂ ਵਿਚ ਕਾਰਣ-ਕਾਰਜ ਦੇ ਸੰਬੰਧ ਦਾ ਹੈ । ਅੰਦੇਸ਼ੇ ਤੋਂ ਤਾਂ ਭੈ ਜਾਂ ਡਰ ਪੈਦਾ ਹੁੰਦਾ ਹੈ, ਪਰ ਡਰ ਤੋਂ ਅੰਦੇਸ਼ਾ ਨਹੀਂ ਉਪਜਦਾ ।

ਗੁਰਬਾਣੀ ਵਿਚ 'ਅੰਦੇਸਾ' ਸ਼ਬਦ ਬੜੀ ਥਾਈਂ 'ਆਸਾ' ਸ਼ਬਦ ਨਾਲ ਜੁੜਵਾਂ ਆਇਆ ਹੈ, ਜਿਵੇਂ :—

> [1]ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ, ਫਿਰਤ ਬਿਗਾਨਾ ॥
>
> (ਸੂਹੀ ਅਸਟ. ਮ: ੫, ਘਰ ੧)

ਇਹ ਅੰਦੇਸਾ ਜਾਂ ਤੌਖਲਾ ਸਾਡੀ ਆਸ ਦਾ ਧੁਰ ਤੋਂ ਹੀ ਜੁੜਵਾਂ ਭਰਾ ਹੈ । ਇਹ ਦੋਵੇਂ ਆਉਂਦੇ ਨੂੰ ਵੇਖਣ ਦੇ ਢੰਗ ਹਨ ਜੋ ਆਪੋ ਆਪਣੇ ਗੁਣਾਂ ਅਨੁਸਾਰ ਸੁੱਖ ਜਾਂ ਦੁੱਖ ਦੇ ਭਾਵ ਜਗਾਉਂਦੇ ਹਨ । ਆਸ ਸਾਨੂੰ ਸੁਖਾਂਵੀਂ ਲਗਦੀ ਹੈ ਤੇ ਅੰਦੇਸਾ ਦੁਖਾਵਾਂ; ਐਪਰ

---

[1](ਇਹ ਮਨੁੱਖ) ਆਸਾਂ ਤੇ ਅੰਦੇਸਿਆਂ (ਦੇ ਬੰਧਨ) ਵਿਚ ਬੱਝਾ ਪਿਆ ਹੈ, (ਇਸ ਨੂੰ) ਟਿਕਾਣਾ ਕੋਈ ਨਹੀਂ ਮਿਲਦਾ, ਤੇ ਇਹ ਬਿਗਾਨਿਆਂ ਦੀ ਤਰ੍ਹਾਂ ਭਉਂਦਾ ਫਿਰਦਾ ਹੈ ।

ਇਹ ਸਪਸ਼ਟ ਹੈ ਕਿ ਅੰਦੇਸਾ ਸਾਡੀ ਆਸ ਦਾ ਹੀ ਪਰਤਵਾਂ ਰੂਪ ਹੈ। ਸਾਡੀ ਹਉਂ ਜਿਸ ਨੂੰ ਸਦਾ ਹੀ ਪ੍ਰਾਪਤੀਆਂ ਦੀ ਤ੍ਰਿਸ਼ਨਾ ਹੈ, ਉਸ ਨੂੰ ਹੀ ਪ੍ਰਾਪਤੀਆਂ ਦਾ ਤੌਖਲਾ ਬਣਿਆ ਰਹਿੰਦਾ ਹੈ। ਇਸ ਲਈ ਜੇਕਰ ਇਹ 'ਹਉਂ' ਨਿਵਿਰਤ ਹੋ ਜਾਵੇ ਤਾਂ ਆਸ-ਅੰਦੇਸੇ ਆਪੇ ਹੀ ਮੁੱਕ ਜਾਂਦੇ ਹਨ :—

[1]ਆਸ ਅੰਦੇਸੇ ਤੇ ਨਿਹਕੇਵਲ ਹਉਮੈ ਸਬਦਿ ਜਲਾਏ ॥

(ਵਾਰ ਆਸਾ ਮ: ੧, ੯)

## ੨. ਚਿੰਤਾ

ਚਿੰਤਾ (*anxiety*) ਵਧੇਰੇ ਅਨਿਸਚਿਤ ਤੇ ਅਕੇਂਦ੍ਰਿਤ ਜਿਹਾ ਤੌਖਲਾ ਹੈ। ਜ਼ਿੰਦਗੀ ਦੀ ਬੇਯਕੀਨੀ ਤੇ ਇਸ ਵਿਚ ਸੁਰੱਖਿਆ ਦੀ ਅਣਹੋਂਦ ਮਨੁਖ ਦੀ ਮੂਲ ਚਿੰਤਾ ਹੈ। ਇਹ ਜੀਵਨ ਦੀ ਅਨਿਸਚਿਤਤਾ ਤੋਂ ਪੈਦਾ ਹੋਇਆ ਮਨੋ-ਕਾਂਬਾ ਹੈ। ਹਰ ਉਹ ਅਵਸਥਾ ਜਿਸ ਵਿੱਚੋਂ ਸੰਸਾ ਜਾਂ 'ਦੁਤੀਆ ਸੋਚ' ਜਾਗਦੀ ਹੈ, ਮਨੁਖ ਨੂੰ ਚਿੰਤਾਵਾਨ ਬਣਾਉਂਦੀ ਹੈ। ਦੋਚਿੱਤੀ ਵਿੱਚੋਂ ਸੰਸਾ ਜਾਗਦਾ ਹੈ ਤੇ ਸੰਸੇ ਵਿੱਚੋਂ ਚਿੰਤਾ ਪੈਦਾ ਹੁੰਦੀ ਹੈ। ਸਾਡੇ ਹਰ ਕਦਮ ਉੱਤੇ "ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ"[2] ਜਾਪਦਾ ਹੈ।

ਇਹ ਦੁਚਿੱਤੀ, ਜ਼ਿੰਦਗੀ ਦੀ ਹਰ ਅਵਸਥਾ ਵਿਚ ਮੌਜੂਦ ਹੈ, ਇਸੇ ਲਈ ਮਨੁਖ ਨੂੰ ਸਦਾ ਇਹੋ ਮਹਿਸੂਸ ਹੁੰਦਾ ਹੈ ਕਿ

ਚਿੰਤ ਭਵਨ ਮਨ ਪਰਿਓ ਹਮਾਰਾ। (ਆਸਾ ਕਬੀਰ)

ਧਨ ਦੀ ਹਾਨੀ ਹੋ ਜਾਏ, ਮਾਲਕੀ ਵਿਚ ਫ਼ਰਕ ਪੈ ਜਾਏ, ਮਨਿੱਛਤ ਪਦਾਰਥ ਦੀ ਪ੍ਰਾਪਤੀ ਨਾ ਹੋ ਸਕੇ, ਕੋਈ ਅਪਦਾ ਵਾਪਰ ਜਾਏ, ਜਾਂ ਉਸ ਦੇ ਵਾਪਰਨ ਦੀ ਸੰਭਾਵਨਾ ਬਣ ਰਹੀ ਹੋਵੇ, ਵਰਤਮਾਨ ਜਾਂ ਭਵਿੱਖ ਦੀ ਸਥਿਤੀ ਬਾਰੇ ਅਨਿਸਚਿਤਤਾ ਪੈਦਾ ਹੋ ਜਾਵੇ ਤਾਂ ਚਿੰਤਾ ਦੀ ਵੇਦਨਾ ਜਾਗਦੀ ਹੈ। ਜਦੋਂ ਗੁਰੂ ਨਾਨਕ ਨੇ ਚਾਰੇ ਪਾਸੇ ਨਜ਼ਰ ਮਾਰੀ ਤਾਂ ਫ਼ਰੀਦ ਦੇ 'ਊਚੈ ਚੜ੍ਹ ਕੇ' ਦੇਖੇ ਵਾਂਗ ਉਸ ਨੂੰ ਵੀ ਇਹੋ ਜਾਪਿਆ ਕਿ

ਚਿੰਤਤ ਹੀ ਦੀਸੈ ਸਭ ਕੋਇ ॥ (ਰਾਮਕਲੀ ਮ: ੧, ਦਖ. ਓਅੰ)

ਇਹ ਚਿੰਤਾ ਸਾਡੀ ਮਾਨਸਿਕ ਪੀੜਾ ਹੈ ਜੋ ਸਾਨੂੰ ਭਟਕਾਈ ਫਿਰਦੀ ਹੈ। ਇਸ ਨੇ ਸਾਡੀ ਨੀਂਦ ਹਰਾਮ ਕੀਤੀ ਹੋਈ ਹੈ :

ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰ ਚਿੰਤਾ ਨੀਂਦ ਨਾ ਸੋਵੈ ॥

(ਸੋਰਠਿ ਵਾਰ ਮ: ੪)

---

[1](ਜਿਸ ਨੇ) ਸ਼ਬਦ ਦੁਆਰਾ (ਅਪਣੀ) ਹਉਮੈ ਨੂੰ ਸਾੜ ਲਿਆ ਹੈ (ਉਹ ਪ੍ਰਾਣੀ) ਆਸਾਂ ਤੇ ਤੌਖਲਿਆਂ ਤੋਂ ਮੁਕਤ ਹੋ ਗਿਆ ਹੈ।

[2] ਸਲੋਕ ਵਾਰਾਂ ਤੇ ਵਧੀਕ ਮ: ੧।

ਜਦ ਕਿ : ਗਿਆਨੀ ਜਾਗਹਿ ਸਵਹਿ ਸੁਭਾਇ ॥ (ਸੋਰਠਿ ਵਾਰ ਮ: ੪)

### ੩. ਭੈ

ਭੈ ਚਿੰਤਾ ਵਾਂਗ ਅਨਿਸਚਿਤ ਤੇ ਅਕੇਂਦ੍ਰਿਤ ਡਰ ਨਹੀਂ ਸਗੋਂ ਇਹ ਨਿਸਚਿਤ ਅਵਸਥਾਵਾਂ ਨਾਲ ਸੰਬੰਧ ਰੱਖਦਾ ਹੈ ਤੇ ਉਨ੍ਹਾਂ ਉੱਪਰ ਕੇਂਦ੍ਰਿਤ ਹੁੰਦਾ ਹੈ। ਜਦੋਂ ਕੋਈ ਅਪਦਾ ਵਾਪਰਦੀ ਜਾਪੇ ਅਤੇ ਮਨੁੱਖ ਉਸ ਤੋਂ ਬਚ ਸਕਣ ਦਾ ਕੋਈ ਉਪਰਾਲਾ ਨ ਸੋਚ ਸਕਦਾ ਹੋਵੇ ਤਾਂ ਆਪਣੀ ਬੇਵੱਸੀ ਦੇ ਗਿਆਨ ਵਜੋਂ ਉਸ ਦੇ ਮਨ ਅੰਦਰ ਭੈ ਪੈਦਾ ਹੁੰਦਾ ਹੈ।

ਇਹ ਭੈ ਦੋ ਤਰ੍ਹਾਂ ਪੈਦਾ ਹੁੰਦਾ ਹੈ। ਇਕ ਆਪਣੇ ਮਾੜੇ ਕੰਮਾਂ ਤੋਂ, ਦੂਜਾ ਹੋਰਨਾਂ ਦੇ ਮਾੜੇ ਕੰਮਾਂ ਤੋਂ ! ਆਪਣੇ ਕੁਕਰਮਾਂ ਤੋਂ ਸਾਡੀ ਆਪਣੀ ਜ਼ਮੀਰ ਸਾਨੂੰ ਡਰਾਉਂਦੀ ਹੈ। ਨਰਕ ਦਾ ਡਰ, ਸਜ਼ਾ ਦਾ ਡਰ, ਕਰਮ-ਫਲ ਵਜੋਂ ਕਿਸੇ ਅਪਦਾ ਦਾ ਡਰ - ਇਹ ਸਾਡੇ ਅੰਦਰਲੇ ਤੌਖਲੇ ਹੁੰਦੇ ਹਨ ਜਿਨ੍ਹਾਂ ਕਾਰਣ ਅਸੀਂ ਆਪਣੇ ਕੁਕਰਮਾਂ ਤੋਂ ਡਰਦੇ ਹਾਂ। ਇਸੇ ਲਈ,

ਸੋ ਡਰੈ ਜਿ ਪਾਪ ਕਮਾਂਵਦਾ, ਧਰਮੀ ਵਿਗਸੇਤ।

(ਮ: ੪, ਵਾਰ ਸਿਰੀ ਰਾਗ)

ਹੋਰਨਾਂ ਦੇ ਕੁਕਰਮਾਂ ਤੋਂ ਡਰ ਦੀ ਮਿਸਾਲ, ਚੋਰ ਦਾ ਡਰ, ਰਾਹਮਾਰ ਦਾ ਡਰ, ਜਰਵਾਣੇ ਦਾ ਡਰ, ਆਦਿ ਹਨ। ਗੁਰੂ ਨਾਨਕ ਦੇ ਵੇਲੇ ਹਮਲਾ-ਆਵਰਾਂ ਦਾ ਡਰ ਇਕ ਬੜਾ ਵੱਡਾ ਡਰ ਸੀ ਜੋ "ਪਾਪ ਦੀ ਜੰਞ" ਲੈ ਕੇ ਆਉਂਦੇ ਸਨ, ਤੇ ਜ਼ਬਰਦਸਤੀ 'ਜ਼ੋਰੀਂ' (=ਔਰਤਾਂ) ਦਾਨ ਮੰਗਦੇ ਸਨ। ਉਨ੍ਹਾਂ ਦੀ 'ਜੰਞ' ਕੇਸਰ ਦੀ ਥਾਂ ਰੱਤ ਦੇ ਛਿੱਟੇ ਸੁੱਟਦੀ ਸੀ, ਤੇ ਖ਼ੂਨ ਦੇ ਸੋਹਿਲੇ ਗਾਉਂਦੀ ਸੀ। ਉਹ 'ਜੰਮ' ਬਣ ਕੇ ਆਉਂਦੇ ਸਨ ਤੇ ਸਾਰਾ ਹਿੰਦੋਸਤਾਨ ਉਨ੍ਹਾਂ ਦੇ ਡਰ ਨਾਲ ਤ੍ਰਹਿਆ ਜਾਂਦਾ ਸੀ। ਲੋਕਾਂ ਤੇ ਇਤਨਾ ਜ਼ੁਲਮ ਹੁੰਦਾ ਸੀ ਕਿ ਸਾਰੀ ਲੋਕਾਈ ਕੁਰਲਾ ਉੱਠਦੀ ਸੀ। ਗੁਰੂ ਨਾਨਕ ਨੇ ਇਹ ਡਰ ਅੱਖੀਂ ਡਿਠਾ ਸੀ। ਜਰਵਾਣੇ ਹਾਕਮਾਂ ਦੇ ਇਸ ਡਰ ਦੇ ਮਾਰੇ ਤ੍ਰਹੇ ਹੋਏ ਲੋਕ ਉਨ੍ਹਾਂ ਦੀ ਹਰ ਤਰ੍ਹਾਂ ਚਾਪਲੋਸੀ ਕਰਦੇ ਫਿਰਦੇ ਸਨ। ਆਪਣੀ ਬੋਲੀ ਛੱਡ ਕੇ ਹਮਲਾ ਆਵਰਾਂ ਦੀ 'ਮਲੇਛ-ਭਾਖਾ' ਗ੍ਰਹਣ ਕਰੀ ਬੈਠੇ ਸਨ।[1] ਇਕ ਦੂਜੇ ਨੂੰ ਮੁਸਲਮਾਨਾਂ ਦੇ ਰਿਵਾਜ ਅਨੁਸਾਰ 'ਮੀਆਂ ਮੀਆਂ' ਕਹਿ ਕੇ ਬੁਲਾਉਂਦੇ ਸਨ।[2] ਉਹ ਅਪਣਾ ਪਹਿਰਾਵਾਂ ਤਿਆਗ ਕੇ ਜਰਵਾਣਿਆਂ ਦੇ ਮਨ-ਪਸੰਦ 'ਨੀਲ-ਬਸਤ੍ਰ' ਪਹਿਨਦੇ ਤੇ ਉਨ੍ਹਾਂ ਵਾਂਗ ਕੁੱਠਾ ਮਾਸ ਖਾਂਦੇ ਸਨ।[3] ਇਹ ਉਸ ਵੇਲੇ

---

[1] ਖਤਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ। (ਧਨਾਸਰੀ ਮ: ੧ ਘਰ ੩)
[2] ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ। (ਬਸੰਤ ਹਿੰਡੋਲ ਮ: ੧ ਘਰ ੨)
[3] ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ। ਅਭਾਖਿਆ ਕਾ ਕੁਠਾ ਬਕਰਾ ਖਾਣਾ.......... (ਵਾਰ ਆਸਾ ਮ: ੧)

ਦਾ ਪ੍ਰਧਾਨ ਸਮਾਜਿਕ ਡਰ ਸੀ ।

ਇਸ ਪ੍ਰਧਾਨ ਸਮਾਜਿਕ ਭੈ ਤੋਂ ਛੁੱਟ ਲੋਕਾਂ ਨੂੰ 'ਦੁੱਖ ਤੇ ਭੁੱਖ ਦਾ ਕਾੜ੍ਹਾ' ਸੀ ਜੋ ਸਭ ਨੂੰ ਵਿਆਪ ਰਿਹਾ ਸੀ, 'ਰੋਗ ਤੇ ਸੋਗ' ਦਾ ਡਰ ਸੀ ਜੋ ਸਭ ਨੂੰ ਖਾ ਰਿਹਾ ਸੀ ਤੇ ਸਿੱਧਾਂਤਕ ਪੱਧਰ ਉੱਤੇ ਮਾਇਆ ਦਾ ਡਰ ਸੀ—ਜੋ ਅਣਹੋਂਦੀ ਵੀ ਹੋਂਦ ਨੂੰ ਖਾ ਰਹੀ ਸੀ ।

ਭੈ ਤੇ ਨਿਰਭਉ ਡਰਤਾ ਫਿਰੈ ।
ਹੋਂਦੀ ਕਉ ਅਣਹੋਂਦੀ—ਹਿਰੈ । —(ਰਾਮ ਕਲੀ ਮ: ੫)

## ੪. ਤ੍ਰਾਸ

ਤ੍ਰਾਸ, ਡਰ ਦੀ ਬਹੁਲਤਾ ਦਾ ਨਾਮ ਹੈ । ਇਹ ਮਨ ਦਾ ਆਵੇਗ ਹੈ ਜੋ ਮਨ ਨੂੰ ਕੁਸਾਵਾਂ ਤੇ ਅਸੰਤੁਲਿਤ ਕਰ ਦਿੰਦਾ ਹੈ । ਸਾਧਾਰਣ ਭੈ ਮਨ ਉੱਪਰ ਇਤਨਾ ਹਾਵੀ ਨਹੀਂ ਹੁੰਦਾ ਜਿਤਨਾ ਤ੍ਰਾਸ । ਤ੍ਰਾਸ ਤਾਂ ਮਨ ਨੂੰ ਝੰਜੋੜ ਸੁੱਟਦਾ ਹੈ ਤੇ ਉਸ ਦੀ ਨਿਰਣੈ-ਸ਼ਕਤੀ ਨੂੰ ਚਿੱਤ ਕਰ ਦਿੰਦਾ ਹੈ ।

ਗੁਰਬਾਣੀ ਵਿਚ ਸਭ ਤੋਂ ਵੱਡਾ ਤ੍ਰਾਸ ਜਮ ਦਾ ਤ੍ਰਾਸ ਦੱਸਿਆ ਹੈ ਜਿਸ ਦੀ ਦਸਤਕ ਹਰ ਦਰਵਾਜ਼ੇ ਉੱਤੇ ਹੈ :

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨ ।
—(ਗਉੜੀ ਮ: ੧)

ਮੌਤ ਦਾ ਡਰ ਜਨਮ-ਜਾਤ ਹੈ । ਇਹ ਤ੍ਰਾਸ ਪਿਛਲੇ ਜਨਮਾਂ ਵਿਚ ਅਨੁਭਵ ਕੀਤੀ ਮਰਨ-ਪੀੜਾ ਦੇ ਸੰਸਕਾਰਾਂ ਉੱਤੇ ਅਧਾਰਿਤ ਹੈ । ਇਹ ਅਨਪੜ੍ਹਾਂ ਤੇ ਵਿਦਵਾਨਾਂ, ਸਭ ਨੂੰ ਇੱਕੋ ਤਰ੍ਹਾਂ ਵਾਪਰਦਾ ਹੈ । ਤੱਤਾਂ ਦਾ ਖਿੰਡ ਜਾਣਾ, ਮੋਹ-ਮਮਤਾ ਦੇ ਪਾਤਰ ਸਾਕ-ਸਨਬੰਧੀਆਂ ਦਾ ਨਿੱਖੜ ਜਾਣਾ, ਜ਼ਿੰਦਗੀ ਭਰ ਦੀ ਮਿਹਨਤ ਨਾਲ ਜੋੜੇ ਧਨ-ਪਦਾਰਥ ਤੇ ਮਿਲਖ-ਮੁਰਾਤਬੇ ਨੂੰ ਹੋਰਨਾਂ ਦੇ ਤਰਸ ਉੱਤੇ ਛੱਡ ਜਾਣਾ, ਤੇ ਫਿਰ ਇਹ ਪਤਾ ਨ ਹੋਣਾ ਕਿ ਆਪਣੀ ਕੋਈ ਹੋਂਦ ਹੋਵੇਗੀ ਕਿ ਨਹੀਂ ਅਤੇ ਜੇ ਹੋਵੇਗੀ ਤੇ ਕਿਹੋ ਜਿਹੀ ?— ਇਹ ਸਭ ਡਰ ਰਲ ਕੇ ਇਕ ਵੱਡਾ ਸਹਿਮ ਪੈਦਾ ਕਰਦੇ ਹਨ । ਹਰ ਮਨੁਖ ਮਹਿਸੂਸ ਕਰਦਾ ਹੈ :

ਜਮ ਕੋ ਤ੍ਰਾਸ ਭਇਓ ਉਰ ਅੰਤਰਿ (ਜੈਤਸਰੀ ਮ: ੯)

ਤੇ ਇਸ ਤ੍ਰਾਸ ਦੀ ਨਵਿਰਤੀ ਲਈ ਧਰਮ ਦਾ ਆਸਰਾ ਭਾਲਦਾ ਹੈ ।

ਮਨੁਖ ਦੀ ਜ਼ਿੰਦਗੀ ਵਿਚ ਤਰ੍ਹਾਂ ਤਰ੍ਹਾਂ ਦੇ ਅੰਦੇਸੇ, ਚਿੰਤਾਵਾਂ, ਤੌਖਲੇ, ਭੈ, ਸਹਿਮ ਤੇ ਤ੍ਰਾਸ ਭਰੇ ਪਏ ਹਨ । ਉਹ ਇਨ੍ਹਾਂ ਨੂੰ ਹੰਢਾਉਂਦਾ ਹੈ—ਸਗੋਂ ਇਨ੍ਹਾਂ ਹੱਥੀਂ ਹੰਢਦਾ ਹੈ । ਇਹ ਸੱਭੇ 'ਸੰਸਾਰਕ ਡਰ' ਦੇ ਵਿਆਪਕ ਵਰਗ ਦੇ ਵੰਨ ਸੁਵੰਨੇ ਰੂਪਾਂਤਰ ਸਮਝੇ ਜਾ ਸਕਦੇ ਹਨ ।

## 'ਸੰਸਾਰਕ ਡਰ' ਤੇ 'ਨਿਰਮਲ ਭਉ' ਦਾ ਅੰਤਰ

ਇਸ 'ਸੰਸਾਰਕ ਡਰ' (ਜਿਸ ਨੂੰ ਅਸੀਂ ਕੇਵਲ 'ਡਰ' ਕਹਾਂਗੇ) ਦੇ ਮੁਕਾਬਲੇ ਉੱਤੇ ਗੁਰਬਾਣੀ ਵਿਚ 'ਨਿਰਮਲ ਭਉ'[1] (ਜਿਸ ਨੂੰ ਅਸੀਂ ਕੇਵਲ 'ਭਉ' ਕਹਾਂਗੇ) ਦੀ ਵੰਨਗੀ ਹੈ। 'ਡਰ' (*fear*) ਤੇ 'ਭਉ' (*awe*) ਦੇ ਪਰਸਪਰ ਅੰਤਰ ਦੀ ਪਛਾਣ ਦੁਆਰਾ ਹੀ 'ਪਾਵਨ ਭਉ' ਦੇ ਸੰਕਲਪ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

'ਡਰ' ਤਾਂ ਸੰਸਾਰਕ ਖ਼ਤਰਿਆਂ ਤੋਂ ਉਪਜਦਾ ਹੈ, ਤੇ ਸਾਡੇ ਅੰਦਰ ਇਕ ਘਬਰਾਹਟ, ਇਕ ਬੇਚੈਨੀ, ਇਕ ਅਣਸੁਖਾਵੀਂ ਹਲਚਲ ਜਿਹੀ ਪੈਦਾ ਕਰ ਦਿੰਦਾ ਹੈ; ਪਰ 'ਭਉ' ਕਿਸੇ ਮਹਾਨ ਦੀ ਮਹਾਨਤਾ, ਕਿਸੇ ਵੱਡੇ ਦੀ ਵਡਿਆਈ, ਕਿਸੇ ਪ੍ਰਤਿਭਾਵਾਨ ਦੀ ਪ੍ਰਤਿਭਾ, ਕਿਸੇ ਉੱਚੇ ਦੀਬਾਣ ਵਾਲੇ ਦੀ ਸ਼ਾਨ ਵੇਖਿਆਂ ਜਾਗਦਾ ਹੈ ਤੇ ਵੇਖਣਹਾਰੇ ਨੂੰ ਇਕ ਅਚੰਭੇ ਦੀ ਹਾਲਤ ਵਿਚ ਲੈ ਜਾਂਦਾ ਹੈ ਜਿੱਥੇ ਉਹ

ਵੇਖ ਵਿਡਾਣੁ ਰਹਿਆ ਵਿਸਮਾਦੁ। (ਵਾਰ ਮਾਸਾ ਮ: ੧)

ਵਾਲੀ ਅਵਸਥਾ ਪ੍ਰਤੀਤ ਕਰਦਾ ਹੈ। ਇਸ ਅਵਸਥਾ ਵਿਚ ਕਿਸੇ ਖ਼ਤਰੇ ਦਾ ਅਨੁਭਵ ਨਹੀਂ ਹੁੰਦਾ ਸਗੋਂ ਸਾਡੀ ਹੋਂਦ ਆਪਣੇ ਆਪ ਨੂੰ ਕਿਸੇ ਅਲੌਕਿਕ ਜਾਦੂ ਦੀ ਬਲਵਾਨ ਪਕੜ ਵਿਚ ਮਹਿਸੂਸ ਕਰਦੀ ਹੈ, ਪਰ ਉਸ ਤੋਂ ਮੁਕਤ ਹੋਣ ਦਾ ਕੋਈ ਜਤਨ ਨਹੀਂ ਕਰਦੀ। 'ਡਰ' ਵਿਚ ਤਾਂ ਮਨੁਖ 'ਡਰ' ਦੇ ਸੋਮੇਂ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਪਰ 'ਭਉ' ਵਿਚ ਉਹ 'ਭਉ' ਦੇ ਸੋਮੇਂ ਵੱਲ ਖਿਚੀਂਦਾ ਜਾਂਦਾ ਹੈ। ਤੇ ਉਸ ਧੂਹ ਨੂੰ ਜੋ ਉਸ ਨੂੰ ਤਨੋਂ ਮਨੋਂ ਸੁਖਾਵੀਂ ਲਗਦੀ ਹੈ, ਹੱਸ ਕੇ ਸ੍ਵੀਕਾਰ ਕਰਦਾ ਹੈ। 'ਡਰ' ਵਿਚ ਬੰਦਾ ਆਪਣੇ ਆਪ ਨੂੰ ਅਰੱਖਿਅਤ ਮਹਿਸੂਸ ਕਰਦਾ ਹੈ, ਪਰ 'ਭਉ' ਵਿਚ ਉਸ ਨੂੰ ਨ ਕੇਵਲ ਪੂਰੀ ਸੁਰੱਖਿਆ ਦਾ ਵਿਸ਼ਵਾਸ ਹੁੰਦਾ ਹੈ ਸਗੋਂ ਇਕ ਭਰਪੂਰ ਭਰੋਸੇ ਦੀ ਸ਼ਾਂਤੀ ਉਸ ਦੀ ਹੋਂਦ ਵਿਚ ਸਿੰਜਰਦੀ ਹੁੰਦੀ ਹੈ।

'ਡਰ' ਤੇ 'ਭਉ' ਦਾ ਸਰੀਰਕ ਸਰੂਪ ਵੀ ਅੱਡੋ ਅੱਡ ਹੈ। 'ਡਰ' ਵਿਚ ਸਰੀਰ ਕੰਬਦਾ ਹੈ, ਆਵਾਜ਼ ਲਰਜ਼ਦੀ ਹੈ, ਜੀਭ ਥਥਲਾਂਦੀ ਹੈ, ਲੂੰ ਕੰਡੇ ਖੜੋ ਜਾਂਦੇ ਹਨ, ਤੇ ਭੱਜਣ ਲਈ ਤੱਤਪਰਤਾ ਜਾਗਦੀ ਹੈ ਜਾਂ ਥੜੇ ਪੈ ਜਾਂਦੇ ਹਨ; ਪਰ 'ਭਉ' ਵਿਚ ਮਸਤਕ ਝੁਕਿਆ ਹੁੰਦਾ ਹੈ, ਅਵਾਜ਼ ਵਿਚ ਠਰੰਮਾ, ਕਦਮਾਂ ਵਿਚ ਸੁਬਕਪਨ ਹੁੰਦਾ ਹੈ, ਤੇ ਅੱਖਾਂ ਸਤਿਕਾਰ ਵਿਚ ਝੁਕੀਆਂ ਹੁੰਦੀਆਂ ਹਨ। 'ਡਰ' ਵਿਚ ਮਾਨਸਿਕ ਸ਼ਕਤੀ ਦੁਰਬਲ ਹੋ ਜਾਂਦੀ ਹੈ, ਸੋਚ ਨੂੰ ਥੜੇ ਪੈ ਜਾਦੇ ਹਨ, ਤੇ ਘਬਰਾਹਟ ਵਿਚ ਨ ਧਿਆਨ ਬਝਦਾ ਹੈ, ਨ ਅਕਲ ਕੰਮ ਕਰਦੀ ਹੈ; ਪਰ 'ਭਉ' ਵਿਚ ਬੁੱਧੀ ਸੁਚੇਤ ਹੁੰਦੀ ਹੈ, ਧਿਆਨ ਕੇਂਦ੍ਰਿਤ

---

[1]ਨਿਰਮਲ ਭਉ ਪਾਇਆ ਹਰਿ ਗੁਣ ਗਾਇਆ ਹਰ ਵੇਖੈ ਰਾਮ ਹਦੂਰੇ।
(ਸੂਹੀ ਛੰਤ ਮ: ੪ ਘਰ ੧)

ਹੁੰਦਾ ਹੈ, ਵਿਚਾਰ ਦੀਰਘ ਹੁੰਦੇ ਹਨ ਤੇ ਚਿੰਤਨ ਜਾਗਦਾ ਹੈ। 'ਡਰ' ਵਿਚੋਂ ਘਿਰਣਾ ਜਾਂ ਘਟੋ ਘੱਟ ਨਾਪਸੰਦਗੀ ਦਾ ਭਾਵ ਜਾਗਦਾ ਹੈ। 'ਭਉ' ਵ਼ਿਚ ਆਪਣੀ ਹੀਣਤਾ ਦਾ ਭਾਵ ਜਾਗਦਾ ਹੈ, ਪਰ ਹੀਣਤਾ ਦੇ ਇਸ ਇਹਸਾਸ ਵਿਚ ਕੋਈ ਰੰਜਿਸ਼ ਨਹੀਂ ਹੁੰਦੀ, ਸਗੋਂ ਇਸ ਹੀਣਤਾ ਦੀ ਸੰਪੂਰਕ ਵਡਿੱਤਣ ਦੀ ਪਰਤੱਖ ਹੋਂਦ ਇਕ ਤਸੱਲੀ ਦੇਂਦੀ ਹੈ, ਇਕ ਹੁੱਬ ਜਗਾਉਂਦੀ ਹੈ, ਇਕ ਉਮਾਹ ਪੈਦਾ ਕਰਦੀ ਹੈ। 'ਭਉ' ਦੀ ਅਵਸਥਾ ਵਿਚ ਇਕ ਰਹੱਸ ਹੁੰਦਾ ਹੈ ਜੋ ਭਉ ਨੂੰ ਹੋਰ ਵੀ ਤੀਖਣ ਕਰਦਾ ਹੈ। ਉੱਦਾਤ (*Sublime*) ਦੇ ਅਨੁਭਵ ਵਾਂਗ 'ਭਉ' ਦੇ ਅਨੁਭਵ ਉੱਤੇ ਵੀ ਇਕ ਸ਼ਕਤੀ, ਇਕ ਮਹਾਨਤਾ, ਇਕ ਸਦਾਚਾਰਕ ਸੂਰਬੀਰਤਾ, ਇਕ ਬੇਲਾਗ ਮੁਹੱਬਤ, ਤੇ ਇਕ ਅਤਿਅੰਤ ਬਖ਼ਸ਼ਿਸ਼ ਦੀ ਛਾਪ ਲਗੀ ਹੁੰਦੀ ਹੈ। ਇਸ 'ਭਉ' ਦਾ ਵੀ 'ਕਰਮ ਸਚਾ ਨੀਸਾਣ' ਹੁੰਦਾ ਹੈ।

ਪਾਵਨ ਭਉ ਦਾ ਤੇ ਸੰਸਾਰਕ ਡਰ ਦਾ ਇਕ ਤਰ੍ਹਾਂ ਦਾ ਵਿਰੋਧ ਹੈ—ਉਹ ਇਉਂ ਕਿ ਜਦ 'ਭਉ' ਜਾਗਦਾ ਹੈ ਤਾਂ 'ਡਰ' ਨਾਸ ਹੋ ਜਾਂਦੇ ਹਨ। ਓਦੋਂ ਇਉਂ ਲਗਦਾ ਹੈ ਜਿਵੇਂ— ਭੈ ਕਉ ਭਉ ਪੜਿਆ (—ਭੈਰਉ ਮ: ੫)

## ਭਉ, ਹੁਕਮ ਤੇ ਰਜ਼ਾ :

ਗੁਰੂ ਨਾਨਕ ਨੂੰ ਤਾਂ, ਇਉਂ ਜਾਪਦਾ ਹੈ, ਸਾਰਾ ਬ੍ਰਹਮੰਡ ਇਸ ਪਾਵਨ ਭਉ ਦੇ ਅਦਬ ਵਿਚ ਖੜੋਤਾ ਲਗਦਾ ਹੈ।

ਭੈ ਵਿਚਿ ਪਵਣੁ ਵਹੈ ਸਦਵਾਉ।
ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ।
ਭੈ ਵਿਚਿ ਧਰਤੀ ਦਬੀ ਭਾਰਿ......।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।
ਕੋਹ ਕਰੋੜੀ ਚਲਤ ਨ ਅੰਤੁ......।
ਭੈ ਵਿਚਿ ਜੋਧ ਮਹਾਬਲ ਸੂਰ।
ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿਲੇਖੁ!
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।

(—ਵਾਰ ਆਸਾ ਮ: ੧.)

ਇਹ ਸੰਕਲਪ ਉਪਨਿਸ਼ਦਾਂ ਦੇ ਵੇਲੇ ਤੋਂ ਚਲਿਆ ਆ ਰਿਹਾ ਹੈ। ਕਠੋਪਨਿਸ਼ਦ ਦੀਆਂ ਹੇਠ ਲਿਖਿਆਂ ਪੰਕਤੀਆਂ ਤੋਂ ਇਉਂ ਜਾਪਦਾ ਹੈ, ਜਿਵੇਂ ਇਹ ਗੁਰੂ ਨਾਨਕ ਦੇ ਉਪਰੋਕਤ ਸਲੋਕ ਦਾ ਹੀ ਕੋਈ ਪੂਰਬਲਾ ਰੂਪ ਹਨ :

[1] ਬ੍ਰਹਮ - ਪ੍ਰਾਣ ਚੋਂ ਉਦੈ ਹੋਏ ਸੰਸਾਰ।
(ਪਾਵਨ ਭਉ ਵਿਚ) ਕੱਢ ਰਿਹਾ ਵੇਗਾਰ।
ਉੱਠੇ ਵਜਰ ਜਿਉਂ ਬ੍ਰਹਮ ਭਇਆਨਕ ਰੂਪ;
ਜੋ ਇਹ ਜਾਣੇ ਸੋ ਮਰ ਡਰ ਤੋਂ ਪਾਰ।
ਉਸ ਦੇ ਭੈ ਅੰਦਰ ਅਗਨੀ ਵਿਚ ਸੇਕ।
ਉਸ ਦੇ ਭੈ ਅੰਦਰ ਸੂਰਜ ਵਿਚ ਤੇਜ।
ਭੈ ਵਿਚ ਇੰਦਰ, ਭੈ ਵਿਚ ਪਉਣ,
ਭੈ ਅੰਦਰ ਜਮ ਬੱਝਾ ਭਉਣ।

(—ਕਠੋਪਨਿਸ਼ਦ ੨: ੩: ੨-੩.)

ਪਰ ਗੁਰੂ ਨਾਨਕ ਦੇ ਸੰਕਲਪ ਵਿਚ ਤੇ ਉਪਨਿਸ਼ਦਿਕ ਸੰਕਲਪ ਵਿਚ ਇਕ ਫ਼ਰਕ ਹੈ। ਗੁਰੂ ਨਾਨਕ ਦੇ ਸਲੋਕ ਵਿਚ 'ਉਠੇ ਵਜਰ ਜਿਉਂ ਬ੍ਰਹਮ ਭਇਆਨਕ ਰੂਪ' ਜਿਹਾ ਬਿੰਬ ਕੋਈ ਨਹੀਂ। ਗੁਰਬਾਣੀ ਦੀ ਸੰਕਲਪਣਾ ਅਨੁਸਾਰ ਸਿਰਜਨਾ ਤ੍ਰਾਸ ਵਿਚ ਕੰਬਦੀ ਨਹੀਂ, ਸਗੋਂ ਸਿਰਜਣਹਾਰ ਦੇ ਭਉ ਵਿਚ ਉਸ ਦਾ ਹੁਕਮ ਪਾਲਦੀ ਤੇ ਉਸਦੀ ਭਗਤੀ ਕਰ ਰਹੀ, ਉਸ ਦੇ ਸੋਹਿਲੇ ਗਾ ਰਹੀ ਜਾਪਦੀ ਹੈ :

[2] ਪਉਣ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ।
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ।

(—ਵਾਰ ਰਾਮਕਲੀ ਮ: ੩.)

ਗੁਰਬਾਣੀ ਵਿਚ 'ਭਉ' ਤੇ 'ਹੁਕਮ' ਦਾ ਇਕ ਗੂੜ੍ਹਾ ਰਿਸ਼ਤਾ ਹੈ। "ਭੈ ਵਿਚ ਪਵਣੁ ਵਹੈ ਸਦਵਾਉ' ਵਾਲੇ ਆਸਾ ਦੀ ਵਾਰ ਦੇ ਉਪਰੋਕਤ ਸਲੋਕ ਦੀ 'ਹੁਕਮੀ ਹੋਵਨ ਆਕਾਰ' ਵਾਲੀ ਜਪੁਜੀ ਦੀ ਪਉੜੀ ਨਾਲ ਤੁਲਨਾ ਕੀਤਿਆਂ ਇਉਂ ਜਾਪਦਾ ਹੈ ਜਿਵੇਂ 'ਭਉ' ਤੇ 'ਹੁਕਮ' ਅਸਲ ਵਿਚ ਇੱਕੋ ਹੀ ਵਸਤੂ ਦੇ ਦੋ ਨਾਮ ਹਨ। ਗਹੁ ਨਾਲ ਵਿਚਾਰਿਆਂ ਇਉਂ ਜਾਪਦਾ ਹੈ ਜਿਵੇਂ ਇਹ ਦੋਵੇਂ ਹੀ ਕੁਦਰਤ ਅਤੇ ਉਸ ਦੇ ਕਾਦਰ ਵਿਚਲੇ ਰਿਸ਼ਤੇ ਨੂੰ ਪ੍ਰਗਟਾਉਣ ਦਾ ਜਤਨ ਕਰਦੇ ਹਨ। ਇਸ ਸਬੰਧ ਦੀ ਇਕ ਢਲਾਣ ਹੈ ਕਾਦਰ ਤੋਂ ਕੁਦਰਤ ਵੱਲ; ਹੁਕਮੀ ਤੋਂ ਬੰਦੇ ਵੱਲ। ਕਾਦਰ ਤੋਂ ਕੁਦਰਤ ਵੱਲ, ਅਥਵਾ ਹੁਕਮੀ ਤੋਂ ਬੰਦੇ ਵੱਲ ਨੂੰ

---

[1] ਕਠ ਉਪਨਿਸ਼ਦ - ਪੰਜਾਬੀ ਰੂਪਾਂਤਰਕਾਰ : ਜਸਵੰਤ ਸਿੰਘ ਨੇਕੀ

[2] ਪਉਣ, ਪਾਣੀ, ਅਗਨੀ ਅਰਥਾਤ ਸਾਰੀ ਸਿਰਜਨਾ ਹੁਕਮ ਵਿਚ ਇਉਂ ਚਲ ਰਹੀ ਹੈ ਮਾਨੋਂ ਸਿਰਜਣਹਾਰ ਦੀ ਭਗਤੀ ਕਰ ਰਹੀ ਹੈ। ਇਸ ਨੂੰ ਬੜਾ 'ਭਉ' ਹੈ ਕਿਉਂ ਕਿ ਉਸ ਦੇ ਨਜ਼ਾਮ ਦੀ ਬਣਤ ਐਨ ਠੀਕ ਤੇ ਪੂਰੀ ਹੈ (ਜਿਸ ਵਿਚ ਹੀਲ-ਹੁੱਜਤ ਦੀ ਕੋਈ ਗੁੰਜਾਇਸ਼ ਨਹੀਂ)!

ਜਾਂਦੀ ਪਰਸਪਰ ਸੰਬੰਧ ਦੀ ਇਹ ਢਲਾਣ 'ਹੁਕਮ' ਹੈ; ਤੇ ਕੁਦਰਤ ਤੋਂ ਕਾਦਰ ਵਲ ਨੂੰ ਅਥਵਾ ਬੰਦੇ ਤੋਂ ਹੁਕਮੀ ਵੱਲ ਨੂੰ ਜਾਂਦੀ ਉਚਿਆਣ 'ਭਉ' ਹੈ। ਤੇ ਇਸ ਪਾਵਨ ਭਉ ਵਿਚ ਬੱਝੀ ਕੁਦਰਤ ਆਪਣੇ ਆਪ ਨੂੰ ਹੁਕਮੀ ਦੇ ਅਰਪਣ ਕਰ ਰਹੀ ਹੈ—ਉਸ ਦੀ ਰਜ਼ਾ ਵਿਚ ਢਲ ਰਹੀ ਹੈ। ਇਸੇ ਲਈ ਗੁਰਬਾਣੀ ਵਿਚ ਸਾਰੀ ਸਿਰਜਨਾ ਨੂੰ ਕਿਧਰੇ 'ਭਉ' ਵਿਚ ਕਿਹਾ ਹੈ, ਕਿਧਰੇ ਹੁਕਮ ਵਿਚ ਤੇ ਕਿਧਰੇ ਰਜ਼ਾ ਵਿਚ। ਇਉਂ ਜਾਪਦਾ ਹੈ ਜਿਵੇਂ 'ਹੁਕਮ' 'ਭਉ' ਤੇ 'ਰਜ਼ਾ' ਇਹ ਤਿੰਨ ਸ਼ਬਦ ਇੱਕੋ ਹੀ ਅਵਸਥਾ ਦੇ ਤਿੰਨ ਵੱਖੋ ਵੱਖ ਪੱਖਾਂ ਦੀ ਅਨੁਭੂਤੀ ਨੂੰ ਪ੍ਰਗਟ ਕਰਦੇ ਹਨ। 'ਹੁਕਮ' ਉਸੇ ਅਵਸਥਾ ਦੇ ਗਿਆਨਵਾਚਕ (*Cognitive*) ਪੱਖ ਦਾ ਪ੍ਰਤੀਕ ਹੈ; 'ਭਉ' ਉਸ ਦੇ ਭਾਵ ਵਾਚਕ (*Affective*) ਪੱਖ ਨੂੰ ਤੇ 'ਰਜ਼ਾ' ਕ੍ਰਿਆਵਾਚਕ (*Conative*) ਪੱਖਾਂ ਨੂੰ ਪ੍ਰਗਟਾਉਂਦੀ ਹੈ।

ਹੁਣ ਇਹ ਗੱਲ ਸਮਝਣੀ ਔਖੀ ਨਹੀਂ ਜਾਪਦੀ ਕਿ ਇਸ ਪਾਵਨ 'ਭਉ' ਦੇ ਜਾਗਿਆਂ ਸੰਸਾਰਕ 'ਡਰ' ਕਿਵੇਂ ਦੂਰ ਹੋ ਜਾਂਦੇ ਹਨ। ਜਦ 'ਭਉ' ਤੇ 'ਹੁਕਮ' ਇਕੋ ਹੀ ਵਸਤ ਹੈ ਤੇ ਸਾਡੇ ਡਰ (ਡਰਾਂ ਦੇ ਸ਼੍ਰੋਮਣੀ ਡਰ 'ਮੌਤ ਦੇ ਡਰ' ਸਮੇਤ) ਇਸ ਹੁਕਮ ਵਿਚ ਬੱਝੇ ਹੋਏ ਹਨ, ਤਾਂ ਇਸ ਹੁਕਮ ਦੀ ਪਛਾਣ (ਭਉ) ਦੇ ਜਾਗਣ ਨਾਲ ਸਾਰੇ ਡਰ ਆਪੇ ਛਾਈਂ ਮਾਈਂ ਹੋ ਜਾਣੇ ਚਾਹੀਦੇ ਹਨ।

ਜਿਵੇਂ ਉੱਪਰ ਕਿਹਾ ਗਿਆ ਹੈ, ਗੁਰਬਾਣੀ ਵਿਚ 'ਭਉ' ਕਿਸੇ ਭਇਆਨਕ-ਰੂਪ ਬ੍ਰਹਮ ਦਾ ਭਉ ਨਹੀਂ, ਕਿਸੇ ਜੱਬਾਰ ਜਾਂ ਕੱਹਾਰ ਖ਼ੁਦਾ ਦਾ ਖ਼ੌਫ਼ ਨਹੀਂ ਸਗੋਂ ਇਕ ਅਜਿਹੇ ਹਮਦਰਦ 'ਪੁਰਖ' ਦਾ ਪਾਵਨ 'ਭਉ' ਹੈ ਜੋ

ਚਿਤੈ ਅੰਦਰ ਸਭੁ ਕੋ ਵੇਖਿ ਨਦਰੀ ਹੇਠ ਚਲਾਇਦਾ। (ਵਾਰ ਆਸਾ ਮ: ੧)

ਇੱਥੇ 'ਨਦਰ' ਦੇ ਅਰਥ ਕੇਵਲ ਨਿਗਰਾਨੀ ਕਰਦੀ, ਤਾਕੋ-ਤਾਕ ਵਰਤਦੀ ਨਿਗਾਹ ਹੀ ਨਹੀਂ ਸਗੋਂ ਮਿਹਰ ਦੀ ਨਜ਼ਰ ਭੀ ਹੈ। ਗੁਰਬਾਣੀ ਵਿਚ 'ਨਦਰ' ਦੀ ਇਉਂ ਸ੍ਲੇਸ਼ ਰੂਪ ਵਿਚ ਕੀਤੀ ਵਰਤੋਂ ਇਸ ਗੱਲ ਦਾ ਰਾਜ਼ ਖੋਲ੍ਹਦੀ ਹੈ ਕਿ 'ਭਉ' ਆਨੰਦਮਈ ਕਿਵੇਂ ਜਾਪਦਾ ਹੈ। ਉਹ ਇਸ ਲਈ ਕਿ 'ਪਾਵਨ ਭਉ' ਵਿਚ ਬੱਝਾ ਮਨੁੱਖ ਇੱਕੋ ਵਕਤ ਹੁਕਮੀ ਦੀ ਕਰੜੀ ਨਿਗਰਾਨੀ (=ਨਦਰ) ਤੇ ਉਸ ਦੀ ਬਖ਼ਸ਼ਿਸ਼ ਦੀ ਨਜ਼ਰ (=ਨਦਰ) ਦਾ ਪਾਤਰ ਹੁੰਦਾ ਹੈ। ਇਉਂ 'ਭਉ' ਉਸ ਪਾਵਨ ਸੱਤਾ ਅੱਗੇ ਕੀਤੇ ਆਤਮ-ਸਮਰਪਣ ਦਾ ਨਾਮ ਹੈ ਜੋ ਕੇਵਲ ਉੱਚਤਮ ਸੱਚ ਹੀ ਨਹੀ; ਉੱਚਤਮ ਪਿਆਰ ਵੀ ਹੈ।

## ਭਉ ਤੇ ਹੋਰ ਭਾਵੁਕ ਅਨੁਭਵ

ਇਸ 'ਭਉ' ਵਿਚ ਇਕ ਆਕਰਸ਼ਣ ਸ਼ਕਤੀ ਹੁੰਦੀ ਹੈ। ਇਕ ਚੁੰਬਕੀ ਖਿੱਚ ਜੋ ਅਨੁਭਵੀ ਨੂੰ ਇਸ 'ਭਉ' ਦੇ ਸੋਮੇ ਵੱਲ ਖਿੱਚਦੀ ਹੈ, ਤੇ ਉਸ ਦੇ ਅੰਦਰ ਇਕ ਤਸੱਲੀ, ਇਕ ਸਰੂਰ ਜਿਹਾ ਭਰਦੀ ਹੈ। ਫੇਰ ਜੀ ਕਰਦਾ ਹੈ ਕਿ ਇਸ ਸਰੂਰ ਵਿਚ ਮਸਤ ਟਿਕੇ ਰਹੀਏ—ਉਸ ਪਾਵਨ ਹੋਂਦ ਦੀ ਮੌਜੂਦਗੀ ਦੇ ਇਹਸਾਸ ਦੇ ਨਸ਼ੇ ਵਿਚ ਜਿਸ ਦੀ ਮੌਜੂਦਗੀ

ਨੇ ਸਾਨੂੰ ਇਹ ਭਉ ਦਿੱਤਾ ਹੈ। ਇਉਂ ਲਗਦਾ ਹੈ ਜਿਨ੍ਹਾਂ ਇਹ ਭਉ ਮਾਣਿਆ ਹੈ ਉਹ ਇਸ ਦੇ ਨਸ਼ੇ ਵਿਚ ਦੀਵਾਨੇ ਹੋਏ ਸੰਸਾਰ ਤੋਂ ਹੀ ਵਿਰੱਕਤ ਹੋ ਗਏ :

ਭਉ ਤੇਰਾ ਭਾਂਗ ਖਲੜੀ ਮੇਰਾ ਚੀਤ।
ਮੈਂ ਦੇਵਾਨਾ ਭਇਆ ਅਤੀਤ। (ਤਿਲੰਗ ਮ: ੧ ਘਰ ੨)

ਇਉਂ ਭਉ ਤੋਂ ਪੈਦਾ ਹੋਈ ਦੀਵਾਨਗੀ ਵਿੱਚੋਂ ਹੀ ਵੈਰਾਗ ਦਾ ਜਨਮ ਹੁੰਦਾ ਹੈ :

ਭੈ ਤੇ ਬੈਰਾਗ ਊਪਜੈ। (ਮਾਰੂ ਵਾਰ ਮ: ੪, ਸਲੋਕ ਮ: ੫)

ਤੇ ਫੇਰ ਸੰਸਾਰਕ ਮੋਹ ਤੋਂ ਉਪਰਾਮ ਹੋਏ ਮਨ ਵਿਚ ਇਕ ਅਨੂਠਾ ਪਿਆਰ, ਇਕ ਅਲੌਕਿਕ ਭਉ ਜਾਗਦਾ ਹੈ। ਭਉ ਵਿਚੋਂ ਪਿਆਰ ਕਿਵੇਂ ਪੈਦਾ ਹੁੰਦਾ ਹੈ ?—ਇਹ ਗੱਲ ਸਮਝਣੀ ਸੌਖੀ ਨਹੀਂ ਤੇ ਨਾ ਹੀ ਹਰ ਕਿਸੇ ਦੀ ਪਕੜ ਵਿਚ ਆ ਸਕਦੀ ਹੈ :

ਭੈ ਵਿਚਿ ਭਾਉ ਭਾਇ ਕੋਊ ਬੂਝਹਿ (ਕੇਦਾਰਾ ਕਬੀਰ)

ਪਰ ਜਿਨ੍ਹਾਂ ਨੂੰ ਇਹ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਦੇ ਜੀਵਨ ਦੀ ਰੰਗਣ ਹੀ ਸਉਰ ਜਾਂਦੀ ਹੈ :

ਸਤਿਗੁਰ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸੰਵਾਰਿ। (ਵਾਰ ਸੂਹੀ ਮ: ੩)

ਜਿਚਰ 'ਭਉ' ਵਿਚਲੇ 'ਭਾਉ' ਦੀ ਪੂਰੀ ਸਮਝ ਨ ਆਵੇ, 'ਭਉ' ਦੇ ਸੰਕਲਪ ਤੋਂ ਕਾਦਰ ਦਾ ਰੂਪ ਕੇਵਲ ਪਿਤਾ ਵਾਲਾ ਰੂਪ ਹੀ ਜਾਪਦਾ ਹੈ—ਜੋ ਪਿਤਾ ਵਾਂਗ ਕਰਤਾ ਵੀ ਹੈ, ਹੁਕਮੀ ਵੀ ਹੈ, ਹਮਦਰਦ ਵੀ ਹੈ ਤੇ ਮਿਹਰਵਾਨ ਵੀ। ਪਰ ਜਦੋਂ 'ਭਉ' ਵਿਚਲੇ 'ਭਾਉ' ਦਾ ਅੰਗ ਸਪਸ਼ਟ ਹੋ ਜਾਵੇ ਤਾਂ ਇਕ ਨਵਾਂ ਪ੍ਰਤੀਕ ਜਾਗਦਾ ਹੈ—ਹੁਣ ਹੁਕਮੀ ਤੇ ਬੰਦੇ ਦਾ ਸੰਬੰਧ ਪਿਤਾ-ਪੁਤਰ ਜਿਹਾ ਨਹੀਂ, ਪਤੀ-ਪਤਨੀ ਜਿਹਾ ਬਣ ਨਿਬੜਦਾ ਹੈ। ਉਹ ਮਾਲਿਕ ਇਕ[1] ਪੁਰਖ ਹੈ, ਤੇ ਅਸੀਂ ਸਭ ਉਸ ਨੂੰ ਪਿਆਰ ਕਰਨ ਵਾਲੀਆਂ ਇਸਤ੍ਰੀਆਂ ਹਾਂ, ਤੇ ਹਰ ਇਸਤ੍ਰੀ ਲਈ ਇਹੋ ਬਣ ਆਉਂਦਾ ਹੈ ਕਿ :

ਭਉ ਸੀਗਾਰ ਤਬੋਲ ਰਸ, ਭੋਜਨ ਭਾਉ ਕਰੇਇ।
ਤਨ ਮਨ ਸਉਪੇ ਕੰਤ ਕਉ ਤਉ ਨਾਨਕ ਭੋਗ ਕਰੇਇ। (ਵਾਰ ਸੂਹੀ ਮ: ੩)

'ਭਉ' ਤੇ 'ਭਾਉ' ਦਾ ਇਕ ਅਨਿੱਖੜਵਾਂ ਸੰਬੰਧ ਹੈ। ਪਿਆਰ ਉਸੇ ਦੇ ਅੰਦਰ ਜਾਗਦਾ ਹੈ ਜਿਸ ਦੇ ਮਨ ਅੰਦਰ ਮਾਲਿਕ ਦਾ ਭਉ ਪ੍ਰਵੇਸ਼ ਕਰਦਾ ਹੋਵੇ :

ਨਾਨਕ ਜਿਨ ਮਨਿ ਭਉ ਤਿਨ੍ਾ ਮਨਿ ਭਾਉ। (ਵਾਰ ਆਸਾ ਮ: ੧)

ਗੁਰਬਾਣੀ ਦੇ ਜੋਗ ਵਿਚ 'ਭਉ' ਤੇ 'ਭਾਉ' ਜੋਗੀ ਦੀ ਕਿੰਗਰੀ ਦੇ ਦੋ ਤੂੰਬੇ ਹਨ ਜਿਨ੍ਹਾਂ ਦੋਹਾਂ ਬਾਝੋਂ ਇਹ ਕਿੰਗਰੀ ਨਹੀਂ ਵਜ ਸਕਦੀ :

---

[1]ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ। (ਵਡਹੰਸ ਵਾਰ ਮ: ੩)

ਭਉ ਭਾਇ ਦੁਇ ਪਤ ਲਾਇ ਜੋਗੀ ਇਹੁ ਸਰੀਰ ਕਰ ਡੰਡੀ।

((ਰਾਮਕਲੀ ਮ: ੩ ਅਸਟ.)

ਇਸੇ ਲਈ ਸਿੱਖੀ ਦੀ ਭਗਤੀ ਭਉ ਤੇ ਭਾਉ ਦੁਹਾਂ ਨਾਲ ਸੌਰਦੀ ਹੈ :

ਭੈ ਭਾਇ ਭਗਤ ਸਵਾਰੀ। (ਰਾਮਕਲੀ ਮ: ੩)

**ਭਉ—ਇਕ ਸਿਰਜਨਾਤਮਕ ਸੱਤਾ**

ਇਉਂ ਜਾਪਦਾ ਹੈ ਗੁਰਬਾਣੀ ਵਿਚ 'ਭਉ' ਇਕ ਸਿਰਜਨਾਤਮਕ ਸੱਤਾ ਹੈ। ਜਿਸ ਤੋਂ ਪਿਆਰ ਉਪਜਦਾ ਹੈ, ਵੈਰਾਗ ਉਪਜਦਾ ਹੈ, ਭਗਤੀ ਉਪਜਦੀ ਹੈ, ਤੇ ਸਹਿਜ ਉਪਜਦਾ ਹੈ :

ਗੁਰੁ ਮਿਲਿ ਭਉ ਗੋਬਿੰਦ ਕਾ, ਭੈ ਡਰ ਦੂਰ ਕਰਣਾ।
ਭੈ ਤੇ ਬੈਰਾਗ ਉਪਜੈ, ਹਰਿ ਖੋਜਤ ਫਿਰਨਾ।
ਖੋਜਤ ਖੋਜਤ ਸਹਜੁ ਉਪਾਇਆ ਫਿਰ ਜਨਮ ਨ ਮਰਨਾ। (ਵਾਰ ਮਾਰੂ ਮ: ੫)

ਇਸੇ ਰਾਹੀਂ ਸਦਾਚਾਰ ਦੀ ਸਿਰਜਨਾ ਹੁੰਦੀ ਹੈ। ਭਉ ਹੀ ਜ਼ਿੰਦਗੀ ਦਾ ਸ਼ਬਦ ਘੜਦਾ ਤੇ ਸੁਆਰਦਾ ਹੈ :

ਭੈ ਭਉ ਘੜੀਐ ਸਬਦਿ ਸਵਾਰਿ। (ਗਉੜੀ ਗੁਆਰੇਰੀ ਮ: ੧)

ਜਿਸ ਸੱਚੀ ਟਕਸਾਲ ਵਿਚ ਇਹ ਸਬਦ ਘੜਿਆ ਜਾਂਦਾ ਹੈ ਉਸ ਵਿਚ ਸਦਾਚਾਰਕ ਗੁਣਾਂ ਦੇ ਅਨੇਕਾਂ ਯੰਤਰ ਵਰਤੇ ਜਾਂਦੇ ਹਨ।[1] ਧੀਰਜ ਦਾ ਸੁਨਿਆਰ 'ਜੱਤ ਦੀ ਭੱਠੀ ਵਿਚ 'ਤਪ' ਦੀ ਅਗਨ ਬਾਲਦਾ ਹੈ; 'ਮਤ' ਦੇ ਅਹਿਰਣ ਉੱਪਰ ਜ਼ਿੰਦਗੀ ਦੀ ਧਾਤ ਨੂੰ ਗਿਆਨ ਦੀ ਚੋਟ ਮਾਰਦਾ ਹੈ, ਤੇ ਪਿਆਰ ਦੇ ਭਾਂਡੇ ਵਿਚ ਅੰਮ੍ਰਿਤ ਢਾਲਦਾ ਹੈ। ਪਰ ਇਸ ਟਕਸਾਲ ਵਿਚ 'ਭਉ' ਦੀਆਂ ਖੱਲਾਂ ਨਾਲ ਭੱਠੀ ਨੂੰ ਹਵਾ ਦਿੱਤੀ ਜਾਂਦੀ ਹੈ। ਇਉਂ ਜਾਪਦਾ ਹੈ 'ਭਉ' ਇਸ ਟਕਸਾਲ ਦਾ ਪ੍ਰਾਣ ਹੈ—ਜੇ ਇਹ ਨ ਹੋਵੇ ਤਾਂ ਟਕਸਾਲ ਵਿਚ ਕੋਈ ਘਾੜਤ ਨਹੀਂ ਘੜੀ ਜਾ ਸਕਦੀ।

ਭੈ ਬਿਨ ਘਾੜਤ ਕਚੁ ਨਿਕਚ।
ਅੰਧਾ ਸਚਾ ਅੰਧੀ ਸਟ। (ਗਉੜੀ ਗੁਆਰੇਰੀ ਮ: ੧)

'ਭਉ' ਇਕ ਸਦਾਚਾਰਕ ਸੱਤਾ ਹੈ ਜੋ ਜ਼ਿੰਦਗੀ ਦੀ ਧਾਤ ਨੂੰ ਸ਼ੁੱਧ ਕਰਦੀ ਹੈ :

ਜਿਉ ਬੈਸੰਤਰਿ ਧਾਤੁ ਸੁਧ ਹੋਇ ਤਿਉ ਹਰਿ ਕਾ
ਭਉ ਦੁਰਮਤਿ ਮੈਲ ਗਵਾਇ। (—ਸਲੋਕ ਫਰੀਦ, ਮ: ੩)

---

[1]ਜਤੁ ਪਾਹਾਰਾ ਧੀਰਜੁ ਸੁਨਿਆਰੁ। ਅਹਰਣਿ ਮਤਿ ਵੇਦੁ ਹਥਿਆਰੁ।
ਭਉ ਖਲਾ ਅਗਨਿ ਤਪਤਾਉ। ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ। (ਜਪੁ ਜੀ ਪਉ: ੩੮)

[1] ਇਹ ਤਨ ਰੂਪ ਚੋਲਾ ਜਿਸ ਨੂੰ ਮਾਇਆ ਨੇ ਪਾਹਿਆ ਤੇ ਲੋਭ ਨੇ ਰੰਗਿਆ ਹੈ ਉਸ 'ਕੰਤ' ਦੀ ਨਜ਼ਰ ਵਿਚ ਅਪਰਵਾਣ ਹੈ। ਇਸ ਉੱਤੇ ਜਦੋਂ ਤੀਕ ਉਸ ਦਾ ਮਨ-ਪਸੰਦ ਰੰਗ ਨਹੀਂ ਚੜ੍ਹਦਾ ਮਨੁੱਖ-ਰੂਪ ਇਸਤ੍ਰੀ ਉਸ ਪਿਆਰੇ ਨਾਲ ਸੇਜ ਨਹੀਂ ਮਾਣ ਸਕਦੀ। ਐਪਰ, ਨਵਾਂ ਰੰਗ ਚਾੜ੍ਹਨ ਲਈ ਇਸ ਨੂੰ ਪਹਿਲਾਂ ਖੁੰਬ ਚਾੜ੍ਹਨਾ ਪਵੇਗਾ—ਤੇ ਇਹ ਭਉ ਦੀ ਭੱਠੀ ਉੱਤੇ ਹੀ ਚਾੜ੍ਹਿਆ ਜਾ ਸਕਦਾ ਹੈ :

ਭੈ ਵਿਚਿ ਖੁੰਬਿ ਚੜ੍ਹਾਈਐ (—ਵਾਰ ਆਸਾ ਮ: ੧)

ਇਸ ਲਈ ਜਦੋਂ ਵੀ ਜ਼ਿੰਦਗੀ ਦੇ ਜਾਮੇ ਨੂੰ ਸਦਾਚਾਰਕ ਰੰਗ ਵਿਚ ਰੰਗਣਾ ਹੋਵੇ, ਉਸ ਨੂੰ ਪਹਿਲਾਂ "ਭਉ" ਵਿੱਚੋਂ ਲੰਘਾ ਕੇ ਵਿਕਾਰਾਂ ਦੀ ਮੈਲ ਕੱਟਣੀ ਪੈਂਦੀ ਹੈ :

ਭੈ ਬਿਨ ਲਾਗਿ ਨ ਲਗਈ ਨਾ ਮਨ ਨਿਰਮਲੁ ਹੋਇ।
ਭੈ ਬਿਨ ਕਰਮ ਕਮਾਵਣੇ ਝੂਠੇ ਠਾਉ ਨ ਕੋਇ।
ਜਿਸ ਨੋ ਆਪੇ ਰੰਗੇ ਸੁ ਰਪਸੀ ਸਤ ਸੰਗਤਿ ਮਿਲਾਇ।

(—ਆਸਾ ਮ: ੩)

ਸਦਾਚਾਰਕ ਸਿਹਤ ਲਈ ਪਰਹੇਜ਼ ਤੇ ਇਲਾਜ ਵਾਲੇ ਦੋ ਰਸਤੇ ਹਨ। ਇਲਾਜ ਦਾ ਰਾਹ 'ਪਿਆਰ' ਤੇ 'ਸਿਮਰਨ' ਦਾ ਰਾਹ ਹੈ। ਪਰ ਪਰਹੇਜ਼ ਦਾ ਰਾਹ 'ਭਉ' ਦਾ ਰਾਹ ਹੈ—ਤੇ ਇਹੋ ਰਾਹ ਜੀਵਨ-ਮੁਕਤੀ ਨੂੰ ਜਾਂਦੇ ਹਨ :—

ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ?
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਇਇ।
ਅਨਦਿਨ ਗੁਣ ਗਾਵੈ ਸੁਖ ਸਹਿਜੇ ਬਿਖੁ ਭਵਜਲ ਨਾਮ ਤਰੇਇ।

(—ਵਾਰ ਰਾਮਕਲੀ ਮ: ੩)

## ਭਉ ਤੇ ਨਿਰਭਉ :

ਮਾਨਵ-ਵਿਗਿਆਨ ਦੇ ਨਿਕਾਸ-ਵਾਦੀ ਸਿੱਧਾਂਤ (*ejection theory*) ਅਨੁਸਾਰ ਮਨੁੱਖ ਆਪਣੇ ਇਸ਼ਟ ਦੇ ਗੁਣਾਂ ਦੀ ਸੰਕਲਪਣਾ ਆਪਣੇ ਅੰਦਰੋਂ ਹੀ ਕਰਦਾ ਹੈ। ਆਪਣੀਆਂ ਤ੍ਰੁੱਟੀਆਂ ਤੇ ਊਣਤਾਈਆਂ ਦੀ ਆਦਰਸ਼ਕ ਪੂਰਤੀ ਨੂੰ ਸੰਕਲਪ ਕੇ ਇਸ ਕਲਪਣਾ ਨੂੰ ਇਕ ਬਿੰਬ ਵਿਚ ਮੂਰਤੀਮਾਨ ਕਰਦਾ ਹੈ; ਤੇ ਫੇਰ ਅਦਬ ਵਿਚ ਉਸ ਅੱਗੇ ਆਪਣਾ ਸਿਰ ਝੁਕਾ ਦਿੰਦਾ ਹੈ। ਜੇਕਰ ਇਸ ਸਿੱਧਾਂਤ ਨੂੰ ਸ੍ਵੀਕਾਰ ਕਰੀਏ, ਤਾਂ ਇਕ ਗਲ ਪ੍ਰਵਾਣ ਕਰਨੀ ਪਵੇਗੀ; ਉਹ ਇਹ ਕਿ ਜਦ 'ਭਉ' ਗੁਰਬਾਣੀ ਵਿਚ ਇਤਨਾ ਵਿਆਪਕ

---

[1]ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਇ।
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ ?

(—ਤਿਲੰਗ ਮ: ੧ ਘਰ ੩)

ਭਾਵ ਹੈ ਤਾਂ ਇਸ ਦਾ ਪ੍ਰਤਿਬਿੰਬ ਸਿੱਖ ਧਰਮ ਵਿਚਲੇ ਇਸ਼ਟ ਦੇ ਸੰਕਲਪ ਉੱਪਰ ਜ਼ਰੂਰ ਪਿਆ ਹੋਵੇਗਾ। ਆਦਿ ਗ੍ਰੰਥ ਦੇ ਸ਼ੁਰੂ ਵਿਚ ਅਕਾਲ ਪੁਰਖ ਦਾ ਜੋ ਗੁਣ ਚਿਤ੍ਰਣ ਹੈ, ਜਿਸ ਨੂੰ ਸਿਖੀ ਦੀ ਪਰਿਭਾਸ਼ਾਵਲੀ ਵਿਚ ਮੂਲ-ਮੰਤਰ ਕਿਹਾ ਜਾਂਦਾ ਹੈ, ਉਸ ਵਿਚ ਇਸ਼ਟ ਦੇ ਨਿਰੂਪੇ ਗੁਣਾਂ ਵਿਚ ਦੋ ਭਾਵੁਕ ਗੁਣ ਵੀ ਸ਼ਾਮਿਲ ਹਨ: ਇਕ ਉਸ ਦਾ ਨਿਰਭਉ ਹੋਣਾ ਤੇ ਦੂਜਾ ਨਿਰਵੈਰ ਹੋਣਾ। ਗਹੁ ਨਾਲ ਵਿਚਾਰੀਏ ਤਾਂ ਨਿਰਵੈਰਤਾ ਵੀ ਅਸਲ ਵਿਚ ਨਿਰਭੈਤਾ ਵਿਚੋਂ ਹੀ ਪੈਦਾ ਹੁੰਦੀ ਹੈ। ਜਿਸ ਨੂੰ ਕਿਸੇ ਦਾ ਵੀ ਭੈ ਨਹੀਂ, ਉਹ ਕਿਸੇ ਨਾਲ ਵੈਰ ਕਿਵੇਂ ਕਰ ਸਕਦਾ ਹੈ ? ਇਉਂ ਸਿੱਖ ਮਤ ਦੇ ਇਸ਼ਟ-ਪੁਰਖ ਦਾ ਇਕ ਵੱਡਾ ਗੁਣ ਉਸ ਦਾ ਨਿਰਭਉ ਹੋਣਾ ਹੈ। ਇਉਂ ਜਾਪਦਾ ਹੈ ਜਿਵੇਂ ਕਰਤਾਰ ਆਪਣਾ ਅਨਾਦੀ ਹੁਕਮ ਵਰਤਾ ਰਿਹਾ ਹੈ ਜਿਸ ਦੇ ਪਾਵਨ ਭਉ ਵਿਚ ਸਾਰੀ ਸਿਰਜਨਾ ਬੱਝੀ ਪਈ ਹੈ। ਔਪਰ ਉਸ ਹੁਕਮ ਦਾ ਮਾਲਿਕ ਕਰਤਾਰ ਆਪ ਇਕ ਸਦੀਵੀ ਨਿਰਭੈਤਾ ਵਿਚ ਵਿਚਰ ਰਿਹਾ ਹੈ :

> ਡਰਪੈ ਧਰਤਿ ਅਕਾਸੁ ਨਿਖਤ੍ਰਾ ਸਿਰ ਊਪਰ ਅਮਰੁ ਕਰਾਰਾ।
> ਪਉਣ ਪਾਣੀ ਬੈਸੰਤਰ ਡਰਪੈ ਡਰਪੈ ਇੰਦ੍ਰ ਬਿਚਾਰਾ।
> ਏਕਾ ਨਿਰਭਉ ਬਾਤ ਸੁਨੀ।
> ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ।੧। ਰਹਾਉ।
> ਦੇਹ ਧਾਰ ਅਰ ਦੇਵਾ ਡਰਪਹਿ ਸਿਧ ਸਾਧਕ ਡਰਿ ਮੁਇਆ।
> ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰ ਫਿਰ ਜੋਨੀ ਜੋਇਆ।
> ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ।
> ਛਲ ਬਪਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮਰਾਇਆ।
> ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ।
> (—ਮਾਰੂ ਮ: ੫)

'ਭਉ' ਤੇ 'ਨਿਰਭਉ' ਦਾ ਇਹ ਸਰੂਪ ਗੁਰਬਾਣੀ ਦਾ ਇਕ ਮਹਤ੍ਵ ਪੂਰਣ ਬਿੰਬ ਹੈ।

ਇਹ ਗੱਲ ਸਮਝਣੀ ਕੋਈ ਔਖੀ ਨਹੀਂ ਕਿ ਜਿਸ ਬਾਣੀ ਵਿਚ 'ਭਉ' ਨੂੰ ਇਤਨੀ ਪ੍ਰਧਾਨ ਸਿੱਧਾਂਤਕ ਥਾਂ ਦਿੱਤੀ ਗਈ ਹੋਵੇ ਉਸ ਵਿਚ ਕਰੁਣਾ ਰਸ ਵੀ ਪ੍ਰਧਾਨ ਰਸਾਂ ਵਿੱਚੋਂ ਹੋਵੇਗਾ। ਪਰ ਕਵੀ - ਗੁਰੂਆਂ ਨੇ ਇਸ ਰਸ ਨੂੰ ਐਸੀ ਕਲਾਂਤਮਕ ਜੁਗਤ ਨਾਲ ਵਰਤਿਆ ਹੈ ਕਿ ਉਹ ਨ-ਕੇਵਲ ਸੁਖਾਵਾਂ ਹੀ ਲਗਦਾ ਹੈ ਸਗੋਂ ਇਕ ਸਦਾਚਾਰਕ ਉਤਸ਼ਾਹ, ਤੇ ਸੂਰਬੀਰਤਾ ਦੀ ਇਕ ਪ੍ਰੇਰਣਾ ਵੀ ਜਗਾਉਂਦਾ ਹੈ, ਤੇ ਰਹਿਣੀ ਦੀ ਪੱਧਰ ਉੱਤੇ ਇਹ ਟੀਚਾ ਬਣ ਨਿੱਬੜਦਾ ਹੈ ਕਿ :

> ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।
> (—ਸਲੋਕ ਮ: ੯.)

# ਗੁਰਪੁਰਬ-ਨਿਰਣਾ

ਜੋਤਸ਼ ਤੇ ਕਾਮ-ਸੂਤਰਾਂ ਦੇ ਸਿਧਾਂਤ ਅਨੁਸਾਰ, ਸੰਤਾਨ ਉੱਤਪਤੀ ਦਾ ਚੰਦ੍ਰ-ਕਲਾ ਨਾਲ ਬੜਾ ਗੂੜ੍ਹਾ ਸੰਬੰਧ ਹੈ। ਇਸੇ ਕਰਕੇ ਜਨਮ-ਕੁੰਡਲੀਆਂ ਵਿਚ ਥਿੱਤਾਂ (ਚੰਦ-ਤਾਰੀਖਾਂ) ਦੀ ਹੀ ਪ੍ਰਧਾਨਤਾ ਹੁੰਦੀ ਹੈ। ਮੋਏ ਪ੍ਰਾਣੀਆਂ ਨਮਿੱਤ ਸਰਾਧ-ਖਿਆਹ (ਬਰਸੀਆਂ) ਭੀ ਥਿੱਤਾਂ ਦੇ ਹਿਸਾਬ ਹੀ ਮਨਾਏ ਜਾਂਦੇ ਹਨ।

ਥਿੱਤਾਂ ਦੇ ਲੇਖੇ, 'ਚੰਦ੍ਰ-ਵਰ੍ਹਾ' ੩੫੪ ਤੇ ੩੬੦ ਦਿਨਾਂ ਦੇ ਏੜ ਗੇੜ ਵਿਚ ਹੁੰਦਾ ਹੈ, ਪਰ 'ਸੂਰਜ ਵਰਖ' ਦੇ ਪ੍ਰਵਿਸ਼ਟੇ (ਦਿਨ) ੩੬੫-੬੬ ਹੁੰਦੇ ਹਨ। ਇਸ ਫ਼ਰਕ ਦੇ ਕਾਰਣ ਕੁਝ ਗੁਰਪੁਰਬ ਤੇ ਤਿਉਹਾਰ, ਇਕ ਸਾਲ ਦੇ ਅੰਦਰ ਦੋ ਵਾਰ ਆ ਜਾਂਦੇ ਹਨ ਤੇ ਕਿਸੇ ਵਰ੍ਹੇ ਆਉਂਦੇ ਹੀ ਨਹੀਂ।

ਥਿੱਤਾਂ ਦੇ ਅਗੇਤ-ਪਿਛੇਤ ਵਿਚ, ਚੰਦ੍ਰ-ਮਾਸ ਦੇ ਅਧਿਕ (ਮਲ੍ਹਦ) ਤੇ ਖੈ (ਅਣਹੋਂਦ) ਹੋ ਜਾਣ ਦਾ ਭੀ ਹੱਥ ਹੁੰਦਾ ਹੈ। ਫੇਰ ਥਿੱਤਾਂ ਦੇ ਮੁਕਾਬਲੇ ਵਿਚ ਈਸਵੀ ਤਾਰੀਖ਼ਾਂ ਲੱਭਣ ਵਿੱਚ ਨਵੇਂ ਹਿਸਾਬੀ ਤੇ ਇਤਿਹਾਸਕਾਰ, ਬਿਕ੍ਰਮੀ ਸਾਲ ਦੇ 'ਗਤਿ' ਤੇ 'ਵਰਤਮਾਨ' ਵਾਲੇ ਭੇਦ ਨੂੰ ਵੀ ਭੁਲ ਜਾਂਦੇ ਹਨ। ਪਿਛਲੇ ਅਨਾੜੀ ਸਾਖੀ-ਨਵੀਸਾਂ ਨੇ ਇਸ ਭੇਦ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਨਹੀਂ ਰੱਖਿਆ। ਜਿਸ ਕਰਕੇ ਪ੍ਰਵਿਸ਼ਟੇ ਤੇ ਤਾਰੀਖਾਂ ਮੇਲਣ ਲਗਿਆਂ ਦਸ-ਗਿਆਰਾਂ ਦਿਨਾਂ ਦਾ ਫ਼ਰਕ ਪੈ ਗਿਆ ਹੈ। ਨਜ਼ੀਰ ਵਜੋਂ ਸ੍ਰੀ ਸਤਿਗੁਰੂ ਨਾਨਕ ਰਾਇ ਦਾ ਸਹੀ ਜਨਮ-ਸੰਮਤ[1] ੧੫੨੫ ਬਿਕ੍ਰਮੀ (੧੪੬੯ ਈ.) ਹੈ। ਪਰ ਕਈਆਂ ਸਾਖੀਆਂ ਵਿਚ ਸੰਮਤ ੧੫੨੬ ਬਿ: (ਵਰਤਮਾਨ) ਲਿਖਿਆ ਹੋਇਆ ਹੈ। ਜਿਸ ਦੇ ਮੁਕਾਬਲੇ ਦਾ ਈਸ੍ਵੀ ਸਾਲ ੧੪੬੯ ਬਣ ਜਾਂਦਾ ਹੈ। ਇਸ ਦੇ ਨਾਲ ਹੀ ਵੈਸਾਖ ਸ਼ੁਦੀ ਤੀਜ, 'ਗਤਿ' (ਬੀਤੇ) ਸੰਮਤ ਵਿਚ ੨੯ ਵੈਸਾਖ (੨੫ ਅਪ੍ਰੈਲ) ਨੂੰ ਸੀ; ਪਰ ੧੫੨੬ (੧੪੬੯) ਦੀ ਤੀਜ-ਚੌਥ (ਦੋਵੇਂ), ੧੯ ਪ੍ਰਵਿਸ਼ਟੇ (੧੪,੧੫ ਅਪ੍ਰੈਲ) ਨਾਲ ਲੰਘ ਗਈਆਂ ਸਨ।

ਇਹ ਵਾਧ ਘਾਟ ਸਦਾ ਹੈਰਾਨੀ ਦਾ ਕਾਰਨ ਬਣੀ ਰਹਿੰਦੀ ਹੈ। ਤਾਹੀਓਂ

---

[1]'ਮਹਿਮਾ ਪ੍ਰਕਾਸ਼' (ਕਾਵਿ) ਕਵੀ ਬੁਧ ਸਿੰਘ ਦਾ ਰਚਿਆ ਹੋਇਆ।

# ਗੁਰਪੁਰਬ-ਨਿਰਣਾ

ਜੋਤਸ਼ ਤੇ ਕਾਮ-ਸੂਤਰਾਂ ਦੇ ਸਿੱਧਾਂਤ ਅਨੁਸਾਰ, ਸੰਤਾਨ ਉੱਤਪਤੀ ਦਾ ਚੰਦ੍ਰ-ਕਲਾ ਨਾਲ ਬੜਾ ਗੂੜ੍ਹਾ ਸੰਬੰਧ ਹੈ। ਇਸੇ ਕਰਕੇ ਜਨਮ-ਕੁੰਡਲੀਆਂ ਵਿਚ ਥਿੱਤਾਂ (ਚੰਦ-ਤਾਰੀਖਾਂ) ਦੀ ਹੀ ਪ੍ਰਧਾਨਤਾ ਹੁੰਦੀ ਹੈ। ਮੋਏ ਪ੍ਰਾਣੀਆਂ ਨਮਿੱਤ ਸਰਾਧ-ਖਿਆਹ (ਬਰਸੀਆਂ) ਭੀ ਥਿੱਤਾਂ ਦੇ ਹਿਸਾਬ ਹੀ ਮਨਾਏ ਜਾਂਦੇ ਹਨ।

ਥਿੱਤਾਂ ਦੇ ਲੇਖੇ, 'ਚੰਦ੍ਰ-ਵਰ੍ਹਾ' ੩੫੪ ਤੇ ੩੬੦ ਦਿਨਾਂ ਦੇ ਏੜ ਗੇੜ ਵਿਚ ਹੁੰਦਾ ਹੈ, ਪਰ 'ਸੂਰਜ ਵਰਖ' ਦੇ ਪ੍ਰਵਿਸ਼ਟੇ (ਦਿਨ) ੩੬੫-੬੬ ਹੁੰਦੇ ਹਨ। ਇਸ ਫ਼ਰਕ ਦੇ ਕਾਰਣ ਕੁਝ ਗੁਰਪੁਰਬ ਤੇ ਤਿਉਹਾਰ, ਇਕ ਸਾਲ ਦੇ ਅੰਦਰ ਦੋ ਵਾਰ ਆ ਜਾਂਦੇ ਹਨ ਤੇ ਕਿਸੇ ਵਰ੍ਹੇ ਆਉਂਦੇ ਹੀ ਨਹੀਂ।

ਥਿੱਤਾਂ ਦੇ ਅਗੇਤ-ਪਿਛੇਤ ਵਿਚ, ਚੰਦ੍ਰ-ਮਾਸ ਦੇ ਅਧਿਕ (ਮਲ੍ਹਦ) ਤੇ ਖੈ (ਅਣਹੋਂਦ) ਹੋ ਜਾਣ ਦਾ ਭੀ ਹੱਥ ਹੁੰਦਾ ਹੈ। ਫੇਰ ਥਿੱਤਾਂ ਦੇ ਮੁਕਾਬਲੇ ਵਿਚ ਈਸਵੀ ਤਾਰੀਖ਼ਾਂ ਲੱਭਣ ਵਿੱਚ ਨਵੇਂ ਹਿਸਾਬੀ ਤੇ ਇਤਿਹਾਸਕਾਰ, ਬਿਕ੍ਰਮੀ ਸਾਲ ਦੇ 'ਗਤਿ' ਤੇ 'ਵਰਤਮਾਨ' ਵਾਲੇ ਭੇਦ ਨੂੰ ਵੀ ਭੁਲ ਜਾਂਦੇ ਹਨ। ਪਿਛਲੇ ਅਨਾੜੀ ਸਾਖੀ-ਨਵੀਸਾਂ ਨੇ ਇਸ ਭੇਦ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਨਹੀਂ ਰੱਖਿਆ। ਜਿਸ ਕਰਕੇ ਪ੍ਰਵਿਸ਼ਟੇ ਤੇ ਤਾਰੀਖਾਂ ਮੇਲਣ ਲਗਿਆਂ ਦਸ-ਗਿਆਰਾਂ ਦਿਨਾਂ ਦਾ ਫ਼ਰਕ ਪੈ ਗਿਆ ਹੈ। ਨਜ਼ੀਰ ਵਜੋਂ ਸ੍ਰੀ ਸਤਿਗੁਰੂ ਨਾਨਕ ਰਾਇ ਦਾ ਸਹੀ ਜਨਮ-ਸੰਮਤ[1] ੧੫੨੫ ਬਿਕ੍ਰਮੀ (੧੪੬੯ ਈ.) ਹੈ। ਪਰ ਕਈਆਂ ਸਾਖੀਆਂ ਵਿਚ ਸੰਮਤ ੧੫੨੬ ਬਿ: (ਵਰਤਮਾਨ) ਲਿਖਿਆ ਹੋਇਆ ਹੈ। ਜਿਸ ਦੇ ਮੁਕਾਬਲੇ ਦਾ ਈਸ੍ਵੀ ਸਾਲ ੧੪੬੯ ਬਣ ਜਾਂਦਾ ਹੈ। ਇਸ ਦੇ ਨਾਲ ਹੀ ਵੈਸਾਖ ਸੁਦੀ ਤੀਜ, 'ਗਤਿ' (ਬੀਤੇ) ਸੰਮਤ ਵਿਚ ੨੯ ਵੈਸਾਖ (੨੫ ਅਪ੍ਰੈਲ) ਨੂੰ ਸੀ ; ਪਰ ੧੫੨੬ (੧੪੬੯) ਦੀ ਤੀਜ-ਚੌਥ (ਦੋਵੇਂ), ੧੯ ਪ੍ਰਵਿਸ਼ਟੇ (੧੪,੧੫ ਅਪ੍ਰੈਲ) ਨਾਲ ਲੰਘ ਗਈਆਂ ਸਨ।

ਇਹ ਵਾਧ ਘਾਟ ਸਦਾ ਹੈਰਾਨੀ ਦਾ ਕਾਰਨ ਬਣੀ ਰਹਿੰਦੀ ਹੈ। ਤਾਹੀਓਂ

---

[1] 'ਮਹਿਮਾ ਪ੍ਰਕਾਸ਼' (ਕਾਵਿ) ਕਵੀ ਬੁਧ ਸਿੰਘ ਦਾ ਰਚਿਆ ਹੋਇਆ।

# ਗੁਰਪੁਰਬਾਂ ਦੀਆਂ ਸਹੀ ਤਿਥ-ਤਾਰੀਖਾਂ

| | ਜਨਮ | ਗੱਦੀ ਨਸ਼ੀਨੀ | ਪਰਲੋਕ ਗਮਨ |
|---|---|---|---|
| ੧. ਪਾਤਿਸ਼ਾਹੀ ੧ | ਸੰਮਤ ੧੫੨੫, ਮਿਤੀ ੨੯ ਵੈਸਾਖ ਸੁਦੀ ਤੀਜ 25 ਅਪ੍ਰੈਲ 1468 ਈਸ੍ਵੀ ਐਤਵਾਰ- | (ਜਨਮ ਤੋਂ ਹੀ) | ਸੰਮਤ ੧੫੯੫, ਮਿਤੀ ੨੮ ਅੱਸੂ ਸੁਦੀ ਦਸਮੀ 28 ਸਿਤੰਬਰ 1538 ਈ: ਸੋਮਵਾਰ ? |
| ੨. ,, ੨ | ਸੰਮਤ ੧੫੬੭ ਮਿਤੀ ੧੧ ਵੈਸਾਖ ਵਦੀ ੧੪ 7 ਅਪ੍ਰੈਲ 1510 ਈ:, ਐਤਵਾਰ | ਸੰਮਤ ੧੫[illegible]੫, ੨੬ ਹਾੜ ਵਦੀ ੧੨ 1[illegible] ਜੂਨ 1538 ਈ:, ਐਤਵਾਰ | ਸੰਮਤ ੧੬੦੯ ਮਿਤੀ ੩ ਵੈਸਾਖ, ਚੇਤ ਸੁਦੀ ੪ 29 ਮਾਰਚ 1552 ਈ:, ਮੰਗਲਵਾਰ |
| ੩. ,, ੩ | ਸੰਮਤ ੧੫੬੬, ਮਿਤੀ ੨੦ ਵੈਸਾਖ ਵਦੀ ੧੧ 15 ਅਪ੍ਰੈਲ 1509 ਈ:, ਐਤਵਾਰ | ਸੰਮਤ ੧੬[illegible]੯, ਵੈਸਾਖ ੩ ਚੇਤਰ ਸੁਦੀ ੪ 29 ਮਾਰਚ 1552 ਈ:, ਮੰਗਲਵਾਰ | ਸੰਮਤ ੧੬੩੧, ੩੧ ਭਾਦਰੋਂ, ਪੁੰਨਿਆਂ 31 ਅਗਸਤ 1574 ਈ: ਮੰਗਲਵਾਰ |
| ੪. ,, ੪ | ਸੰਮਤ ੧੫੮੭, ਮਿਤੀ ੨੦ ਕੱਤਕ ਦੀਵਾਲੀ ਰਾਤ 20 ਅਕਤੂਬਰ 1530 ਈ:, ਵੀਰਵਾਰ | ਸੰਮਤ [illegible]੩੧, ਮਿਤੀ ੩੧ ਭਾਦੋਂ ਪੁੰਨਿਆਂ [illegible]ਗਸਤ 1574 ਈ:, ਮੰਗਲਵਾਰ | ਸੰਮਤ ੧੬੩੮, ਮਿਤੀ ੨ ਅੱਸੂ ਭਾਦੋਂ ਸੁਦੀ ਤੀਜ 1 ਸਿਤੰਬਰ 1581 ਈ:, ਸ਼ੁਕਰਵਾਰ |
| ੫. ,, ੫ | ਸੰਮਤ ੧੬੧੦, ਮਿਤੀ ੧੯ ਵੈਸਾਖ ਸੁਦੀ ਦੂਜ 14 ਅਪ੍ਰੈਲ 1553 ਈ:, ਸ਼ੁਕਰਵਾਰ | [illegible]੩੮, ਅਸੂ ੨ ਭਾਦੋਂ ਸੁਦੀ ਤੀਜ [illegible]ਤੰਬਰ 1581 ਈ:, ਸ਼ੁਕਰਵਾਰ | ਸੰਮਤ ੧੬੬੩, ੧ ਹਾੜ, ਜੇਠ ਸੁਦੀ ਚੌਥ 30 ਮਈ 1606 ਈ: ਸ਼ੁਕਰਵਾਰ |
| ੬. ,, ੬ | ਸੰਮਤ ੧੬੪੭, ਮਿਤੀ ੨੧ ਹਾੜ ਵਦੀ ੧੩ 19 ਜੂਨ 1590 ਈ:, ਸ਼ੁਕਰਵਾਰ | [illegible]੬੩, ਮਿਤੀ ੨੪/੨੫ ਜੇਠ ? [illegible] ਮਈ 1606 ਈ:, ਬੁਧ/ਵੀਰਵਾਰ | ਸੰਮਤ ੧੭੦੦ ਮਿਤੀ ੬ ਚੇਤ੍ਰ ੧੭੦੧ ਚੇਤ੍ਰ ਸੁਦੀ੫ 3 ਮਾਰਚ 1644 ਈ: ਐਤਵਾਰ |
| ੭. ਪਾਤਿਸ਼ਾਹੀ ੭ | ਸੰਮਤ ੧੬੯੬, ਮਿਤੀ ੨੮ ਮਾਘ ਸੁਦੀ ੧੩ 26 ਜਨਵਰੀ 1640 ਈ:, ਐਤਵਾਰ | [illegible]੦੦ ਮਿਤੀ ੧ ਚੇਤ੍ਰ ਮੱਸਿਆ (੧੫) [illegible]ਰਵਰੀ 1644 ਈ:, ਮੰਗਲਵਾਰ | ਸੰਮਤ ੧੭੧੮, ੫ ਕੱਤਕ ਵਦੀ ਨੌਮੀਂ 6 ਅਕਤੂਬਰ 1661 ਈ:, ਐਤਵਾਰ |
| ੮. ,, ੮ | ਸੰਮਤ ੧੭੧੩, ੯ ਸਾਵਣ ਵਦੀ ੧੧ 8 ਜੁਲਾਈ 1656, ਈ:, ਮੰਗਲਵਾਰ | [illegible]੭੧੮, ੨੩ ਅੱਸੂ ਸੁਦੀ ੧੦ [illegible]ਤੰਬਰ 1661 ਈ:, ਸੋਮਵਾਰ | ਸੰਮਤ ੧੭੨੧, ੩ ਵੈਸਾਖ, ਚੇਤ੍ਰ ਸੁਦੀ ੧੪ 31 ਮਾਰਚ 1664 ਈ:, ਬੁਧਵਾਰ |
| ੯. ,, ੯ | ਸੰਮਤ ੧੬੭੮, ਮਿਤੀ ੧੯ ਮੱਘਰ ਪੁੰਨਿਆਂ 18 ਨਵੰਬਰ 1621 ਈ:, ਐਤਵਾਰ | ਸੰਮਤ[illegible]੨੧, ੪ ਵੈਸਾਖ, ਚੇਤ੍ਰ ਪੁੰਨਿਆਂ ਤੋਂ 31 ਮ[illegible] 1664 ਈ: ਵੀਰਵਾਰ (ਤੋਂ ਮੰਨੇ ਗਏ) | ਸੰਮਤ ੧੭੩੨, ੧੧ ਮੱਘਰ ਸੁਦੀ ਪੰਚਮੀ 11 ਨਵੰਬਰ 1675 ਈ:, ਵੀਰਵਾਰ |
| ੧੦. ਸ੍ਰੀ ਦਸਮੇਸ਼ ਜੀ | ਸੰਮਤ ੧੭੨੩ ਮਿਤੀ ੧੯ ਪੋਹ ਸੁਦੀ ੭ 19 ਦਸੰਬਰ 1669 ਈ:, ਐਤਵਾਰ | ਸੰਮਤ ੧੭੩੨ ਬਿ: ੧੧ ਮੱਘਰ ਸੁਦੀ ਪੰਚਮੀ 11 ਨਵੰਬਰ 1675 ਈ: ਵੀਰਵਾਰ(ਤੋਂ ਸਮਝੇ ਗਏ) | ਸੰਮਤ ੧੭੬੫, ਮਿਤੀ ੬ ਕੱਤਕ ਸੁਦੀ ੫ 7 ਅਕਤੂਬਰ 1708 ਈ:, ਵੀਰਵਾਰ |

| | | |
|---|---|---|
| ੧. ਸ੍ਰੀ ਬਾਬਾ ਬੰਦਾ ਸਿੰਘ, 'ਬਹਾਦੁਰ' ਜਨਮੇ—ਸੰਮਤ ੧੭੨੬, ਮਿਤੀ ੨੬ ਕੱਤਕ ਸੁਦੀ ੧੩ 27 ਅਕਤੂਬਰ 1669 ਈ: [illegible]ਵਾਰ | ਸ਼ਹੀਦ ਕੀਤੇ ਗਏ — | ਸੰਮਤ ੧੭੭੩, ਮਿਤੀ ੧੧ ਹਾੜ ਸੁਦੀ ਏਕਮ 9 ਜੂਨ 1716 ਈ:, ਸ਼ਨੀਵਾਰ ਨੂੰ |
| ੧. ਸ੍ਰੀ ਰਣਜੀਤ ਸਿੰਘ ਜੀ ਸਾਹਿਬਜ਼ਾਦੇ ਜਨਮੇ—ਸੰਮਤ ੧੭੪੫, ਮਿਤੀ ੧੭ ਮੱਘਰ ਸੁਦੀ ੪ 14(10) ਜਨਵਰੀ 1689 ਈ: [illegible]ਵਾਰ | ਸ਼ਹੀਦੀ ਪਾਈ ਚਮਕੌਰ ਜੁੱਧ 'ਚ — | ਸੰਮਤ ੧੭੬੨: ਮਿਤੀ ੧੭ ਮੱਘਰ ਸੁਦੀ ੧੩ 17 ਨਵੰਬਰ 1705 ਈ: ਸ਼ਨੀਵਾਰ |
| ੨. ਸ੍ਰੀ ਜ਼ੋਰਾਵਰ ਸਿੰਘ ਜੀ ,, ,, —ਸੰਮਤ ੧੭੪੭, ਮਿਤੀ ੨੮ ਚੇਤ੍ਰ ਸੁਦੀ [illegible] 26 ਮਾਰਚ 1691 ਈ:. ਸ਼ੁਕਰਵਾਰ | ਸ਼ਹੀਦ ਹੋਏ ਚਿਤੌੜ ਗੜ੍ਹ 'ਗੰਭੀਰ' ਨਦੀ ਕਿਨਾਰੇ ਮਲੇਛਾਂ ਨਾਲ ਜੂਝਕੇ — | ਸੰਮਤ ੧੭੬੫, ਮਿਤੀ ੬ ਵੈਸਾਖ ਵਦੀ ਨੌਮੀ 3 ਅਪ੍ਰੈਲ 1708 ਈ:, ਸ਼ਨੀਵਾਰ |
| ੩. ਸ੍ਰੀ ਜੁਝਾਰ ਸਿੰਘ ਜੀ ,, ,, —ਸੰਮਤ ੧੭੫੨, ਮਿਤੀ ੨੬ ਮਾਘ ਸੁਦੀ ਏਕਮ 24 ਜਨਵਰੀ 1696 ਈ: ਵੀਰਵਾਰ | ਸ਼ਹੀਦ ਹੋਏ ਚਮਕੌਰ ਜੁਧ ਵਿਚ ਚੌਂਤੇ ਪਿੰਡ ਦੀ ਜੂਹੇ — | ਸੰਮਤ ੧੭੬੨, ੧੭ ਮੱਘਰ ਸੁਦੀ ੧੩ 17 ਨਵੰਬਰ 1705 ਈ:, ਸ਼ਨੀਵਾਰ |
| ੪. ਸ੍ਰੀ ਫ਼ਤਹਿ ਸਿੰਘ ਜੀ ਸਾਹਿਬਜ਼ਾਦੇ ,, —ਸੰਮਤ ੧੭੫੫, ਮਿਤੀ ੧੯ ਫਗਣ ਸੁਦੀ ੧੧ 16 ਫ਼ਰਵਰੀ 1699 ਈ: ਬੁਧਵਾਰ | ਨਵਾਬ ਵਜ਼ੀਰ ਖਾਨ ਸਰਹੰਦੀ ਨੇ ਕੁਹਾਕੇ ਸ਼ਹੀਦ ਕਰਾਏ — | ਸੰਮਤ ੧੭੬੨, ੩ ਪੋਹ ਵਦੀ ੧੩ 2 ਦਿਸੰਬਰ 1705 ਈ:, ਐਤਵਾਰ |

**ਨੋਟ :—** ਸਾਹਿਬਜ਼ਾਦਿਆਂ ਦੀਆਂ ਜਨਮ-ਥਿਤਾਂ 'ਸ੍ਰੀ ਗੁਰ ਪ੍ਰਤਾਪ ਸੂਰਜ' ਤੋਂ ਲਈਆਂ ਹਨ। (ਰੁਤਿ ੨, ਅੰਸੂ ੩੭-੮, ੪੪, ੪੯ ਤੇ ੫੦)

ਅਨੇਕ ਸਿਆਣੇ ਸੱਜਣਾਂ ਦਾ ਵਿਚਾਰ ਬਣ ਗਿਆ ਹੈ ਕਿ ਸਾਰੇ ਗੁਰਪੁਰਬ, ਸੂਰਜ-ਸਮਤ (ਬਿਕ੍ਰਮੀ ਤੇ ਈਸ੍ਵੀ) ਦੋਹਾਂ ਵਿਚ, ਪ੍ਰਵਿਸ਼ਟਿਆਂ ਯਾ ਈਸ੍ਵੀ ਤਾਰੀਖ਼ਾਂ ਅਨੁਸਾਰ ਮਨਾਏ ਜਾਣੇ ਚਾਹੀਦੇ ਹਨ। ਭਾਵੇਂ ਇਹ ਵਿਚਾਰ ਉਤਪੱਤੀ ਸ਼ਾਸਤ੍ਰ ਦੇ ਕੁਦਰਤੀ ਸਿੱਧਾਂਤ ਵਿਰੁੱਧ ਹੈ; ਤਦ ਭੀ ਸਭਨਾਂ ਮੁਖੀ ਸਭਾ ਸੋਸਾਇਟੀਆ ਨੂੰ ਇਸ ਮਸਲੇ ਉੱਤੇ ਪੂਰੇ ਗਹੁ ਨਾਲ ਵਿਚਾਰ ਕਰ ਕੇ, ਪੱਕਾ ਫ਼ੈਸਲਾ ਕਰਨਾ ਚਾਹੀਦਾ ਹੈ, ਤਾਂ ਜੁ ਅੱਗੋਂ ਲਈ ਇਹ ਹੈਰਾਨੀ ਤੇ ਆਪੋਧਾਪ ਮੁੱਕ ਜਾਏ; ਅਤੇ ਇਕ ਸਹੀ ਤੇ ਸਿੱਧੀ ਠੁੱਕ ਬੱਝ ਜਾਵੇ।

ਦੂਜੀ ਗੱਲ ਜ਼ਰੂਰੀ ਵਿਚਾਰ-ਗੋਚਰੀ ਇਹ ਹੈ ਕਿ ਸਤਿਗੁਰਾਂ ਤੇ ਹੋਰ ਪੂਜ ਪ੍ਰਸਿੱਧ ਪੁਰਖਾਂ ਦੇ ਜਨਮ-ਸੰਮਤਾਂ ਤੇ ਤਿੱਥਾਂ ਮੰਨਣ-ਮਨਾਉਣ ਵਿਚ, ਦਿਨਾਂ ਦੇ ਤਾਂ ਕਿਤੇ ਰਹੇ, ਵਰ੍ਹਿਆਂ ਦੇ ਫ਼ਰਕ ਪਏ ਹੋਏ ਹਨ। ਜਿਵੇਂ ਕਿ ਗੁਰੂ ਬਾਬਾ ਨਾਨਕ ਸ਼ਾਹ ਦਾ ਜਨਮ ਕੱਤਕ ਪੂੰਨਿਆਂ ਦਾ ਮੰਨਿਆ ਤੇ ਮਨਾਇਆ ਜਾ ਰਿਹਾ ਹੈ; ਪਰ, ਅਨੇਕਾਂ ਪ੍ਰਾਚੀਨ ਜਨਮ ਸਾਖੀਆਂ—'ਵਲਾਇਤ ਵਾਲੀ' 'ਹਾਫ਼ਿਜ਼ਾ ਬਾਦੀ', 'ਮੀਣੇ ਗੁਰੂ ਮਿਹਰਵਾਨ' (ਸੋਢੀ ਮਨੋਹਰ ਦਾਸ) ਦੀ ਲਿਖੀ 'ਪੋਥੀ ਸਚ ਖੰਡ'. 'ਮਹਿਮਾ ਪ੍ਰਕਾਸ਼' ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿ—ਵਿਚ 'ਵੈਸਾਖ ਸੁਦੀ ਤੀਜ' ਦਾ ਲਿਖਿਆ ਲੱਭਦਾ ਹੈ। ਸਤਿਗੁਰੂ ਨਾਨਕ ਸਾਹਿਬ ਦੀ ਸੰਤਾਨ ਵਿੱਚੋਂ, ਸ੍ਰੀ ਸੁਖਵਾਸੀ ਰਾਇ ਨੇ ਵੀ ਆਪਣੇ ਰਚੇ ਗ੍ਰੰਥ 'ਗੁਰੂ ਨਾਨਕ ਵੰਸ ਪ੍ਰਕਾਸ਼' ਵਿਚ ਬਾਬਾ ਜੀ ਦਾ ਜਨਮ, 'ਵੈਸਾਖ ਸੁਦੀ ਤੀਜ' ਦਾ ਹੀ ਮੰਨਿਆ ਹੈ। 'ਅਰੁ ਕੱਤਿਕ ਪੂੰਨਿਆ' ਨੂੰ ਸ੍ਰੀ ਚੰਦ ਜੀ ਜਨਮੇ ਦੱਸਿਆ ਹੈ। ('ਸਾਖੀ ਸ੍ਰੀ ਚੋਲਾ ਸਾਹਿਬ ਕੀ' ਉਰਦੂ ਸਫ਼ਾ ੩)

ਫੇਰ ਪੁਰਾਤਨ ਸਾਖੀ-ਪੋਥੀਆਂ ਵਿਚ, ਗੁਰੂ ਬਾਬਾ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ—(ਸੰਮਤ ੧੫੯੫, ਮਿਤੀ ਅੱਸੂ ਸੁਦੀ ਦਸਮੀ ਲਿਖੀ ਹੈ[1] ਪਰ ਸਰਾਧ--ਖਿਆਹ ਦੀ ਰੀਤ ਚਲਾਉਣ ਵਾਲੇ ਖੇਖੀਆਂ ਨੇ 'ਦਸਵਾਂ ਸਰਾਧ' (ਅੱਸੂ ਵਦੀ ਦਸਮੀ) ਹੀ ਹਰ ਵਰ੍ਹੇ ਮਨਾਉਣ ਦਾ ਰਿਵਾਜ ਪੱਕਾ ਕਰ ਲਿਆ ਹੈ। ਇਉਂ ਗੁਰੂ ਬਾਬੇ ਦੀ ਉਮਰ ਪੰਦਰਾਂ ਦਿਨ ਹੋਰ ਘਟਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਗੁਰੂ ਬਾਬੇ ਦੀ ਸਾਰੀ ਸਰੀਰਿਕ ਅਵਸਥਾ ੭੦ ਸਾਲ, ਪੰਜ ਮਹੀਨੇ ਤੇ ਸੱਤ ਦਿਨ ਲਿਖੀ ਤੇ ਮੰਨੀ ਜਾ ਰਹੀ ਹੈ। ਇਹ ਤਦ ਹੀ ਪੂਰੀ ਹੁੰਦੀ ਹੈ; ਜੇ ਜਨਮ-ਸੰਮਤ ਪੰਦਰਾਂ ਸਉ ਪੰਝੀ, ਮਿਤੀ ਵੈਸਾਖ ਸੁਦੀ ਤੀਜ ਦਾ ਮੰਨੀਏ; ਅਤੇ ਦੇਹਾਂਤ-ਸੰਮਤ ਪੰਦਰਾਂ ਸੈ ਪਚਾਨਵੇਂ, ਮਿਤੀ ਅੱਸੂ ਸੁਦੀ ਦਸਮੀ ਦਾ। ਇਹੋ ਬੇਸੁਰੀ ਮਨੌਤ ਤੇ ਲਿਖਤ, ਹੁਣ ਤਕ ਲੱਭੀਆਂ ਗੁਰ ਪ੍ਰਣਾਲੀਆਂ ਵਿਚ ਵੇਖੀ ਜਾਂਦੀ ਹੈ।

ਇਨ੍ਹਾਂ ਅੱਖਰਾਂ ਦੇ ਲਿਖਾਰੀ ਨੇ, ਸਿਖ ਹਿਸਟਰੀ ਸੋਸਾਇਟੀ ਦਾ ਮੈਂਬਰ ਹੁੰਦਿਆਂ

---

[1]ਭਾਈ ਦਾਏ ਦੀ ਲਿਖੀ 'ਜਨਮ ਸਾਖੀ' ਪਤਿ ੨੨੫/੩੦

ਦਰਜਨ ਦੇ ਕਰੀਬ ਪੁਰਾਣੀਆਂ ਲਿਖਤੀ ਗੁਰਪ੍ਰਣਾਲੀਆਂ ਪੜ੍ਹੀਆਂ ਤੇ ਘੋਖੀਆਂ ਹਨ। ਅਤੇ ਸੰਪਾਦਨ ਕਰ ਕੇ ਛਾਪੀਆਂ ਵੀ ਹਨ। ਦੂਜੀ ਵਾਰੀ ਛਾਪਣ ਲਈ, ਨਵੇਂ ਸਿਰੇ ਸੋਧ ਕੇ ਤੇ ਮੁਕੰਮਲ ਕਰਕੇ ਖਰੜਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਹਵਾਲੇ ਕੀਤਾ ਹੈ।'

ਖਰੜੇ 'ਚ ਦਿੱਤੀਆਂ ਗੁਰ-ਪ੍ਰਣਾਲੀਆਂ ਦੇ ਅਧਾਰ ਉੱਤੇ ਖ਼ੋਜ-ਪੜਚੋਲ ਕਰਕੇ ਇਕ 'ਸ਼ੁੱਧ ਗੁਰ-ਪ੍ਰਣਾਲੀ' ਭੀ ਤਿਆਰ ਕੀਤੀ ਹੈ। ਜੋ ਖਰੜੇ ਦੇ ਅਖ਼ੀਰ ਉੱਤੇ ਸ਼ਾਮਿਲ ਕਰ ਦਿੱਤੀ ਗਈ ਹੈ। ਪਰ ਕਮੇਟੀ ਦੇ ਥਾਪੇ 'ਸਿੱਖ ਇਤਿਹਾਸ ਰੀਸਰਚ ਬੋਰਡ' ਨੇ ਇਸ ਅਮੋਲਕ ਰਤਨ ਨੂੰ—ਜੋ 'ਸਿੱਖ ਇਤਿਹਾਸ' ਦੀ 'ਬੁਨਿਆਦ' ਦਾ ਦਰਜਾ ਰੱਖਦਾ ਹੈ— ਕਿਸੇ ਅਨ੍ਹੇਰੇ ਕੋਠੇ-ਕੁਠਲੇ ਵਿਚ ਬੰਦ ਕਰ ਦਿੱਤਾ ਜਾਪਦਾ ਹੈ। ਤਾਹੀਓਂ ਬੋਰਡ ਵੱਲੋਂ ਛਾਪੇ ਗਏ, 'ਬੈਸਾਖੀ ਕੈਲੰਡਰ' ਦੀ ਤਿਆਰੀ ਵਿਚ ਉਸ ਦੇ ਚਾਨਣ ਦੀ ਇਕ ਕਿਰਨ ਤਕ ਪਈ ਪ੍ਰਤੀਤ ਨਹੀਂ ਹੁੰਦੀ। ਇਸ 'ਕੈਲੰਡਰ' ਦੇ ਅੰਤ ਪੁਰ ਗੁਰਪੁਰਬਾਂ ਦੀ ਜੋ ਸੂਚੀ ਦਿੱਤੀ ਹੈ; ਉਹ ਨਾ ਤਾਂ ਕਿਸੇ ਇਕ ਗੁਰ-ਪ੍ਰਣਾਲੀ ਦੇ ਆਧਾਰ ਉੱਤੇ ਤਿਆਰ ਹੋਈ ਜਾਪਦੀ ਹੈ; ਤੇ ਨਾ ਹੀ ਸ਼ੁੱਧ ਹੈ।

ਐਡੀ ਵੱਡੀ ਜ਼ਿੰਮੇਵਾਰ ਤੇ ਸਮਰੱਥ ਸਿੱਖ ਸੰਸਥਾ ਦੀ ਇਹ ਅਣਗਹਿਲੀ ਵੇਖ ਕੇ ਬੜਾ ਦੁੱਖ ਹੁੰਦਾ ਹੈ। ਪਰ, "ਨੱਕਾਰ-ਖ਼ਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ?" ਦਾ ਵਿਚਾਰ ਕਰਕੇ ਚੁੱਪ ਸਾਧ ਰੱਖਣਾ ਹੀ ਉਚਿੱਤ ਸਮਝਿਆ ਗਿਆ। ਫੇਰ ਇਹ ਸੋਚ ਕੇ ਕਿ ਸ਼ਾਇਦ, 'ਸ਼੍ਰੋਮਣੀ ਕਮੇਟੀ' ਜਾਂ ਉਸ ਦੇ ਥਾਪੇ 'ਬੋਰਡ' ਦਾ ਕੋਈ 'ਹਕੀਕਤ ਪਸੰਦ' ਮੈਂਬਰ ਇਸ ਜ਼ਰੂਰੀ ਮਾਮਲੇ ਵੱਲ ਧਿਆਨ ਦੇਣ ਤੇ ਦਿਵਾਣ ਦੀ ਦਲੇਰੀ ਕਰ ਸਕੇ; ਇਹ ਛੋਟਾ ਜਿਹਾ ਲੇਖ ਛਾਪਣ ਦੀ ਗ਼ੁਸਤਾਖ਼ੀ ਕੀਤੀ ਜਾ ਰਹੀ ਹੈ।

ਵਰਤਮਾਨ ਸਦੀ ਦੇ ਇਤਿਹਾਸ-ਲਿਖਾਰੀ, ਚੰਦ੍ਰ ਤਾਰੀਖਾਂ ਨਾਲ ਦੀਆਂ ਈਸ੍ਵੀ ਤਾਰੀਖ਼ਾਂ ਲੱਭਣ ਲੱਗੇ ਇਕ ਹੋਰ ਵੱਡੀ ਭੁੱਲ ਕਰ ਜਾਂਦੇ ਹਨ। ਸ਼ਾਇਦ, ਉਹ ਇਹ ਜਾਣਨ ਦੀ ਖੇਚਲ ਹੀ ਨਹੀਂ ਕਰਦੇ ਕਿ ੨ ਸਤੰਬਰ ੧੭੫੨ ਈਸ੍ਵੀ ਤੋਂ ਬਾਦ ਈਸ੍ਵੀ ਸਾਲ ਨੇ ਗਿਆਰਾਂ ਦਿਨਾਂ ਦਾ ਲੰਮਾ ਛੜੱਪਾ ਮਾਰਿਆ ਸੀ। ਯਾਨੀ ਸੰਮਤ ਬਿਕ੍ਰਮੀ ਦੇ ਅੱਸੂ ਦਾ ਤੀਜਾ ਪ੍ਰਵਿਸ਼ਟਾ, ਤਿੰਨ ਸਤੰਬਰ ਦੀ ਥਾਂ ੧੩ ਸਤੰਬਰ ਨਾਲ ਜਾ ਮੇਲਿਆ ਸੀ। ਇਸ ਤੋਂ ਪਹਿਲਾਂ ਵੈਸਾਖੀ ੨੭ ਤੇ ੨੯ ਮਾਰਚ ਵਿਚਕਾਰ ਆਇਆ ਕਰਦੀ ਸੀ, ਅਤੇ ਜੁਲਾਈ ਤੋਂ ਦਸੰਬਰ ਤਕ ਛੇ ਮਹੀਨੇ, ਬਿਕ੍ਰਮੀ ਸੂਰਜ-ਸੰਮਤ ਦੇ ਸਾਉਣ ਤੋਂ ਪੋਹ ਤੱਕ ਛਿਆਂ ਮਹੀਨਿਆਂ ਦੇ ਨਾਲ ਨਾਲ ਹੀ ਚੜ੍ਹਦੇ ਲਹਿੰਦੇ ਸਨ। ਉਪਰੰਤ ਈਸ੍ਵੀ ਸਾਲ ਦਾ ਹਰ ਮਹੀਨਾ ਬਿਕ੍ਰਮੀ ਮਹੀਨੇ ਤੋਂ ਤੇਰ੍ਹਾਂ ਕੁ ਦਿਨ ਅਗਾੜੀ ਟੁਰਨ ਲੱਗ ਪਿਆ ਹੈ। ਅਰਥਾਤ ਹੁਣ ਵੈਸਾਖੀ ਹਰ ਸਾਲ ੨੮ ਮਾਰਚ ਦੀ ਥਾਂ ੧੩ ਅਪ੍ਰੈਲ ਦੇ ਇਰਦ ਗਿਰਦ ਆਉਂਦੀ ਹੈ। ਇਸ ਫ਼ਰਕ ਤੋਂ ਅਨਜਾਣ ਲਿਖਾਰੀ ਗੁਰਪੁਰਬਾਂ ਦੀਆਂ ਅੰਗ੍ਰੇਜ਼ੀ ਤਾਰੀਖ਼ਾਂ ਲਿਖਣ ਵੇਲੇ ਤੇਰਾਂ-ਚੌਦਾਂ ਦਿਨਾਂ ਦਾਂ ਫ਼ਰਕ ਪਾ ਬਹਿੰਦੇ ਹਨ। ਜਿਵੇਂ ਕਿ ਸਤਿਗੁਰ

ਨਾਨਕ ਦੀ ਜਨਮਾਸੀ—ਵੈਸਾਖ ਸੁਦੀ ਤੀਜ=੨੯ ਵੈਸਾਖ ਹੈ। ਉਸ ਦਿਨ ਅਪ੍ਰੈਲ ਦੀ ਤਾਰੀਖ ੨੫ ਸੀ; ਪਰ ਭੋਲੇ ਭਾਈ ਨਵੇਂ ਲੇਖੇ ਗਿਣ ਕੇ ੧੦/੧੧ ਮਈ ਮੰਨ ਲੈਂਦੇ ਹਨ।

ਤਿਥਿ-ਸੰਮਤਾਂ ਦੇ ਇਨ੍ਹਾਂ ਫ਼ਰਕਾਂ ਦਾ ਝਮੇਲਾ ਖ਼ਤਮ ਕਰਨ ਲਈ ਅਸੀਂ ਗੁਰਪੁਰਬਾਂ ਤੇ ਤਿਉਹਾਰਾਂ ਦੀਆਂ ਸਹੀ ਤਾਰੀਖ਼ਾਂ, ਸ੍ਵਾਮੀ ਕੱਨੂ ਪਿੱਲੇ ਦੀ 'ਭਾਰਤੀ ਤਿਥਿ-ਸਮਾਨਕਾ' (*Indian Ephemeries*) ਦੀ ਸਹਾਇਤਾ ਨਾਲ ਨਿਸਚੈ ਕਰਕੇ, ਸਤਿਗੁਰਾਂ ਦੇ ਪ੍ਰਗਟ ਹੋਣ, ਗੁਰਗੱਦੀ ਵਿਰਾਜਣ ਤੇ ਜੋਤੀ-ਜੋਤਿ ਸਮਾਉਣ ਦੀਆਂ ਸਹੀ ਥਿੱਤਾਂ ਤੇ ਸ਼ੁੱਧ ਪ੍ਰਵਿਸ਼ਟੇ, ਈਸ੍ਵੀ ਤਾਰੀਖ਼ਾਂ ਸਮੇਤ ਅੱਗੇ ਛਾਪ ਰਹੇ ਹਾਂ। ਨਾਲ ਹੀ ਬਾਬਾ ਬੰਦਾ ਸਿੰਘ 'ਬਹਾਦੁਰ' ਤੇ ਚਹੁਆਂ ਸਾਹਿਬਜ਼ਾਦਿਆਂ ਦੇ ਜਨਮ ਦਿਨ ਤੇ ਸ਼ਹੀਦੀ ਦਿਨ ਦੱਸ ਦਿੱਤੇ ਹਨ। ਤਿਥਿ-ਪਤ੍ਰਕਾ, ਜੰਤ੍ਰੀਆਂ ਤੇ ਕੈਲੰਡਰ ਆਦਿ ਤਿਆਰ ਕਰਨ ਤੇ ਪ੍ਰਕਾਸ਼ਨ ਹਾਰੇ ਸੱਜਣਾਂ ਨੂੰ, ਇਸ ਸੂਚੀ ਵਿਚ ਦਿੱਤੀਆਂ ਥਿੱਤਾਂ ਨਾਲ ਮਿਲਦੇ ਚਾਲੂ ਸਾਲ ਦੇ ਪ੍ਰਵਿਸ਼ਟੇ ਤੇ ਤਾਰੀਖ਼ਾਂ ਵਿਚ ਗੁਰਪੁਰਬਾਂ ਤੇ ਤਿਓਹਾਰਾਂ—ਵੈਸਾਖੀ, ਦੁਸਹਿਰਾ, ਦੀਵਾਲੀ ਤੇ ਹੋਲੀ-ਹੋਲਾ ਆਦਿ-ਲਿਖਣੇ ਅਤੇ ਮੰਨਣੇ ਚਾਹੀਦੇ ਹਨ। ਜੇ ਸੂਰਜੀ ਮਹੀਨਿਆਂ ਦੇ ਆਧਾਰ ਉੱਤੇ ਗੁਰਪੁਰਬ ਆਦਿ ਮਨਾਉਣ ਦਾ ਸਰਬ ਸੰਮਤੀ ਨਾਲ ਫ਼ੈਸਲਾ ਹੋ ਜਾਵੇ ਤਾਂ ਸੂਚੀ ਵਿਚ ਦਰਜ ਪ੍ਰਵਿਸ਼ਟੇ, ਦ੍ਰਿੜ੍ਹਤਾ ਨਾਲ ਮਨਾਉਣ ਤੇ ਪ੍ਰਚਾਰਨ ਦਾ ਉੱਦਮ ਕਰਨਾ ਚਾਹੀਦਾ ਹੈ। ਕਲਪਿਤ ਮਨੌਤੀਆਂ ਉੱਪਰ ਯਕੀਨ ਕਰਕੇ, ਇਤਿਹਾਸ ਵਿਚ ਰੋਲ-ਘਚੋਲ ਪਾਉਣਾ ਕਿਸੇ ਤਰ੍ਹਾਂ ਵੀ ਉਚਿੱਤ ਨਹੀਂ :—

ਵਜ਼ੀਰ ਸਿੰਘ

# ਧਰਮ ਅਤੇ ਦਰਸ਼ਨ ਦਾ ਸੰਬੰਧ

ਵਿਵੇਕ ਤੇ ਵਿਸ਼ਵਾਸ, ਸੂਝ ਤੇ ਸ਼ਰਧਾ ਮਨੁੱਖੀ ਜੀਵਨ ਦੇ ਬੁਨਿਆਦੀ ਪੱਖ ਹਨ, ਜਿਨ੍ਹਾਂ ਦੇ ਆਧਾਰ ਉੱਤੇ ਵਿਅਕਤੀ ਦੀ ਮਾਨਸਿਕ ਤੇ ਆਤਮਕ ਉਸਾਰੀ ਹੁੰਦੀ ਹੈ। ਉਸ ਦੇ ਕੁੱਲ ਵਿਗਿਆਨਿਕ ਤੇ ਦਾਰਸ਼ਨਿਕ ਵਿਚਾਰ, ਵਿਵੇਕ ਅਤੇ ਸੂਝ ਨਾਲ ਸੰਬੰਧਿਤ ਹਨ, ਉਸ ਦਾ ਧਰਮ ਅਤੇ ਆਤਮਕ ਨਿਸਚਾ ਸ਼ਰਧਾ ਅਤੇ ਵਿਸ਼ਵਾਸ ਉੱਤੇ ਆਧਾਰਿਤ ਹੈ। ਮਨੁੱਖ ਦੇ ਜੀਵਨ ਵਿਚ ਵਿਗਿਆਨ, ਫ਼ਲਸਫ਼ੇ ਅਤੇ ਧਰਮ, ਤਿੰਨਾਂ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੈ। ਵਿਗਿਆਨ ਉਸ ਦੇ ਨਿਤ-ਪ੍ਰਤਿ ਜੀਵਨ ਉੱਤੇ ਕਿਸ ਹੱਦ ਤੱਕ ਹਾਵੀ ਹੈ, ਇਹ ਗੱਲ ਕਿਸੇ ਵਿਆਖਿਆ ਦੀ ਮੁਥਾਜ ਨਹੀਂ। ਜਿੱਥੋਂ ਤੱਕ ਉਸ ਦੇ ਮਾਨਸਿਕ ਜੀਵਨ ਦਾ ਸੰਬੰਧ ਹੈ, ਵਿਗਿਆਨ ਉਸ ਨੂੰ ਨਿਸ਼ਚਿਤ ਤੇ ਭਰੋਸੇ-ਯੋਗ ਗਿਆਨ ਪ੍ਰਦਾਨ ਕਰਦਾ ਹੈ। ਦਾਰਸ਼ਨਿਕ ਗਿਆਨ ਵਿਚ ਭਰੋਸੇ-ਯੋਗਤਾ ਦੀ ਮਾਤ੍ਰਾ ਬੇ-ਸ਼ੱਕ ਘੱਟ ਹੈ, ਪਰ ਇਸ ਦੇ ਪ੍ਰਸ਼ਨ ਵਧੇਰੇ ਵਿਸ਼ਾਲ ਹਨ, ਇਸ ਵਿਚ ਮਨੁੱਖੀ ਕਲਪਣਾ ਤੇ ਵਿਵੇਕ ਦੀ ਕ੍ਰਿਆ ਲਈ ਅਧਿਕ ਸੁਤੰਤ੍ਰਤਾ ਹੈ। ਦਾਰਸ਼ਨਿਕ ਸੂਝ ਮਨੁੱਖੀ ਮਨ ਦੇ ਸ਼ੰਕਿਆਂ ਤੇ ਬੌਧਿਕ ਹਿੱਤਾਂ ਦੀ ਸੰਤੁਸ਼ਟੀ ਦਾ ਉਪਰਾਲਾ ਕਰਦੀ ਹੈ। ਧਰਮ ਤੇ ਧਰਮ-ਸਿੱਧਾਂਤ ਵਿਅਕਤੀ ਦੇ ਭਾਵੁਕ ਜੀਵਨ ਦੀ ਟੇਕ ਹਨ, ਇਸ ਖੇਤਰ ਵਿਚ ਸ਼ੰਕਿਆਂ ਤੇ ਪ੍ਰਸ਼ਨਾਂ ਦੀ ਕੋਈ ਥਾਂ ਨਹੀਂ, ਏਥੇ ਗਿਆਨ ਦੀ ਨਿਸ਼ਚਿਤਤਾ, ਵਿਗਿਆਨ ਦੇ ਨਿਸ਼ਚਿਤ ਗਿਆਨ ਨਾਲੋਂ ਵੱਖਰਾ ਅਰਥ ਰੱਖਦੀ ਹੈ। ਦਰਸ਼ਨ ਵਿਚ ਕੁੱਝ ਵਿਗਿਆਨਿਕ ਅੰਸ਼ ਹੈ, ਕੁੱਝ ਧਰਮ-ਸਿੱਧਾਂਤੀ ਅੰਸ਼ ਹੈ। ਅਸਲ ਵਿਚ, ਜਿਵੇਂ ਰੱਸਲ ਨੇ ਕਿਹਾ ਹੈ, ''ਧਰਮ-ਸਿੱਧਾਂਤ ਅਤੇ ਵਿਗਿਆਨ ਦੇ ਵਿਚਕਾਰ ਇਕ ਸ਼ਾਮਲਾਟ ਹੈ, ਜਿਸ ਉੱਤੇ ਦੋਨਾਂ ਪਾਸਿਓਂ ਵਾਰ ਹੋ ਸਕਦਾ ਹੈ। ਇਹ ਸ਼ਾਮਲਾਟ ਫ਼ਲਸਫ਼ਾ ਹੈ।''

ਧਰਮ ਦੇ ਖੇਤਰ ਦਾ ਬੁਨਿਆਦੀ ਸਿੱਧਾਂਤ ਈਸ਼ਵਰਵਾਦ ਹੈ। ਆਧੁਨਿਕ ਯੁਗ ਵਿਚ ਹਰੇਕ ਕੱਟੜ-ਪੰਥੀ ਵਿਸ਼ਵਾਸ-ਪ੍ਰਬੰਧ ਨੂੰ 'ਧਾਰਮਿਕ' ਕਹਿਣ ਦੀ ਰੁਚੀ ਵਧ ਰਹੀ ਹੈ। ਪਰ ਧਰਮ ਤੋਂ ਭਾਵ ਕੇਵਲ ਕੱਟੜ ਵਿਸ਼ਵਾਸ ਹੀ ਨਹੀਂ, ਈਸ਼ਵਰ ਦੀ ਹੋਂਦ ਵਿਚ ਅਬਦਲ ਤੇ ਅਤੁੱਟ ਵਿਸ਼ਵਾਸ ਹੈ। ਇਸ ਵਿਸ਼ਵਾਸ ਨੂੰ ਜਦੋਂ ਦਲੀਲਾਂ ਦੀ ਸਹਾਇਤਾ

ਨਾਲ ਵਿਚਾਰਸ਼ੀਲ ਬਣਾਣ ਦਾ ਯਤਨ ਕਰੀਏ, ਤਾਂ 'ਈਸ਼ਵਰਵਾਦ' ਦਾ ਉਹ ਸਰੂਪ ਪੈਦਾ ਹੁੰਦਾ ਹੈ, ਜਿਸ ਵਿਚ ਦੈਵੀ ਹਸਤੀ ਦੀ ਹੋਂਦ ਬਾਰੇ 'ਸਬੂਤ' ਦਿੱਤੇ ਜਾਂਦੇ ਹਨ। ਈਸ਼ਵਰਵਾਦੀ ਨੁਕਤੇ ਤੋਂ ਰੱਬ ਸਰਬ-ਵਿਆਪਕ ਹੈ, ਪਰ ਇਸ ਦੇ ਨਾਲ ਹੀ ਉਹ ਅਗੋਚਰ ਵੀ ਹੈ। ਰੱਬ ਘਟ-ਘਟ ਵਿਚ ਸਮਾਇਆ ਹੋਇਆ ਹੈ, ਪਰ ਉਹ ਮਨੁੱਖ ਨਾਲੋਂ ਕੋਈ ਉਚੇਰੀ ਤੇ ਪਰੇਡੀ ਹਸਤੀ ਵੀ ਹੈ। 'ਧਰਮ-ਸਿੱਧਾਂਤ' ਈਸ਼ਵਰਵਾਦੀ ਸ਼ਰਧਾ ਨੂੰ ਵਧੇਰੇ ਵਿਵੇਕਸ਼ੀਲ ਰੂਪ ਦੇਂਦਾ ਹੈ। ਇਸ ਵਿਚ ਧਾਰਮਿਕ ਅਨੁਭਵ ਦੀ ਵਿਆਖਿਆ ਦੇਣ ਦਾ ਯਤਨ ਕੀਤਾ ਜਾਂਦਾ ਹੈ; ਸੰਸਾਰ ਨੂੰ ਕਿਸੇ ਦੈਵੀ-ਆਤਮਾ ਦਾ ਪ੍ਰਕਾਸ਼ ਦੱਸਣ ਦੀ ਕੋਸ਼ਿਸ਼ ਹੁੰਦੀ ਹੈ। ਧਰਮ ਸੰਬੰਧੀ, ਵਿਅਕਤੀ ਦਾ ਜੋ ਨਿੱਜੀ ਤੇ ਰਹੱਸਮਈ ਅਨੁਭਵ ਹੈ, ਧਰਮ-ਸਿੱਧਾਂਤ ਉਸ ਨੂੰ ਦਾਰਸ਼ਨਿਕ ਰੂਪ ਬਖ਼ਸ਼ਦਾ ਹੈ, ਤੇ ਵਿਵੇਕਸ਼ੀਲ ਨਿਯਮਾਂ ਦਾ ਅਨੁਸਾਰੀ ਬਣਾਉਂਦਾ ਹੈ। ਧਰਮ-ਸਿੱਧਾਂਤ ਦਰਸ਼ਨ ਦਾ ਇਕ ਵਿਭਾਗ-ਮਾਤਰ ਹੈ, ਜਿਸ ਵਿਚ ਅਨੁਭਵ ਤੇ ਗਿਆਨ ਨੂੰ ਆਤਮਿਕ ਰੰਗਣ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਵਿਵੇਕ ਤੇ ਵਿਸ਼ਵਾਸ ਵਿਚਕਾਰ ਸੰਬੰਧ ਜੋੜਿਆ ਜਾਂਦਾ ਹੈ। ਇਸੇ ਕ੍ਰਿਆ ਦਾ ਅਗਲੇਰਾ ਰੂਪ 'ਧਰਮ-ਦਰਸ਼ਨ' ਹੈ, ਜੋ ਧਰਮ ਨੂੰ ਦਾਰਸ਼ਨਿਕ ਭਾਵਨਾ ਨਾਲ ਸਮਝਣ ਦੇ ਯਤਨ ਵਿੱਚੋਂ ਜਨਮ ਲੈਂਦਾ ਹੈ। ਇਸ ਖੇਤਰ ਵਿਚ ਈਸ਼ਵਰਵਾਦੀ ਵਿਸ਼ਵਾਸ ਲਾਜ਼ਮੀ ਸ਼ਰਤ ਨਹੀਂ; ਧਰਮ ਸੰਬੰਧੀ ਮਨੁੱਖੀ ਅਨੁਭਵ ਅਤੇ ਧਰਮ ਦੀਆਂ ਕਦਰਾਂ-ਕੀਮਤਾਂ ਦੀ ਛਾਣ-ਬੀਣ ਇਸ ਅਧਿਐਨ ਦੇ ਉੱਦੇਸ਼ ਹਨ। ਧਰਮ-ਦਰਸ਼ਨ ਧਾਰਮਿਕ ਗਿਆਨ ਦੀ ਪ੍ਰਮਾਣਿਕਤਾ ਨੂੰ ਨਿਰਪੱਖ ਦ੍ਰਿਸ਼ਟੀ ਤੋਂ ਜਾਂਚਣ ਦਾ ਯਤਨ ਕਰਦਾ ਹੈ। ਇਹ ਮਨੁੱਖ ਦੇ ਧਰਮ ਸੰਬੰਧੀ ਅਨੁਭਵਾਂ ਦੇ ਖੇਤਰ ਵਿਚ ਫ਼ਲਸਫ਼ੇ ਨੂੰ ਲਾਗੂ ਕਰਨ ਦੀ ਕ੍ਰਿਆ ਹੈ।

੨.

'ਧਰਮ' ਨੂੰ ਤਿੰਨ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਇਕ ਅਰਥ ਵਿਚ ਧਰਮ, ਸੰਸਥਾਈ ਰੂਪ ਦਾ ਧਰਮ ਜਾਂ ਮਜ਼ਬ ਹੈ, ਜਿਸ ਅਨੁਸਾਰ ਵਿਅਕਤੀ ਕਿਸੇ ਨਿਸ਼ਚਿਤ ਭਾਈਚਾਰੇ ਦੇ ਇਸ਼ਟ ਨੂੰ ਅਪਣਾ ਲੈਂਦਾ ਹੈ, ਤੇ ਇਸ ਵਿਚ ਸ਼ਰਧਾ ਪੈਦਾ ਕਰ ਲੈਂਦਾ ਹੈ। ਧਰਮ ਦੇ ਇਸ ਰੂਪ ਅਨੁਸਾਰ ਧਾਰਮਿਕ ਪਰੰਪਰਾਵਾਂ, ਰਹਿਤ-ਮਰਿਆਦਾ, ਧਰਮ-ਚਿੰਨ੍ਹ ਅਤੇ ਧਰਮ-ਸਥਾਨ ਸਥਾਪਿਤ ਹੁੰਦੇ ਹਨ। ਇਨ੍ਹਾਂ ਸੰਸਥਾਵਾਂ ਨੂੰ ਕਾਇਮ ਰੱਖਣ ਲਈ ਵਿਸ਼ੇਸ਼ ਅਧਿਕਾਰੀਆਂ ਦੀ ਲੋੜ ਪੈਂਦੀ ਹੈ, ਜੋ ਪੁਜਾਰੀਆਂ, ਧਰਮ-ਨੇਤਾਵਾਂ, ਚਰਚ-ਪਾਦਰੀਆਂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਸੰਸਥਾਈ ਧਰਮ ਦੇ ਅਨੁਯਾਈਆਂ ਵਿਚ ਕੱਟੜ-ਭਾਵ ਪੈਦਾ ਹੋ ਜਾਣੇ ਕੋਈ ਅਨੋਖੀ ਗੱਲ ਨਹੀਂ, ਤੇ ਇਸ ਕਿਸਮ ਦੇ ਧਰਮ ਦਾ ਸੰਪ੍ਰਦਾਇਕ ਉਲਝਣਾਂ ਵਿਚ ਗ੍ਰਸਿਤ ਹੋ ਜਾਣਾ ਵੀ ਸੰਭਵ ਹੈ। ਦੂਜੇ ਅਰਥ ਅਨੁਸਾਰ ਧਰਮ ਇਕ ਸਿੱਧਾਂਤਕ ਨਜ਼ਰੀਆ ਹੈ, ਜਿਸ ਨੂੰ ਧਰਮ-ਸਿੱਧਾਂਤ ਕਹਿਆ ਜਾ ਸਕਦਾ ਹੈ। ਹਰੇਕ ਸੰਸਥਾਈ ਧਰਮ ਦੇ ਪਿੱਛੇ ਕੁਝ ਸਿੱਧਾਂਤਕ ਦ੍ਰਿਸ਼ਟੀਕੋਣ ਤੇ ਵਿਸ਼ਵਾਸ-ਪ੍ਰਬੰਧ ਕੰਮ ਕਰਦੇ ਹੁੰਦੇ ਹਨ। ਬੌਧਿਕ

ਰੁਚੀ ਵਾਲੇ ਵਿਅਕਤੀ ਆਪਣੇ ਪਰਿਵਾਰਿਕ ਧਰਮ ਦੇ ਸਿੱਧਾਂਤਕ ਪੱਖਾਂ ਨੂੰ ਜਾਣਨ ਦਾ ਯਤਨ ਕਰਦੇ ਹਨ, ਅਤੇ ਉਨ੍ਹਾਂ ਦੀ ਸਹੂਲਤ ਲਈ ਧਾਰਮਿਕ ਵਿਆਖਿਆ ਦਾ ਸਾਹਿੱਤ ਰਚਿਆ ਜਾਂਦਾ ਹੈ। ਧਰਮ ਦਾ ਇਹ ਰੂਪ ਅਕਸਰ ਸੰਸਥਾਈ ਧਰਮ ਦੀ ਪੁਸ਼ਟੀ ਕਰਦਾ ਤੇ ਇਸ ਨੂੰ ਬਲਵਾਨ ਬਣਾਉਂਦਾ ਹੈ। ਜੇਕਰ ਕਿਸੇ ਦੂਜੇ ਧਰਮ ਨਾਲ ਟੱਕਰ ਲੈਣੀ ਪਵੇ, ਤਾਂ ਵੀ ਧਰਮ-ਸਿੱਧਾਂਤ ਦੀਆਂ ਦਲੀਲਾਂ ਰਾਹੀਂ ਆਪਣੇ ਧਰਮ ਨੂੰ ਉੱਤਮ ਸਿੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ। ਤੀਜੇ ਮਹੀਨੇ ਵਿਚ, ਧਰਮ ਵਿਅਕਤੀ ਦਾ ਆਤਮਿਕ ਖੇਤਰ ਵਿਚ ਆਪਣਾ ਵਿਸ਼ਵਾਸ-ਪ੍ਰਬੰਧ ਹੈ, ਜਿਸ ਅਨੁਸਾਰ ਉਹ ਨਿੱਜੀ .ਜੀਵਨ ਨੂੰ ਸੇਧ ਦੇਂਦਾ ਤੇ ਆਦਰਸ਼ਾਂ ਦੀ ਸਥਾਪਤੀ ਕਰਦਾ ਹੈ। ਇਸ ਮਨੋਰਥ ਲਈ ਉਹ ਆਪਣੇ ਪਰਿਵਾਰਿਕ ਧਰਮ ਦੀ ਆੜ ਵੀ ਲੈ ਸਕਦਾ ਹੈ, ਤੇ ਇਸ ਤੋਂ ਸੁਤੰਤਰ ਰਹਿਕੇ ਕਿਸੇ ਸਦਾਚਾਰਿਕ ਪ੍ਰਣਾਲੀ ਜਾਂ ਮਨ-ਚਿੰਦੇ ਧਰਮ-ਸਿੱਧਾਂਤ ਦੀ ਅਗਵਾਈ ਵੀ ਪ੍ਰਾਪਤ ਕਰ ਸਕਦਾ ਹੈ। ਏਥੇ ਧਰਮ ਤੋਂ ਭਾਵ ਵਿਅਕਤੀ ਦੇ ਆਤਮਿਕ ਜੀਵਨ ਦੇ ਨਿਸ਼ਚੇ ਤੇ ਵਿਸ਼ਵਾਸ-ਪ੍ਰਬੰਧ ਹਨ।

ਧਰਮ ਤੇ ਸਦਾਚਾਰ ਦਾ ਉਦੇਸ਼ ਮਨੁੱਖ ਨੂੰ ਉੱਤਮਤਾ ਵੱਲ ਲਿਜਾਂਦਾ ਹੈ। ਧਰਮ, ਸ਼ਰਧਾ ਦੀ ਵਿਧੀ ਰਾਹੀਂ, ਵਿਅਕਤੀ ਨੂੰ ਜੀਵਨ ਦੇ ਉਚੇਰੇ ਪੱਖਾਂ ਦੀ ਸੋਝੀ ਦੇਣ ਦਾ ਯਤਨ ਕਰਦਾ ਹੈ। ਇਸ ਮਤਲਬ ਲਈ ਉਹ ਪਾਪ-ਪੁੰਨ, ਨਰਕ-ਸੁਰਗ, ਅਧੋਗਤੀ ਤੇ ਮੁਕਤੀ ਆਦਿਕ ਸੰਕਲਪਾਂ ਦੀ ਵਰਤੋਂ ਕਰਦਾ ਹੈ। ਪਰ ਧਰਮ ਦਾ ਵਧੇਰੇ ਵਿਸ਼ੇਸ਼ ਪੱਖ ਮਹਾਨ ਵਿਅਕਤੀਆਂ, ਰਿਸ਼ੀਆਂ ਤੇ ਸੰਤਾਂ ਦੇ ਬਚਨ ਤੇ ਉਪਦੇਸ਼ ਹਨ, ਜਿਨ੍ਹਾਂ ਵਿਚ ਸਾਧਾਰਨ ਲੋਕਾਂ ਦੀ ਕੇਵਲ ਸ਼ਰਧਾ ਹੁੰਦੀ ਹੈ, ਪਰ ਵਿਚਾਰਵਾਨ ਵਿਅਕਤੀਆਂ ਲਈ ਆਤਮਿਕ ਸੰਦੇਸ਼ ਛੁਪੇ ਹੁੰਦੇ ਹਨ। ਡੂੰਘੀ ਘੋਖ ਨਾਲ ਜਾਚਿਆਂ ਇਨ੍ਹਾਂ ਸੰਦੇਸ਼ਾਂ ਵਿੱਚੋਂ ਮਨੁੱਖ-ਮਾਤਰ ਦੀ ਸਰਬ-ਸਾਂਝੀ ਭਲਾਈ, ਆਤਮਿਕ ਉੱਨਤੀ ਅਤੇ ਆਨੰਦ-ਮਈ ਅਵਸਥਾ ਦੀ ਪ੍ਰਾਪਤੀ ਦੇ ਸੰਕੇਤ ਮਿਲਦੇ ਹਨ, ਜੋ ਲਗਪਗ ਸਾਰੇ ਧਰਮ-ਸਿੱਧਾਂਤਾਂ ਵਿਚ ਸਾਂਝੇ ਹਨ। ਇਨ੍ਹਾਂ ਸੰਕੇਤਾਂ ਦੀ ਸੂਝ, ਵਿਅਕਤੀ ਦੇ ਮਨ ਵਿੱਚੋਂ ਪੱਖ-ਪਾਤ ਤੇ ਵਿਤਕਰੇ ਹਟਾਉਂਦੀ ਤੇ ਉਸ ਨੂੰ ਮਨੁੱਖੀ ਏਕਤਾ ਨਾਲ ਇਕ-ਸੁਰ ਕਰਦੀ ਹੈ। ਇਸ ਤੋਂ ਅਗੇਰੇ, ਧਰਮ ਦੇ ਇਹ ਸੰਕੇਤ ਵਿਅਕਤੀ ਨੂੰ ਬ੍ਰਹਿਮੰਡ ਵਿਚ ਪੱਸਰੀ ਕਿਸੇ ਰਹੱਸਮਈ ਹਕੀਕਤ ਦੀ ਟੋਹ ਲਾਉਣ ਦੀ ਸਮਰਥਾ ਦੇਂਦੇ ਹਨ, ਤੇ ਉਸ ਨੂੰ ਅਜੇਹੀ ਵਿਸਮਾਦਿਤ, ਆਨੰਦਿਤ ਅਵਸਥਾ ਵਿਚ ਲੈ ਜਾਂਦੇ ਹਨ, ਜਿਸ ਨੂੰ ਮੁਕਤੀ ਨਿਰਵਾਣ ਜਾਂ ਪਰਮ-ਪਦ ਦੀ ਪ੍ਰਾਪਤੀ ਕਹਿੰਦੇ ਹਨ। ਇਹ ਸੋਝੀ ਤੇ ਪ੍ਰਾਪਤੀ ਵਿਅਕਤੀ ਨੂੰ ਸ੍ਰੇਸ਼ਟ ਮਨੁੱਖ ਬਣਾਉਂਦੀ ਹੈ, ਤੇ ਉਸ ਨੂੰ ਮਾਨਵਵਾਦੀ ਹਿਤਾਂ ਦੀ ਰਖਵਾਲੀ ਲਈ ਉੱਤੇਜਿਤ ਕਰਦੀ ਹੈ।

ਇਸੇ ਕਿਸਮ ਦਾ ਮਨੁੱਖਵਾਦੀ ਉੱਦੇਸ਼ ਸਦਾਚਾਰਕ ਸਾਧਨਾਂ ਰਾਹੀਂ ਵੀ ਸੰਭਵ ਹੈ। ਧਰਮ ਦਾ ਮਾਰਗ ਸ਼ਰਧਾ ਤੇ ਵਿਸ਼ਵਾਸ਼ ਦਾ ਮਾਰਗ ਹੈ, ਪਰ ਸਦਾਚਾਰ ਦਾ ਮਾਰਗ ਚੇਤਨਤਾ ਤੇ ਸ੍ਵੈ-ਭਰੋਸੇ ਦਾ ਮਾਰਗ ਹੈ। ਧਰਮ ਵਿਚ ਈਸ਼ਵਰ ਪ੍ਰਮੁੱਖ ਹੈ, ਸਦਾਚਾਰ ਵਿਚ

ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਪ੍ਰਧਾਨ ਹਨ। ਇਸ ਵਿਚ ਆਚਰਣ ਨੂੰ ਕੀਮਤਾਂ ਦੀ ਸ਼ੋਧ ਦੇਣੀ ਆਵੱਸ਼ਕ ਹੈ। ਹਰੇਕ ਸਦਾਚਾਰਕ ਪ੍ਰਣਾਲੀ ਦੇ ਪਿੱਛੇ ਕੋਈ ਆਚਰਣ ਸਿੱਧਾਂਤ ਕੰਮ ਕਰਦਾ ਹੈ, ਜੋ ਵਿਅਕਤੀ ਦੇ ਸਮਾਜਿਕ ਵਤੀਰੇ ਦੇ ਆਧਾਰ ਨਿਯਮਿਤ ਕਰਦਾ ਹੈ। ਕੀ ਵਿਅਕਤੀ ਨਿੱਜੀ ਸੁਖ ਦੀ ਪ੍ਰਾਪਤੀ ਲਈ ਕਰਮਸ਼ੀਲ ਹੋਵੇ? ਕੀ ਉਹ ਆਤਮ-ਖ਼ਲਾਸੀ ਲਈ ਯਤਨ ਕਰੇ? ਜਾਂ ਕਿ ਉਹ ਭਾਈਚਾਰੇ ਜਾਂ ਮਨੁਖਤਾ ਦੇ ਹਿਤਾਂ ਲਈ ਉਦਮ ਕਰੇ? ਮਨੁੱਖੀ ਜੀਵਨ ਦੀਆਂ ਸ਼ਿਰੋਮਣੀ-ਕੀਮਤਾਂ ਕੀ ਹਨ ਤੇ ਉਨ੍ਹਾਂ ਦੀ ਅਮਲੀ ਜੀਵਨ ਵਿਚ ਸਾਰਥਕਤਾ ਕਿਵੇਂ ਵਧਾਈ ਜਾ ਸਕਦੀ ਹੈ? ਇਸ ਕਿਸਮ ਦੇ ਪ੍ਰਸ਼ਨਾਂ ਸੰਬੰਧੀ ਵਿਚਾਰ ਸਦਾਚਾਰਕ ਅਧਿਐਨ ਦਾ ਭਾਗ ਹਨ। ਇਸ ਵਿਚ ਈਸ਼ਵਰਵਾਦੀ ਵਿਸ਼ਵਾਸ ਹੋਵੇ, ਜਾਂ ਨਾ ਹੋਵੇ, ਬਹੁਤਾ ਫ਼ਰਕ ਨਹੀਂ ਪੈਂਦਾ। ਧਰਮ ਨੂੰ ਅਵੱਸ਼ ਸਦਾਚਾਰਕ ਵਸੀਲਿਆਂ ਦੀ ਲੋੜ ਹੁੰਦੀ ਹੈ; ਪਰ ਆਚਰਣ-ਸਿੱਧਾਂਤ ਧਰਮ ਤੋਂ ਸੁਤੰਤਰ ਰੂਪ ਵਿਚ ਵੀ ਸੰਭਵ ਹੈ। ਮਨੋਰਥ ਦੋਹਾਂ ਦੇ ਮਿਲਦੇ ਜੁਲਦੇ ਹਨ। ਧਰਮ-ਸਿੱਧਾਂਤ ਮਨੁੱਖ ਨੂੰ ਦੈਵੀ ਦ੍ਰਿਸ਼ਟੀ ਪੈਦਾ ਕਰਨ ਲਈ ਪ੍ਰੇਰਦਾ ਹੈ; ਆਚਰਣ-ਗਿਆਨ ਸਦਾਚਾਰਕ ਸੂਝ ਪੈਦਾ ਕਰਨ ਦਾ ਉਪਰਾਲਾ ਹੈ। ਦੈਵੀ-ਦ੍ਰਿਸ਼ਟੀ ਵਿਅਕਤੀ ਨੂੰ ਆਪੇ ਦੀ ਤੰਗ ਕੈਦ ਵਿੱਚੋਂ ਕੱਢਦੀ ਤੇ ਉਸ ਨੂੰ ਸਮੇਂ ਸਥਾਨ ਤੋਂ ਉੱਪਰ ਉੱਠ ਕੇ ਵਿਸ਼ਵ-ਸੋਝੀ ਦੇ ਕਾਬਿਲ ਬਣਾਉਂਦੀ ਹੈ। ਸਦਾਚਾਰਕ ਦ੍ਰਿਸ਼ਟੀ ਉਸ ਨੂੰ ਸੁਆਰਥੀ ਹਿੱਤਾਂ ਦੇ ਤਿਆਗ ਤੇ ਪਰਮਾਰਥਕ ਹਿਤਾਂ ਦੀ ਵ੍ਰਿੱਧੀ ਲਈ ਸੁਚੇਤ ਯਤਨ ਦੀ ਸਮਰੱਥਾ ਦੇਂਦੀ ਹੈ। ਨਿਸ਼ਾਨਾ ਦੋਹਾਂ ਦਾ ਮਨੁੱਖ ਨੂੰ ਸੁਹਣੇਰਾ, ਵਧੇਰੇ ਸੁਚੱਜਾ, ਤੇ ਸਮਾਜਿਕ ਜੀਵਨ ਲਈ ਵੱਧ ਤੋਂ ਵੱਧ ਅਸਰਦਾਇਕ ਤੇ ਉਪਯੋਗੀ ਬਣਾਉਣਾ ਹੈ।

ਆਚਰਣ ਗਿਆਨ ਅਤੇ ਕਦਰਾਂ-ਕੀਮਤਾਂ ਦਾ ਅਧਿਐਨ ਦਾਰਸ਼ਨਿਕ ਚਿੰਤਨ ਦਾ ਭਾਗ ਹਨ। ਦਰਸ਼ਨ ਵਿਚ ਹੋਰ ਕੀ ਕੁੱਝ ਹੈ, ਤੇ ਦਾਰਸ਼ਨਿਕ ਅਧਿਐਨ ਦਾ ਵਿਸ਼ੇਸ਼ ਲੱਛਣ ਤੇ ਸਰੂਪ ਕੀ ਹੈ? ਦਰਸ਼ਨ ਦਾ ਧਰਮ-ਸਿੱਧਾਂਤ ਉੱਤੇ ਕੀ ਪ੍ਰਭਾਵ ਪੈਂਦਾ ਹੈ, ਤੇ ਧਾਰਮਿਕ ਜੀਵਨ ਵਿਚ ਇਸ ਪਾਸੋਂ ਕਿਸ ਕਿਸਮ ਦੀ ਸਹਾਇਤਾ ਮਿਲ ਸਕਦੀ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਲੱਭਣ ਲਈ 'ਦਰਸ਼ਨ' ਬਾਰੇ ਸਪਸ਼ਟ ਹੋਣ ਦੀ ਲੋੜ ਹੈ। ਭਾਰਤੀ ਚਿੰਤਨ ਵਿਚ 'ਦਰਸ਼ਨ' ਦਾ ਵਿਸ਼ੇਸ਼ ਅਰਥ ਹੈ—ਇਸ ਦਾ ਭਾਵ ਦੇਖਣਾ, ਦੀਦਾਰ ਕਰਨਾ ਜਾਂ ਜਲਵਾ ਹਾਸਿਲ ਕਰਨਾ ਹੈ। ਭਾਰਤੀ ਫ਼ਲਸਫ਼ਾ ਹਕੀਕਤ ਦਾ ਪ੍ਰਤੱਖ ਜਲਵਾ ਕਰਾਉਣ ਦਾ ਮਾਰਗ ਹੈ; ਇਸੇ ਲਈ ਇਸ ਦੇ ਵੱਖ ਵੱਖ ਮਤਾਂ-ਮਤਾਂਤਰਾਂ ਨੂੰ ਦਰਸ਼ਨ ਕਿਹਾ ਗਿਆ ਹੈ। ਇਹ ਸਭ ਆਪਣੇ ਆਪਣੇ ਢੰਗ ਨਾਲ ਪਰਮ-ਸਤਿ ਦਾ ਦੀਦਾਰ ਕਰਨ ਦੇ ਉਪਰਾਲੇ ਹਨ। ਇਨ੍ਹਾਂ ਅਰਥਾਂ ਵਿਚ ਭਾਰਤੀ ਚਿੰਤਨ ਤੇ ਧਰਮ ਇਕ ਦੂਜੇ ਦੇ ਬਹੁਤ ਨੇੜੇ ਹਨ। ਭਾਰਤ ਦਾ ਫ਼ਲਸਫ਼ਾ ਓਨਾ ਹੀ ਉਪਯੋਗੀ ਹੈ, ਜਿੰਨਾ ਇਸ ਦਾ ਧਰਮ। ਇਸ ਫ਼ਲਸਫ਼ੇ ਅਨੁਸਾਰ ਹਕੀਕਤ ਦੇ ਲੱਛਣਾਂ ਦਾ ਗਿਆਨ ਕੇਵਲ ਗਿਆਨ ਦੀ ਖਾਤਿਰ ਹੀ ਨਹੀਂ ਲੋੜੀਂਦਾ, ਇਸ ਦਾ ਮਨੋਰਥ ਮਨੁੱਖ ਨੂੰ ਮੁਕਤੀ ਦਾ

ਮਾਰਗ ਦਿਖਾਣਾ ਹੈ । ਜੇਕਰ ਗਿਆਨ, ਵਿਗਿਆਨ ਤੇ ਫ਼ਲਸਫ਼ੇ ਨੇ ਇਨਸਾਨ ਨੂੰ ਆਤਮਿਕ ਸੋਝੀ ਨਹੀਂ ਦੇਣੀ, ਸੁਮਾਰਗ ਨਹੀਂ ਦਿਖਾਣਾ, ਤਾਂ ਭਾਰਤੀ ਵਿਚਾਰਧਾਰਾ ਅਨੁਸਾਰ ਪੜ੍ਹ ਪੜ੍ਹ ਕੇ ਗ੍ਰੰਥਾਂ ਦੇ ਢੇਰ ਲਾਈ ਜਾਣ ਦਾ ਕੋਈ ਅਰਥ ਨਹੀਂ । ਲੇਖੇ ਤਾਂ ਇੱਕੋ ਗੱਲ ਲਗਣੀ ਹੈ, ਬਾਕੀ ਸਾਰੀ ਹਉਮੈ ਦੀ ਝਖ-ਝਖ ਹੈ । ਭਾਰਤ ਦੀ ਦਾਰਸ਼ਨਿਕ ਪਰੰਪਰਾ ਸਭ ਕੀਮਤਾਂ ਦਾ ਸੋਮਾ ਈਸ਼ਵਰ ਨੂੰ ਮੰਨਦੀ ਹੈ, ਤੇ ਈਸ਼ਵਰ ਇੱਕੋ ਇਕ ਪਰਮ-ਸਤਿ ਜਾਂ ਬ੍ਰਹਮ ਦਾ ਸਗੁਣ ਸਰੂਪ ਹੈ । ਇਹ ਬ੍ਰਹਮ ਨਾ ਕੇਵਲ ਨਿੱਤ (ਸਤਿ) ਹੈ, ਇਹ ਪ੍ਰਕਾਸ਼ (ਚਿੱਤ), ਸੁਖ (ਆਨੰਦ) ਤੇ ਵਿਭੂ (ਵਿਆਪਕ) ਵੀ ਹੈ। ਬ੍ਰਹਮ ਹੀ ਪ੍ਰਭੂ, ਤੇ ਸੰਸਾਰ ਦੇ ਨਾਮ-ਰੂਪ ਦਾ ਆਧਾਰ ਹੈ । ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਗੁਰੂ ਨਾਨਕ ਨੇ ਬ੍ਰਹਮ ਨੂੰ 'ਸਤਿ' ਤੇ 'ਨਾਮੁ' ਆਖਿਆ ਹੈ।

ਪੱਛਮੀ ਵਿਚਾਰਧਾਰਾ 'ਫ਼ਲਸਫ਼ੇ' ਨੂੰ ਕੇਵਲ 'ਦਰਸ਼ਨ' ਦੇ ਅਰਥਾਂ ਵਿਚ ਸਵੀਕਾਰ ਨਹੀਂ ਕਰਦੀ। ਇਸ ਦੀ ਆਪਣੀ ਪਰੰਪਰਾ ਹੈ, ਜਿਸ ਅਨੁਸਾਰ ਇਹ ਧਰਮ ਨਾਲੋਂ ਅੱਡਰਾ ਤੇ ਨਿਵੇਕਲਾ ਅਧਿਐਨ ਹੈ । ਆਧੁਨਿਕ ਅਰਥਾਂ ਵਿਚ, 'ਫ਼ਲਸਫ਼ੇ' ਦੇ ਤਿੰਨ ਮੁੱਖ ਕਰਤੱਵ ਹਨ : (1) ਮਨੁੱਖ ਨੂੰ ਜੀਵਨ-ਜਾਚ ਦੱਸਣੀ, ਉਸ ਨੂੰ ਮਨੁੱਖੀ ਜੀਵਨ ਦੀਆਂ ਕੀਮਤਾਂ ਦੀ ਪਛਾਣ ਕਰਨ ਲਈ ਸੂਝ-ਸਿਆਣਪ ਦੇਣੀ ਤੇ ਸੇਧ ਬਖਸ਼ਣੀ। (2) ਦੂਜਾ ਕਰਤੱਵ ਕਿਆਸਕਾਰੀ ਹੈ, ਜਿਸ ਅਨੁਸਾਰ ਫ਼ਲਸਫ਼ਾ ਵਿਅਕਤੀ ਨੂੰ ਨਵੇਂ ਵਿਸ਼ਵਾਸ-ਪ੍ਰਬੰਧ ਗ੍ਰਹਿਣ ਕਰਨ ਵਿਚ ਸਹਾਇਤਾ ਦੇਂਦਾ ਹੈ । ਭਾਰਤ ਵਿਚ ਦਰਸ਼ਨ ਦਾ ਇਹ ਵਿਭਾਗ 'ਤੱਤ-ਗਿਆਨ' ਦਾ ਵਿਭਾਗ ਸੀ । ਪੱਛਮ ਵਿਚ ਇਸ ਨੂੰ 'ਹੋਂਦ-ਸਿੱਧਾਂਤ' ਕਿਹਾ ਗਿਆ । ਇਸ ਅਧਿਐਨ ਦਾ ਸੰਬੰਧ ਹਕੀਕਤ ਜਾਂ ਪਰਮ-ਸਚਾਈ ਦੀ ਖੋਜ ਨਾਲ ਹੈ, ਜਿਸ ਵਿਚ ਬ੍ਰਹਮ, ਜੀਵ, ਸੰਸਾਰ, ਸਮਾਂ ਤੇ ਸਥਾਨ, ਸਭ ਦੀ ਹਸਤੀ ਤੇ ਹੋਂਦ ਬਾਰੇ ਕਿਆਸ ਪ੍ਰਸਤੁਤ ਕੀਤੇ ਜਾਂਦੇ ਹਨ । ਵਿਗਿਆਨਿਕ ਦ੍ਰਿਸ਼ਟੀ ਤੋਂ ਅਜੇਹਾ ਗਿਆਨ ਨਿਸ਼ਚਿਤ ਤੇ ਪੂਰਨ ਭਰੋਸੇ-ਯੋਗ ਗਿਆਨ ਬੇ-ਸ਼ੱਕ ਨਹੀਂ, ਪਰ ਇਸ ਤੋਂ ਵਿਗਿਆਨ ਨੂੰ ਕਈ ਕੀਮਤੀ ਸੰਕੇਤ ਤੇ ਪ੍ਰਾਕਲਪਨਾਵਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਦੀ ਉਹ ਆਪਣੇ ਢੰਗ ਨਾਲ ਪੜਤਾਲ ਕਰਦਾ ਹੈ। (3) ਤੀਜਾ ਕਰਤੱਵ ਫ਼ਲਸਫ਼ੇ ਦਾ ਆਲੋਚਨਾਤਮਕ ਹੈ, ਜਿਸ ਅਨੁਸਾਰ ਸੰਕਲਪਾਂ, ਵਿਸ਼ਵਾਸਾਂ ਤੇ ਸਿੱਧਾਂਤਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਇਨ੍ਹਾਂ ਦੀ ਜਾਂਚ-ਪੜਤਾਲ ਕੀਤੀ ਜਾਂਦੀ, ਤੇ 'ਅਰਥ' ਨਿਰਧਾਰਿਤ ਕੀਤਾ ਜਾਂਦਾ ਹੈ । ਪਹਿਲੇ ਕਰਤੱਵ ਅਨੁਸਾਰ ਫ਼ਲਸਫ਼ਾ 'ਕੀਮਤਾਂ' ਦਾ ਅਧਿਐਨ ਹੈ; ਦੂਸਰੇ ਕਰਤੱਵ ਅਨੁਸਾਰ ਇਹ 'ਕਿਆਸਕਾਰੀ ਹੈ । ਪਰ ਕੀਮਤਾਂ ਅਤੇ ਅਸਲੀਅਤ ਦਾ 'ਅਰਥ' ਕੀ ਹੈ ? ਮਨੁੱਖੀ ਗਿਆਨ ਦੇ ਲੱਛਣ ਕੀ ਹਨ, ਇਸ ਦਾ ਖੇਤਰ ਕਿੰਨਾ ਵਿਸ਼ਾਲ ਤੇ ਇਸ ਦੀਆਂ ਸੀਮਾਵਾਂ ਕਿਹੜੀਆਂ ਹਨ ? ਆਪਣੇ ਤੀਜੇ ਕਰਤੱਵ ਅਨੁਸਾਰ ਫਲਸਫ਼ਾ 'ਗਿਆਨ-ਸਿੱਧਾਂਤ' ਹੈ; ਇਹ ਉਨ੍ਹਾਂ ਵਿਧੀਆਂ ਦੀ ਖੋਜ

ਕਰਦਾ ਹੈ, ਜਿਨ੍ਹਾਂ ਰਾਹੀਂ ਮਨੁੱਖ ਗੋਚਰ ਤੇ ਅਗੋਚਰ ਸਚਾਈ ਦਾ ਗਿਆਨ ਪ੍ਰਾਪਤ ਕਰਦਾ ਹੈ। ਸਮੁੱਚੇ ਰੂਪ ਵਿਚ, ਫ਼ਲਸਫ਼ਾ ਇਨ੍ਹਾਂ ਤਿੰਨਾਂ ਪੱਖਾਂ ਦਾ ਜੋੜ ਹੈ। ਇਹ ਕਿਆਸਕਾਰੀ, ਅਰਥ, ਤੇ ਜੀਵਨ-ਜਾਚ ਨਾਲ ਸੰਬੰਧਿਤ ਸਰਬੰਗੀ ਤੇ ਵਿਸ਼ਾਲ ਪ੍ਰਸ਼ਨਾਂ ਦਾ ਨੇਮ-ਬੱਧ ਤੇ ਤਾਰਕਿਕ ਅਧਿਐਨ ਹੈ। ਦੂਜੇ ਸ਼ਬਦਾਂ ਵਿਚ, ਫ਼ਲਸਫ਼ਾ ਕੀਮਤ-ਸਿੱਧਾਂਤ, ਹੋਂਦ-ਸਿੱਧਾਂਤ ਤੇ ਗਿਆਨ-ਸਿੱਧਾਂਤ ਦਾ ਸਮੁੱਚ ਹੈ।

ਫ਼ਲਸਫ਼ੇ ਦੇ ਵਿਸ਼ਾਲ ਅਰਥਾਂ ਵਿਚ 'ਦਰਸ਼ਨ' ਜਾਂ 'ਦਾਰਸ਼ਨਿਕ ਅਧਿਐਨ' ਵਿਸ਼ਵ ਦੇ ਸੱਚ ਦੀ ਵਿਵੇਕਸ਼ੀਲ ਖੋਜ ਹੈ। ਇਸ ਦੀ 'ਕਿਆਸਕਾਰੀ' ਤਰਕਸ਼ੀਲਤਾ ਦਾ ਲੜ ਨਹੀਂ ਛੱਡਦੀ, ਤੇ 'ਵਿਸ਼ਲੇਸ਼ਣ' ਹੈ ਹੀ ਬੌਧਿਕ ਕ੍ਰਿਆ। ਦਾਰਸ਼ਨਿਕ ਗਿਆਨ ਵਿਸ਼ੇਸ਼ ਤੇ ਨਿਵੇਕਲੇ ਰੂਪ ਵਿਚ 'ਮਨੁੱਖੀ' ਗਿਆਨ ਹੈ। ਇਸ ਦਾ ਹੋਂਦ-ਸਿੱਧਾਂਤੀ ਭਾਗ ਮਨੁਖੀ-ਗਿਆਨ ਦੀਆਂ ਵਿਸ਼ੇਸ਼ਤਾਈਆਂ, ਪ੍ਰਮਾਣਿਕਤਾ ਤੇ ਸੀਮਾਵਾਂ ਦਾ ਅਧਿਐਨ ਕਰਦਾ ਹੈ। ਇਹ ਮਨੁੱਖ ਦੇ ਵਿਵੇਕ ਦਾ ਵਿਸ਼ਵਾਸ ਤੇ ਅਕੀਦੇ ਨਾਲ ਸੰਬੰਧ ਸਮਝਣ ਦਾ ਯਤਨ ਕਰਦਾ ਹੈ। ਜਿਨ੍ਹਾਂ ਵਿਸ਼ਵਾਸਾਂ ਤੇ ਸਿਧਾਂਤਾਂ ਨੂੰ ਮਨੁੱਖ 'ਧਰਮ' ਦਾ ਨਾਮ ਦੇਂਦਾ ਹੈ, ਦਾਰਸ਼ਨਿਕ ਪੜਤਾਲ ਉਨ੍ਹਾਂ ਦਾ 'ਅਰਥ' ਨਿਸ਼ਚਿਤ ਕਰਨ ਲਈ ਕਰਮਸ਼ੀਲ ਹੁੰਦੀ ਹੈ। ਧਰਮ ਨੂੰ ਦਾਰਸ਼ਨਿਕ ਸਹਾਇਤਾ ਦੀ ਲੋੜ ਇਸ ਲਈ ਵੀ ਪੈਂਦੀ ਹੈ ਕਿ ਦਾਰਸ਼ਨਿਕ ਸੋਝੀ ਤੋਂ ਬਿਨਾਂ ਇਹ ਵਲਵਲਾਵਾਦ ਜਾਂ ਭਾਵਨਾਵਾਦ ਬਣ ਕੇ ਰਹਿ ਜਾਂਦਾ ਹੈ। ਦਰਸ਼ਨ ਦੇ ਸਾਥ ਤੋਂ ਬਿਨਾਂ ਇਸ ਵਿਚ ਵਿਵੇਕ-ਰਹਿਤ ਅੰਸ਼ ਆ ਜਾਂਦੇ ਹਨ, ਉਪਭਾਵੁਕਤਾ ਆ ਜਾਂਦੀ ਹੈ। ਦੂਜੇ ਪਾਸੇ, ਦਾਰਸ਼ਨਿਕ ਚਿੰਤਨ ਜਦੋਂ ਧਰਮ ਦੇ ਵਿਸ਼ਵਾਸ ਤੋਂ ਬਿਨਾਂ ਆਪਣੇ ਵਿਸ਼ੇ ਦਾ ਅਧਿਐਨ ਕਰਦਾ ਹੈ, ਤਾਂ ਇਸ ਵਿਚ ਤਾਰਕਿਕ ਖ਼ੁਸ਼ਕੀ ਤੇ ਕੱਟੜਤਾ ਆ ਜਾਂਦੀ ਹੈ, ਤੇ ਇਹ ਦਲੀਲਬਾਜ਼ੀ ਦੀਆਂ ਉਲਝਣਾਂ ਵਿਚ ਪਲਚ ਜਾਂਦਾ ਹੈ। ਜੇ ਫ਼ਲਸਫ਼ੇ ਵਿਚ 'ਗਿਆਨ' ਦੀ ਪ੍ਰੀਤ ਹੈ, ਤਾਂ ਧਰਮ ਵਿਚ 'ਪ੍ਰੀਤ' ਦਾ ਗਿਆਨ ਹੈ। ਧਰਮ ਵਿਚ ਗਿਆਨ ਦਾ ਦਾਰਸ਼ਨਿਕ ਪ੍ਰਕਾਸ਼ ਆ ਜਾਣਾ ਧਰਮ ਨੂੰ ਉਚੇਰਾ ਲੈ ਜਾਂਦਾ ਹੈ। 'ਸੂਝ' ਤੇ 'ਸ਼ਰਧਾ' ਮਿਲ ਕੇ ਇਕ ਉੱਤਮ ਰਵੱਈਆ ਪੈਦਾ ਕਰਦੇ ਹਨ, ਇਕੱਲੀ ਸਰਧਾ ਹਾਨੀਕਾਰਕ ਹੈ, ਬਿਨਾਂ ਸ਼ਰਧਾ ਸੂਝ ਥੋਥੀ ਹੈ। ਇਹ ਇਕ ਦੂਜੀ ਨੂੰ ਬਲਵਾਨ ਬਣਾਉਂਦੀਆਂ ਹਨ। ਜਿਸ ਸੱਚ ਨੂੰ ਫ਼ਲਸਫ਼ਾ ਵਿਵੇਕਸ਼ੀਲ ਵਿਧੀ ਦੁਆਰਾ ਖੋਜਦਾ ਹੈ, ਧਰਮ ਉਸੇ ਸੱਚ ਨੂੰ ਗਤੀਸ਼ੀਲ ਰੂਪ ਵਿਚ ਮਨੁੱਖੀ ਆਤਮਾ ਸਾਹਮਣੇ ਉਜਾਗਰ ਕਰ ਦੇਂਦਾ ਹੈ। ਧਰਮ ਤੋਂ ਭਾਵ ਏਥੇ ਕੇਵਲ ਸੰਸਥਾਈ ਜਾਂ ਸਿਧਾਂਤਕ ਧਰਮ ਨਹੀਂ; ਇਹ ਮਨੁੱਖ ਦੇ ਉਚੇਰੇ ਵਿਸ਼ਵਾਸਾਂ ਦਾ ਸਮੁੱਚ ਹੈ, ਜਿਨ੍ਹਾਂ ਤੋਂ ਬਿਨਾਂ ਉਹ ਪਦਾਰਥਿਕ ਸੰਸਾਰ ਦੇ ਹਾਣ-ਲਾਭ ਵਿਚ ਗੁਆਚਿਆ ਰਹਿੰਦਾ ਹੈ, ਕਿਸੇ ਆਦਰਸ਼ ਹੋਂਦ ਦੀ ਤਾਂਘ ਉਸ ਦੇ ਹਿਰਦੇ ਵਿਚ ਨਹੀਂ ਮਚਲਦੀ, ਤੇ ਨਾ ਹੀ ਉਹ ਹਉਮੈਂ ਦੀ ਤੰਗ ਕੈਦ ਤੋਂ ਮੁਕਤ ਹੋ ਸਕਦਾ ਹੈ।

੪.

ਧਰਮ ਨੂੰ ਦਾਰਸ਼ਨਿਕ ਭਾਵਨਾ ਨਾਲ ਸਮਝਣ ਦੇ ਯਤਨ ਵਿਚ ਸੰਸਾਰ ਦੇ ਉੱਘੇ ਦਾਰਸ਼ਨਿਕਾਂ ਦੇ ਮਨੁੱਖੀ ਹਿਰਦੇ ਨੇ ਕਈ ਡੂੰਘੇ ਪ੍ਰਸ਼ਨਾਂ ਦਾ ਉੱਤਰ ਲੱਭਣ ਦੀ ਚੇਸ਼ਟਾ

ਕੀਤੀ ਹੈ ! ਉਨ੍ਹਾਂ ਨੇ ਈਸ਼ਵਰ ਦੀ 'ਹੋਂਦ' ਦੇ ਹੱਕ ਵਿਚ ਦਲੀਲਾਂ ਤੇ ਸਬੂਤ ਪੇਸ਼ ਕੀਤੇ ਹਨ। ਇਕ ਸਬੂਤ 'ਵਿਸ਼੍ਵਮਈ' ਹੈ, ਜਿਸ ਅਨੁਸਾਰ ਬ੍ਰਹਿਮੰਡ ਦਾ 'ਕਾਰਣ' ਮਿੱਥਿਆ ਜਾਂਦਾ ਹੈ, ਜੋ ਇੱਕੋ ਇਕ ਨਿਰੰਕੁਸ਼ ਬ੍ਰਹਮ ਤੋਂ ਬਿਨਾਂ ਹੋਰ ਕੋਈ ਹਸਤੀ ਨਹੀਂ ਹੋ ਸਕਦੀ। ਦੂਜਾ 'ਮਨੋਰਥਮਈ' ਸਬੂਤ ਹੈ, ਜਿਸ ਅਨੁਸਾਰ ਬ੍ਰਹਿਮੰਡ ਦੀ 'ਵਿਉਂਤ' ਕਿਸੇ ਗ਼ੈਬੀ ਸ਼ਕਤੀ ਦਾ ਅਨੁਮਾਨ ਦੇਂਦੀ ਹੈ, ਜਿਸ ਨੇ ਸੰਸਾਰ ਰਚਨਾ ਵਿਚ ਕੋਈ ਰਹੱਸਮਈ ਮੰਤਵ ਭਰ ਰੱਖੇ ਹਨ। ਤੀਜਾ 'ਹੋਂਦ-ਪਰਕ' ਸਬੂਤ ਹੈ—ਜਿਸ ਦਾ ਆਧਾਰ ਮਨੁੱਖੀ ਮਨ ਵਿਚ ਈਸ਼ਵਰ ਦੀ 'ਹੋਂਦ' ਦਾ ਸੰਕਲਪ ਹੈ ਤੇ ਇਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਇਸ ਸੰਕਲਪ ਦਾ ਸੋਮਾ ਅਵੱਸ਼ ਮੌਜੂਦ ਹੈ; ਈਸ਼ਵਰ ਦੇ ਵਿਚਾਰ ਨੂੰ ਅਸੀਂ ਆਪਣੇ ਆਪ ਵਿੱਚੋਂ ਪੈਦਾ ਨਹੀਂ ਕਰ ਸਕਦੇ। ਇਨ੍ਹਾਂ 'ਸਬੂਤਾਂ' ਅਨੁਸਾਰ ਰੱਬ ਦੀ ਹੋਂਦ ਯਕੀਨੀ ਮਲੂਮ ਹੁੰਦੀ ਹੈ; ਬੇਸ਼ੱਕ ਇਹ ਠੀਕ ਹੈ ਕਿ ਹਰੇਕ ਸਬੂਤ ਦਾ ਖੰਡਨ ਵੀ ਦਾਰਸ਼ਨਿਕਾਂ ਨੇ ਓਨੇ ਹੀ ਜ਼ੋਰ ਨਾਲ ਕੀਤਾ ਹੈ, ਜਿੰਨੇ ਨਾਲ ਸਬੂਤ ਦਿੱਤੇ ਗਏ ਹਨ। ਇਕ ਹੋਰ ਸਬੂਤ 'ਕੀਮਤਾਂ' ਨਾਲ ਸੰਬੰਧਿਤ ਹੈ, ਜਿਸ ਅਨੁਸਾਰ ਅਸੀਂ ਹੋਣਾ 'ਚਾਹੀਦਾ' ਤੋਂ 'ਹੈ' ਦਾ ਅਨੁਮਾਨ ਕਰਦੇ ਹਾਂ। ਉੱਤਮ ਤੋਂ ਉੱਤਮ ਕਦਰਾਂ-ਕੀਮਤਾਂ ਵਾਲੀ ਤੇ ਈਸ਼ਵਰੀ ਗੁਣਾਂ ਵਾਲੀ ਦੈਵੀ ਹਸਤੀ ਜ਼ਰੂਰ ਹੋਣੀ ਚਾਹੀਦੀ ਹੈ, ਨਹੀਂ ਤਾਂ ਕੀਮਤਾਂ ਦਾ ਕੋਈ ਅਰਥ ਨਹੀਂ; ਸੋ ਅਜੇਹੀ ਹਸਤੀ ਅਵੱਸ਼ ਹੈ। ਇਹ ਹਸਤੀ ਈਸ਼ਵਰ ਜਾਂ 'ਪੁਰਖ' ਹੈ, ਜਿਸ ਵਿਚ ਚੇਤਨਤਾ ਦਾ ਗੁਣ ਪ੍ਰਾਪਤ ਹੈ। ਇਹ 'ਅਨੰਤ' ਹਸਤੀ ਹੈ; ਨਿਰੋਲ 'ਵਿਚਾਰ' ਦਾ ਸਰੂਪ ਰੱਖਦੀ ਹੈ; ਤੇ ਮਨੁੱਖੀ ਦਲੀਲ ਤੋਂ ਉਚੇਰੀ ਹੈ। ਉਸ ਦਾ 'ਹੁਕਮ' ਬ੍ਰਹਿਮੰਡ ਵਿਚ ਵਿਆਪਕ ਹੈ; ਇਹ ਰਚਨਹਾਰ ਸ਼ਕਤੀ ਹੈ; ਸਰਬ-ਸਮਰੱਥ ਹੈ, ਸੁਤੰਤਰ ਹੈ, ਆਨੰਦ-ਸਰੂਪ ਹੈ। ਇਸ ਕਿਸਮ ਦੇ ਸੰਕਲਪਾਂ ਨੂੰ ਵੇਰਵੇ ਸਹਿਤ ਦਾਰਸ਼ਨਿਕਾਂ ਨੇ ਕਥਨ ਕੀਤਾ ਹੈ, ਤੇ ਗਿਆਨ-ਸਿੱਧਾਂਤ ਦੀਆਂ ਵਿਸ਼ਲੇਸ਼ਣੀ ਕਸਵੱਟੀਆਂ ਦੁਆਰਾ ਇਨ੍ਹਾਂ ਦੀ ਆਲੋਚਨਾਤਮਕ ਪਰਖ ਕੀਤੀ ਹੈ।

ਈਸ਼ਵਰਵਾਦੀ ਦਾਰਸ਼ਨਿਕ ਪੂਰਨ ਤੌਰ ਉੱਤੇ ਮਾਦਾਵਾਦੀ ਜਾਂ ਸ਼ੰਕਾਵਾਦੀ ਨਹੀਂ ਹੋ ਸਕਦੇ। ਉਹ ਕਿਸੇ ਨਾ ਕਿਸੇ ਰੂਪ ਵਿਚ ਈਸ਼ਵਰ ਦੀ ਹੋਂਦ, ਪਰਮ-ਆਤਮਾ ਜਾਂ ਸ਼ੁੱਧ-ਚੇਤਨਤਾ ਦਾ ਅਨੁਮਾਨ ਜ਼ਰੂਰ ਕਰਦੇ ਹਨ। ਇਕ ਈਸ਼ਵਰਵਾਦੀ ਏਕ-ਵਾਦੀ ਹੋ ਸਕਦਾ ਹੈ, ਦੂਜਾ ਦ੍ਵੈਤ-ਵਾਦੀ ਜਾਂ ਆਦਰਸ਼ਵਾਦੀ ਜਾਂ ਮਨੋਰਥਵਾਦੀ, ਕੁੱਝ ਵੀ ਹੋ ਸਕਦਾ ਹੈ। ਇਨ੍ਹਾਂ ਸਾਰਿਆਂ ਵਿਚ 'ਵਿਸ਼ਵਾਸ' ਦੀ ਸਾਂਝ ਹੈ। ਮਨੁੱਖੀ ਜੀਵਨ ਵਿਚ ਵਿਸ਼ਵਾਸ ਦੀ ਆਪਣੀ ਥਾਂ ਹੈ। ਕਈ ਕੰਮ ਵਿਸ਼ਵਾਸ ਨਾਲ ਸੁਖਾਲੇ ਹੋ ਜਾਂਦੇ ਹਨ। ਜੇਕਰ ਸਾਨੂੰ ਸੁਚੇਤ ਰੂਪ ਵਿਚ ਪਤਾ ਹੋਵੇ ਕਿ ਕਿਸੇ ਗੱਲ ਵਿਚ ਸਾਡਾ ਯਕੀਨ ਵਿਸ਼ਵਾਸ ਉੱਤੇ ਆਧਾਰਿਤ ਹੈ, ਤਾਂ ਸਾਡਾ ਯਕੀਨ ਘਟੀਆ ਨਹੀਂ ਹੋ ਜਾਂਦਾ। ਇਹ ਸਥਿਤੀ ਅਧ-ਵਿਸ਼ਵਾਸ ਤੋਂ ਭਿੰਨ ਹੈ, ਜਿਸ ਵਿਚ ਸਾਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਕਿਸ ਆਧਾਰ ਉੱਤੇ ਕੋਈ ਯਕੀਨ ਅਪਣਾ ਰਹੇ ਹਾਂ, ਜਾਂ ਸ਼ਰਧਾ ਲਿਆ ਰਹੇ ਹਾਂ। ਕਈ ਹਾਲਤਾਂ ਵਿਚ, ਬੇ-ਯਕੀਨੀ ਸਚਾਈ ਦੀ ਪ੍ਰਾਪਤੀ ਵਿਚ ਬਾਧਕ ਸਾਬਤ ਹੁੰਦੀ ਹੈ। ਜੇ ਅਸੀਂ ਇਹ ਸੋਚ ਕੇ ਈਸ਼ਵਰ ਵਿਚ ਯਕੀਨ ਕਰ ਲਈਏ ਕਿ

'ਜੇ' ਈਸ਼ਵਰ ਹੋਇਆ ਅਤੇ ਅਸੀਂ ਉਸ ਵਿਚ ਯਕੀਨ ਨਾ ਰੱਖਿਆ ਤਾਂ ਅਸੀਂ ਇਕ ਅਜੇਹੇ ਅਨੁਭਵ ਤੋਂ ਵਾਂਝੇ ਰਹਿ ਜਾਵਾਂਗੇ ਜੋ ਕੇਵਲ ਈਸ਼ਵਰਵਾਦੀਆਂ ਨੂੰ ਪ੍ਰਾਪਤ ਹੁੰਦਾ ਹੈ, ਤਾਂ ਇਹ ਯਕੀਨ ਸਾਨੂੰ ਲਾਭ ਪੁਚਾਂਦਾ ਹੈ । ਦਾਰਸ਼ਨਿਕ ਭਾਵਨਾ ਵਾਲੇ ਵਿਅਕਤੀ ਲਈ ਕੋਈ ਮਜਬੂਰੀ ਨਹੀਂ ਕਿ ਉਹ ਇਸ਼ਟ ਨੂੰ ਕੇਵਲ 'ਪੁਰਖ' ਰੂਪ ਵਿਚ ਹੀ ਸੋਚੇ । ਧਰਮ ਮਨੁੱਖ ਦੇ ਪੁਰਖੀ ਗੁਣਾਂ ਤੋਂ ਅੱਗੇ ਵਧ ਕੇ ਇਕ ਅਲੌਕਿਕ ਪੁਰਖ ਦੇ ਕਿਆਸ ਵਿਚ ਸ਼ਰਧਾ ਲਿਆਉਂਦਾ ਹੈ । ਪਰ ਦਰਸ਼ਨ ਦੁਨਿਆਵੀ ਹੋਂਦਾਂ ਤੋਂ ਪਰਮ-ਹਸਤੀ ਦੇ ਕਿਆਸ ਵੱਲ ਵੱਧਦਾ ਹੈ, ਤੇ ਰੱਬ ਨੂੰ ਬ੍ਰਹਿਮੰਡੀ ਨਿਯਮ, ਕਾਨੂੰਨ, ਜਾਂ ਹੋਂਦ-ਰਹਿਤ 'ਹਸਤੀ' ਅਨੁਮਾਨਿਤ ਕਰਦਾ ਹੈ ।

ਚਾਹੇ ਧਰਮ ਦੇ ਪੱਖ ਤੋਂ ਦੇਖਿਆ ਜਾਏ, ਚਾਹੇ ਦਾਰਸ਼ਨਿਕ ਪੱਖ ਤੋਂ, ਬ੍ਰਹਿਮੰਡ ਦਾ ਰੱਹਸ ਮਨੁੱਖ ਦੇ ਸਿਖਰਲੇ ਅਨੁਭਵਾਂ ਦਾ ਸੋਮਾ ਹੈ; ਮਨੁੱਖੀ ਹਿਰਦੇ ਦੇ ਉਚੇਰੇ ਅਨੁਭਵਾਂ ਵਿਚ ਰੱਹਸਮਈ ਅਨੁਭਵ ਪ੍ਰਮੁੱਖ ਹੈ । ਵਿਸ਼ਵ-ਰਹੱਸ ਦੀ ਵਿਸ਼ੇਸ਼ਤਾਈ ਹੈ ਕਿ ਇਸ ਦੀ ਸਚਾਈ ਖੋਜੀ ਜਾ ਸਕਦੀ ਹੈ 'ਸੱਚ' ਦੀ ਵੱਧ ਤੋਂ ਵੱਧ ਪ੍ਰਾਪਤੀ ਦੇ ਨਿਰੰਤਰ ਯਤਨ ਸੰਭਵ ਹਨ । ਪਰ ਸੱਚ ਦਾ ਮੁਤਲਾਸ਼ੀ ਕਈ ਵਾਰੀ ਵਿਸ਼ਵ ਦੇ ਅਦਭੁਤ ਰੱਹਸ ਦੇ ਰੂਬਰੂ ਅਚੰਭਿਤ ਹੋ ਕੇ ਰਹਿ ਜਾਂਦਾ ਹੈ । ਮਨੁੱਖੀ ਜੀਵਨ ਵਿਚ ਅਜੇਹੇ ਪਲ ਵੀ ਆਉਂਦੇ ਹਨ. ਜਦੋਂ ਵਿਅਕਤੀ ਕੁਦਰਤ ਦੇ ਵਿਡਾਣ ਦਾ ਸੁਹਜਮਈ ਅਨੁਭਵ ਕਰਕੇ ਵਿਸਮਾਦ ਅਵਸਥਾ ਨੂੰ ਜਾ ਪੁੱਜਦਾ ਹੈ । ਇਹ ਸ਼ਾਇਦ ਉਸ ਦਾ ਉੱਚਤਮ ਧਾਰਮਿਕ ਅਨੁਭਵ ਹੁੰਦਾ ਹੈ ।

——


# ਦੀ ਪੰਜਾਬ ਐਂਡ ਸਿੰਧ ਬੈਂਕ ਲਿਮਟਿਡ

(ਜਾਰੀ ਹੋਇਆ 1908)

ਰਜਿਸਟਰਡ ਆਫ਼ਿਸ :
ਹਾਲ ਬਾਜ਼ਾਰ, ਅੰਮ੍ਰਿਤਸਰ

ਸੈਂਟ੍ਰਲ ਐਡਮਿਨਿਸਟ੍ਰੇਟਿਵ ਆਫ਼ਿਸ :
ਐਚ. ਬਲਾਕ, ਲਖਸ਼ਮੀ ਇਨਸ਼ੂਰੈਂਸ ਬਿਲਡਿੰਗ
ਕਨਾਟ ਸਰਕਸ, ਨਵੀਂ ਦਿੱਲੀ

ਟਾਈਮ ਡੀਪਾਜ਼ਿਟ ਉੱਤੇ ਸੂਦ $5\frac{1}{2}$ ਤੋਂ $7\frac{1}{2}$ ਫ਼ੀ ਸਦੀ ।

ਸੇਵਿੰਗ ਬੈਂਕ ਉੱਤੇ ਸੂਦ 4 ਰੁਪੈ ਸੈਂਕੜਾ

ਰੁਪਿਆ ਕਢਾਉਣ ਲਈ ਚੈਕ ਸਿਸਟਮ (1 ਸਾਲ ਵਿਚ 140 ਚੈਕ)

ਬ੍ਰਾਂਚਾਂ, ਜਿਹੜੀਆਂ ਭਾਰਤ ਵਿਚ ਕੰਮ ਕਰ ਰਹੀਆਂ ਹਨ :—

ਅੰਮ੍ਰਿਤਸਰ, ਅੰਬਾਲਾ ਸ਼ਹਿਰ, ਡਿਹਰਾਦੂਨ, ਦਿੱਲੀ (ਚਾਂਦਕੀ ਚੌਕ), ਦਿੱਲੀ (ਕਰੋਲ ਬਾਗ), ਦਿੱਲੀ (ਪਹਾੜਗੰਜ), ਜਲੰਧਰ, ਹੋਸ਼ਿਆਰਪੁਰ, ਕਾਨਪੁਰ, ਕਰਨਾਲ, ਖਨਾ, ਲੁਧਿਆਣਾ ਅਤੇ ਪਟਿਆਲਾ ।

ਹੋਰ ਪੁੱਛ ਗਿੱਛ ਵਾਸਤੇ ਹੈੱਡ ਆਫ਼ਿਸ ਐਚ ਬਲਾਕ ਕਨਾਟ ਸਰਕਸ, ਨਵੀਂ ਦਿੱਲੀ ਜਾਂ ਕਿਸੇ ਬ੍ਰਾਂਚ-ਮੈਨੇਜਰ ਕੋਲੋਂ ਪਤਾ ਕਰੋ ।

ਇੰਦਰਜੀਤ ਸਿੰਘ, ਜਨਰਲ ਮੈਨੇਜਰ

ਸੋਹਿੰਦਰ ਸਿੰਘ ਬੇਦੀ—

# ਪੋਠੋਹਾਰੀ ਉੱਪ-ਭਾਖਾ

ਪੋਠੋਹਾਰੀ ਇਕ ਆਧੁਨਿਕ ਭਾਰਤੀ-ਆਰੀਆਂ ਦੀ ਬੋਲੀ ਹੈ, ਜੋ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਉਸ ਖੇਤਰ ਵਿਚ ਬੋਲੀ ਜਾਂਦੀ ਹੈ, ਜਿਸ ਨੂੰ ਪੋਠੋਹਾਰ ਕਿਹਾ ਜਾਂਦਾ ਹੈ ਅਤੇ ਇਹ ਪੰਜਾਬੀ ਭਾਸ਼ਾ ਦੀ ਇਕ ਉਪ-ਭਾਖਾ ਹੈ। ਪੋਠੋਹਾਰ ਸਿੰਧ ਸਾਗਰ ਦੁਆਬ ਦਾ ਇਕ ਮਹਤ੍ਵ-ਪੂਰਣ ਖੰਡ ਹੈ ਅਤੇ ਉਸ ਖੇਤਰ ਦਾ ਸਮੁੱਚਾ ਨਾਂ ਹੈ ਜੋ ਨਿੱਕੀਆਂ ਵੱਡੀਆਂ ਪਹਾੜੀਆਂ ਤੇ ਵਾਦੀਆਂ, ਨਦੀਆਂ ਨਾਲਿਆਂ ਤੇ ਕੱਸੀਆਂ ਆਦਿ ਨੂੰ ਹਿਕ ਵਿਚ ਵਲ੍ਹੇਟੀ ਜਿਹਲਮ ਦਰਿਆ ਦੇ ਪੱਛਮ ਵੱਲ ਅਤੇ ਚਕਵਾਲ ਤਹਿਸੀਲ ਦੇ ਪੂਰਬ ਵੱਲ ਪੱਸਰਿਆ ਪਿਆ ਹੈ।

ਪੋਠੋਹਾਰੀ ਜਿਸ ਖੇਤਰ ਵਿਚ ਬੋਲੀ ਜਾਂਦੀ ਹੈ, ਉਸ ਵਿਚ ਹੇਠ-ਲਿਖੇ ਇਲਾਕੇ ਸ਼ਾਮਿਲ ਹਨ :

(1) ਜ਼ਿਲਾ ਰਾਵਲਪਿੰਡੀ ਦੀਆਂ ਚਾਰੇ ਤਹਿਸੀਲਾਂ :—
ਰਾਵਲਪਿੰਡੀ, ਗੁੱਜਰਖ਼ਾਨ, ਕੋਹੂਟਾ ਤੇ ਕੋਹਮਰੀ
(ਕੋਹਮਰੀ ਦੀ ਬੋਲੀ ਵਿਚ ਪਹਾੜੀ ਰੰਗ ਕਾਫ਼ੀ ਮਾਤਰਾ ਵਿਚ ਹੈ।)

(2) ਜ਼ਿਲਾ ਜਿਹਲਮ :—
(i) ਜਿਹਲਮ ਦੀ ਸਾਰੀ ਤਹਿਸੀਲ
(ii) ਚਕਵਾਲ ਤਹਿਸੀਲ ਦਾ ਉਹ ਪੂਰਬੀ ਭਾਗ ਜੋ ਰਾਵਲਪਿੰਡੀ ਜ਼ਿਲੇ ਦੇ ਨਾਲ ਲਗਦਾ ਹੈ।
(iii) ਪਿੰਡ ਦਾਦਨ ਖ਼ਾਨ ਤਹਿਸੀਲ ਵਿਚ 'ਸਾਲਟ ਰੇਂਜ'* ਦੇ ਪੂਰਬ ਦਾ ਕੁੱਝ ਇਲਾਕਾ।
(ਜ਼ਿਲਾ ਜਿਹਲਮ ਦੇ ਬਾਕੀ ਇਲਾਕੇ ਵਿਚ 'ਧਨੀ' ਉਪ-ਭਾਖਾ ਬੋਲੀ ਜਾਂਦੀ ਹੈ।)

---

*ਸਾਲ੍ਟ ਰੇਂਜ ਜਾਂ ਨਿਮਕ ਦੀਆਂ ਪਹਾੜੀਆਂ ਜਿਹਲਮ ਜ਼ਿਲੇ ਦੇ ਦੱਖਣ ਵੱਲ ਤੇ ਸ਼ਾਹਪੁਰ ਤੇ ਮੀਆਂ ਵਾਲੀ ਦੇ ਜ਼ਿਲਿਆਂ ਦੇ ਉੱਤਰ ਵੱਲ ਜਿਹਲਮ ਦਰਿਆ ਤੋਂ ਸਿੰਧ ਤਕ ਪੱਸਰੀਆਂ ਪਈਆਂ ਹਨ। ਇਨ੍ਹਾਂ ਦਾ ਕੁਝ ਇਲਾਕਾ ਜ਼ਿਲਾ ਜਿਹਲਮ ਦੀ ਪਿੰਡ ਦਾਦਨ ਖ਼ਾਨ ਤਹਿਸੀਲ ਵਿੱਚੋਂ ਲੰਘਦਾ ਹੈ। ਇੱਥੋਂ ਲੰਘਦੇ ਸਾਲ੍ਟ ਰੇਂਜ ਦੇ ਪੂਰਬੀ ਭਾਗ ਦੀ ਭਾਸ਼ਾ ਉਹੋ ਪੋਠੋਹਾਰੀ ਹੈ ਜੋ ਜਿਹਲਮ ਤਹਿਸੀਲ ਵਿਚ ਬੋਲੀ ਜਾਂਦੀ ਹੈ, ਪਰ ਪੱਛਮੀ ਭਾਗ ਵਿਚ 'ਧਨੀ' ਭਾਸ਼ਾ ਬੋਲੀ ਜਾਂਦੀ ਹੈ। ਪੱਛਮ ਵੱਲ ਸਾਲ੍ਟ ਰੇਂਜ ਸ਼ਾਹਪੁਰ ਵਿਚੋਂ ਲੰਘਦਾ ਹੈ ਤਾਂ ਇਸਦੀ ਭਾਸ਼ਾ ਸ਼ਾਹਪੁਰੀ ਹੋ ਗਈ ਹੈ। ਸੋ ਸਾਲ੍ਟ ਰੇਂਜ ਦੇ ਸਾਰੇ ਇਲਾਕੇ ਵਿਚ ਇੱਕੋ ਭਾਸ਼ਾ ਨਹੀਂ ਬੋਲੀ ਜਾਂਦੀ।

(3) ਜਿਹਲਮ ਦਰਿਆ ਤੋਂ ਪਾਰ ਗੁਜਰਾਤ ਜ਼ਿਲੇ ਦੀ ਉੱਤਰ-ਦੱਖਣੀ ਗੁੱਠ ਵਿਚ, ਜੋ ਉੱਤਰ-ਪੂਰਬ ਵੱਲੋਂ ਦੱਖਣ-ਪੱਛਮ ਵੱਲ ਲੰਘ ਗਈਆਂ ਪਹਾੜੀਆਂ ਤੇ ਦਰਿਆ ਜਿਹਲਮ ਦੇ ਵਿਚਕਾਰ ਬਣਦੀ ਹੈ, ਪੋਠੋਹਾਰੀ ਬੋਲੀ ਜਾਂਦੀ ਹੈ।

(4) ਜ਼ਿਲਾ ਅਟਕ ਦੀ ਅਟਕ ਤਹਿਸੀਲ (ਜਿਸ ਵਿਚ ਕੈਂਬਲਪੁਰ ਦਾ ਇਲਾਕਾ ਸ਼ਾਮਿਲ ਹੈ) ਵੀ ਪੋਠੋਹਾਰੀ ਉਪ-ਭਾਖਾ ਬੋਲਣ ਵਾਲਾ ਖੇਤਰ ਹੈ।
(ਅਟਕ ਜ਼ਿਲੇ ਦੀਆਂ ਬਾਕੀ ਤਹਿਸੀਲਾਂ ਪਿੰਡੀਘੇਬ, ਤਲਾਗੰਗ ਤੇ ਫ਼ਤਹਜੰਗ ਵਿਚ ਤਰਤੀਬਵਾਰ 'ਘੇਬੀ', 'ਅਵਾਣਕਾਰੀ' ਤੇ 'ਸਵਾਈਂ' ਉਪ-ਭਾਖਾਵਾਂ ਬੋਲੀਆਂ ਜਾਂਦੀਆਂ ਹਨ।

(5) ਹਜ਼ਾਰਾ ਜ਼ਿਲੇ ਦੀ ਹਰੀਪੁਰ ਤਹਿਸੀਲ ਦੀ ਬੋਲੀ ਵੀ ਪੋਠੋਹਾਰੀ ਹੈ।

ਪੋਠੋਹਾਰੀ ਦੇ ਨਾਲ ਲਗਦੇ ਦੂਜੇ ਉਪ-ਭਾਖਾਈ ਖੇਤਰਾਂ ਦਾ ਵਰਣਨ ਕਰਨਾ ਵੀ ਜ਼ਰੂਰੀ ਹੈ, ਜਿਨ੍ਹਾਂ ਵਿਚ ਪੋਠੋਹਾਰੀ ਇੰਜ ਘੁਲੀ ਮਿਲੀ ਹੈ ਕਿ ਸਪਸ਼ਟ ਰੂਪ ਵਿਚ ਸੀਮਾਵਾਂ ਨਿਖੇੜਨੀਆਂ ਕਠਿਨ ਹਨ। ਜ਼ਿਲਾ ਜਿਹਲਮ ਵਿਚ 'ਪੋਠੋਹਾਰੀ' ਤੇ 'ਧਨੀ' ਦੀਆਂ ਸੀਮਾਵਾਂ ਲੁੰਡੀ ਪੱਟੀ ਵਿਚ ਜਾ ਰਲਦੀਆਂ ਹਨ। ਲੁੰਡੀ ਪੱਟੀ ਦੇ ਪੱਛਮ ਵਲ 'ਧਨੀ' ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ ਤੇ ਪੂਰਬ ਵੱਲ 'ਪੋਠੋਹਾਰੀ' ਦਾ। ਲੁੰਡੀ ਪੱਟੀ ਦੇ ਪਿੰਡ ਨਾ 'ਧਨੀ' ਵਿਚ ਗਿਣੇ ਜਾਂਦੇ ਹਨ ਤੇ ਨਾ 'ਪੋਠੋਹਾਰੀ' ਵਿੱਚ। ਉਂਜ ਇਥੋਂ ਦੇ ਕਿਸੇ ਪਿੰਡ ਵਿਚ 'ਧਨੀ' ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਕਿਸੇ ਵਿਚ ਪੋਠੋਹਾਰੀ ਦਾ।

ਰਾਵਲਪਿੰਡੀ ਦੇ ਜ਼ਿਲੇ ਵਿਚ ਕੋਹਮਰੀ ਦੇ ਪਹਾੜੀ ਇਲਾਕਿਆਂ ਦੀਆਂ ਉਪ-ਭਾਖਾਵਾਂ ਦੇ ਨਾਂ ਉਥੋਂ ਦੇ ਸਥਾਨਕ ਕਬੀਲਿਆਂ ਚਿੱਭ, ਢੁੰਡ ਤੇ ਕੈੜਿਆਲ ਦੇ ਨਾਂ ਉਤੇ ਹੀ ਤਰਤੀਬਵਾਰ ਚਿਭਾਲੀ, ਢੂੰਡੀ ਤੇ ਕੈੜਿਆਲੀ ਆਦਿ ਪ੍ਰਸਿੱਧ ਹਨ। ਇਹ ਉਪ-ਭਾਖਾਵਾਂ ਪੋਠੋਹਾਰੀ ਦੇ ਹੀ ਪਹਾੜੀ ਰੂਪ ਹਨ। ਚਿਭਾਲੀ ਦਾ ਇਲਾਕਾ ਪੁਣਛ ਨਾਲ ਜਾ ਲਗਦਾ ਹੈ ਤੇ ਉਸ ਉੱਤੇ ਪੁਣਛੀ ਦਾ ਪ੍ਰਭਾਵ ਕਾਫ਼ੀ ਡੂੰਘਾ ਹੈ।

ਜ਼ਿਲਾ ਅਟਕ ਦੇ ਮੱਧ ਵਿਚ ਪੂਰਬ ਵਾਲੇ ਪਾਸੇ ਫ਼ਤਹਜੰਗ ਦੀ ਤਹਿਸੀਲ ਸੁਆਂ ਦਰਿਆ ਦੇ ਦੁਪਾਸੀਂ ਲੇਟੀ ਹੋਈ ਹੈ ਤੇ ਇਥੋਂ ਦੀ ਬੋਲੀ ਨੂੰ 'ਸਵਾਈਂ' ਕਿਹਾ ਜਾਂਦਾ ਹੈ। ਸਵਾਈਂ 'ਧਨੀ' ਉਪ-ਭਾਖਾ ਦਾ ਹੀ ਇਕ ਰੂਪ ਹੈ ਤੇ ਪੋਠੋਹਾਰੀ ਘੇਬੀ ਤੇ ਅਵਾਨਕਾਰੀ ਆਦਿ ਦੇ ਭਾਖਾਈ ਖੇਤਰਾਂ ਵਿਚ ਘਿਰੀ ਹੋਈ ਹੈ। ਪੋਠੋਹਾਰ ਨਾਲ ਲਗਦੇ ਇਲਾਕਿਆਂ ਵਿਚ ਇਸ ਉੱਤੇ ਕੁੱਝ ਰੰਗ ਪੋਠੋਹਾਰੀ ਦਾ ਚੜ੍ਹ ਜਾਂਦਾ ਹੈ, ਧਨ ਨਾਲ ਲਗਦੇ ਇਲਾਕਿਆਂ ਵਿਚ 'ਧਨੀ' ਦਾ ਤੇ ਕਿਧਰੇ ਕਿਧਰੇ ਘੇਬੀ ਦਾ ਵੀ ਅਸਰ ਹੈ। ਗਰੀਅਰਸਨ ਸੁਆਂ ਦੀ ਉਪ-ਭਾਖਾ ਨੂੰ 'ਧਨੀ' ਵਿਚ ਹੀ ਗਿਣਦਾ ਹੈ।

ਜ਼ਿਲਾ ਅਟਕ ਦੇ ਦੱਖਣ ਵੱਲ ਤਲਾਗੰਗ ਦੀ ਤਹਿਸੀਲ ਵਿੱਚ ਅਵਾਨਕਾਰੀ ਉਪ-ਭਾਖਾ ਬੋਲੀ ਜਾਂਦੀ ਹੈ। ਇਸ ਉਪ-ਭਾਖਾ ਦਾ ਨਾਂ ਅਵਾਨ ਕਬੀਲੇ ਦੇ ਨਾਂ ਉੱਤੇ ਹੀ ਅਵਾਨਕਾਰੀ ਪਿਆ। ਇਸ ਦੀ ਸ਼ਬਦਾਵਲੀ ਬਹੁਤੀ ਪੋਠੋਹਾਰੀ ਵਾਲੀ ਹੀ ਹੈ। ਕਈ ਗੱਲਾਂ ਵਿਚ ਇਹ ਪੋਠੋਹਾਰੀ ਨਾਲ ਮੇਲ ਵੀ ਖਾਂਦੀ ਹੈ, ਪਰ ਕਈਆਂ ਵਿਚ ਨਹੀਂ, ਜਿਵੇਂ ਅਵਾਨਕਾਰੀ ਵਿਚ ਸਰਵਨਾਂਵ 'ਮਾਂਹ' 'ਤਾਂਹ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਟਕ ਜ਼ਿਲੇ

ਦੇ ਮੱਧ ਵਿਚ ਪੱਛਮ ਵਾਲੇ ਪਾਸੇ ਪਿੰਡੀ ਘੇਬ ਤਹਿਸੀਲ ਹੈ, ਜਿਸ ਵਿਚ ਘੇਬੀ ਉਪ-ਭਾਖਾ ਬੋਲੀ ਜਾਂਦੀ ਹੈ, ਜੋ ਅਵਾਣਕਾਰੀ ਨਾਲ ਬਹੁਤ ਮੇਲ ਖਾਂਦੀ ਹੈ।

ਲੂਣ ਦੀਆਂ ਪਹਾੜੀਆਂ ਜਿਹਲਮ ਜ਼ਿਲੇ ਦੇ ਦੱਖਣੀ ਹਿੱਸੇ ਅਤੇ ਸ਼ਾਹਪੁਰ ਤੇ ਮੀਆਂਵਾਲੀ ਜ਼ਿਲਿਆਂ ਦੀ ਉੱਤਰੀ ਦਿਸ਼ਾ ਨਾਲ ਟਕਰਾਂਦੀਆਂ ਜਿਹਲਮ ਦਰਿਆ ਤੋਂ ਸਿੰਧ ਤਕ ਪੱਸਰੀਆਂ ਹੋਈਆਂ ਹਨ। ਇਨ੍ਹਾਂ ਪਹਾੜੀਆਂ ਦੇ ਪੂਰਬੀ ਸਿਰੇ ਦੀ ਉਪ-ਭਾਖਾ, ਜੋ ਜਿਹਲਮ ਤਹਿਸੀਲ ਨਾਲ ਲਗਦਾ ਹੈ; ਪੋਠੋਹਾਰੀ ਹੈ, ਜਦ ਕਿ ਪਛਮੀ ਸਿਰੇ ਦੀ ਜੋ ਚਕਵਾਲ ਤਹਿਸੀਲ ਦੇ ਨਾਲ ਲਗਦਾ ਹੈ, ਧਨੀ ਹੈ।

## ਪੋਠੋਹਾਰੀ ਦੇ ਰੂਪ

ਪੋਠੋਹਾਰੀ ਦੇ ਕਈ ਰੂਪ ਮਿਲਦੇ ਹਨ। ਜ਼ਿਲਾ ਜਿਹਲਮ ਤੇ ਰਾਵਲਪਿੰਡੀ ਦੇ ਮੈਦਾਨੀ ਇਲਾਕੇ ਵਿਚ ਜੋ ਪੋਠੋਹਾਰੀ ਬੋਲੀ ਜਾਂਦੀ ਹੈ, ਉਹ ਕੋਹੁਟੇ ਤੇ ਮਰੀ ਦੀਆਂ ਪਹਾੜੀ ਤਹਿਸੀਲਾਂ ਵਿਚ ਬੋਲੀ ਜਾਂਦੀ ਪੋਠੋਹਾਰੀ ਨਾਲੋਂ ਕੁਝ ਭਿੰਨਤਾ ਰੱਖਦੀ ਹੈ। ਕੋਹੁਟੇ ਦੀ ਤਹਿਸੀਲ ਵਿਚ ਹਮੇਸ਼ਾ 'ਅੱਛਣਾ' 'ਗੱਛਣਾ' ਹੀ ਵਰਤਿਆ ਜਾਂਦਾ ਹੈ, ਜਦੋਂ ਕਿ ਮੈਦਾਨੀ ਇਲਾਕਿਆਂ ਵਿਚ 'ਆਨਾ' 'ਜਾਨਾ' ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸੁਰਾਂ ਤੇ ਅਨੁਨਾਸਿਕਤਾ ਦੀ ਵਰਤੋਂ ਵਿਚ ਵੀ ਕੁੱਝ ਫ਼ਰਕ ਪਿਆ ਹੋਇਆ ਹੈ। ਪਹਾੜੀ ਤੇ ਮੈਦਾਨੀ ਉਪ-ਭਾਖਾਵਾਂ ਵਿਚ ਹਮੇਸ਼ਾ ਹੀ ਅੰਤਰ ਹੁੰਦਾ ਹੈ। ਪਹਾੜਾਂ ਦੀ ਭੂਗੋਲਿਕ ਸਥਿਤੀ ਕੁੱਝ ਅਜਿਹੀ ਹੁੰਦੀ ਹੈ ਕਿ ਜੇ ਆਵਾਜਾਈ ਦੇ ਰਾਹ ਤੇ ਵਸੀਲੇ ਸੁਖਾਵੇਂ ਨਾ ਹੋਣ ਤਾਂ ਉਹ ਮੈਦਾਨਾਂ ਨਾਲੋਂ ਕੱਟੇ ਰਹਿੰਦੇ ਹਨ ਤੇ ਉਨ੍ਹਾਂ ਦੀ ਭਾਸ਼ਾ ਸਮਾਂ ਪਾ ਕੇ ਮੈਦਾਨੀ ਭਾਸ਼ਾ ਨਾਲੋਂ ਕੁੱਝ ਭਿੰਨ ਹੋ ਜਾਂਦੀ ਹੈ। ਪਹਾੜੀ, ਪੋਠੋਹਾਰੀ ਤੇ ਕੋਹਮਰੀ ਦੀਆਂ ਪਹਾੜੀਆਂ ਵਿਚ ਜੋ ਪੋਠੋਹਾਰੀ ਬੋਲੀ ਜਾਂਦੀ ਹੈ, ਉਹ ਕੋਹੁਟੇ ਦੀ ਪੋਠੋਹਾਰੀ ਨਾਲੋਂ ਭਿੰਨ ਹੈ। ਢੂੰਡੀ-ਕੈੜਿਆਲੀ ਵਿਚ ਮਹਾੜਾ (ਮ੍ਹਾੜਾ), ਤੁਹਾੜ੍ਹਾ (ਤ੍ਹਾੜਾ), ਸਾੜ੍ਹਾ, ਤੁਸਾਹੜਾ (ਸੁਹਾੜਾ) ਆਦਿ ਸਰਵਨਾਵਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਚਿਭਾਲੀ ਦਾ ਇਲਾਕਾ ਪੁਣਛ ਨਾਲ ਜਾ ਲਗਦਾ ਹੈ ਤੇ ਉਸ ਉਤੇ ਪੁਣਛ ਦਾ ਪ੍ਰਭਾਵ ਚੋਖਾ ਹੈ। ਗਰੀਅਰਸਨ ਇਸ ਨੂੰ ਕਸ਼ਮੀਰ ਦੀਆਂ ਦੱਖਣ-ਪਛਮੀ ਪਹਾੜੀਆਂ ਵਿਚ ਬੋਲੀ ਜਾਂਦੀ ਉਪ-ਭਾਖਾ ਦਾ ਹੀ ਸਰੂਪ ਮੰਨਦਾ ਹੈ।

ਮੈਦਾਨੀ ਇਲਾਕੇ ਵਿਚ ਵੀ ਸ਼ਹਿਰੀ ਤੇ ਪੇਂਡੂ ਪਠੋਹਾਰੀ ਵਿਚ ਕਾਫ਼ੀ ਅੰਤਰ ਹੈ। ਪਿੰਡਾਂ ਦੇ ਅੱਲ੍ਹੜ ਤੇ ਸ਼ਹਿਰੀ ਰਹਿਣੀ ਤੋਂ ਅਭਿੱਜ ਲੋਕਾਂ ਦੀ ਬੋਲੀ ਵਿਚ 'ਮਹਾੜਾ', 'ਤੁਹਾੜਾ', 'ਅੱਛਣਾ', 'ਗੱਛਣਾ' ਆਦਿ ਸ਼ਬਦ ਆਮ ਮਿਲਦੇ ਹਨ ਅਤੇ ਅਨੁਨਾਸਿਕਤਾ ਤੇ ਸੁਰ ਦੀ ਜੋ ਅਧਿਕਤਾ ਵੇਖਣ ਵਿਚ ਆਉਂਦੀ ਹੈ, ਉਹ ਸ਼ਹਿਰੀਆਂ ਵਿਚ ਨਹੀਂ। ਸ਼ਹਿਰੀ ਮੈਂਡਾ, ਤੈਂਡਾ, ਆਨਾ, ਜਾਨਾ ਦਾ ਪ੍ਰਯੋਗ ਕਰਦੇ ਹਨ ਤੇ ਕਈ ਵਾਧੂ ਸੁਰ ਜੋ ਸ਼ਬਦਾਂ ਨੂੰ ਲਮਕਾਣ, ਛੁਟਿਆਣ ਲਈ ਪੇਂਡੂ ਵਰਤਦੇ ਹਨ, ਉਨ੍ਹਾਂ ਦਾ ਪ੍ਰਯੋਗ ਸ਼ਹਿਰੀਏ ਨਹੀਂ ਕਰਦੇ। ਇਸ ਇਲਾਕੇ ਦੀ ਰਾਜ-ਭਾਸ਼ਾ ਉਰਦੂ ਦੇ ਅਨੇਕਾਂ ਸ਼ਬਦ ਜਿਨ੍ਹਾਂ ਦਾ ਪ੍ਰਯੋਗ ਕੋਈ ਪੇਂਡੂ ਪੋਠੋਹਾਰੀ ਤਦਭਾਵ ਰੂਪ ਵਿਚ ਕਰਦਾ ਹੈ, ਸ਼ਹਿਰੀ ਜਾਂ

ਪੜ੍ਹਿਆ ਲਿਖਿਆ ਪੋਠੋਹਾਰੀ ਤਤਸਮ ਦੇ ਨੇੜੇ ਰਹਿਣ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਪੇਂਡੂ ਪੋਠੋਹਾਰੀ 'ਕਾਗਦ' ਜਾਂ 'ਕਾਗਤ' ਕਹਿੰਦਾ ਹੈ ਪਰ ਸ਼ਹਿਰੀ 'ਕਾਗ਼ਜ਼' ।

ਜਿਹਲਮ ਤੇ ਰਾਵਲਪਿੰਡੀ ਦੇ ਜ਼ਿਲਿਆਂ ਦੀ ਪੋਠੋਹਾਰੀ ਵਿਚ ਕਾਫ਼ੀ ਅੰਤਰ ਹੈ। ਜਿਹਲਮ ਦੀ ਪੋਠੋਹਾਰੀ ਉੱਤੇ ਧਨੀ ਤੇ ਸ਼ਾਹਪੁਰੀ ਦਾ ਅਸਰ ਹੈ । ਜਿਹਲਮ ਵਿਚ 'ਸੀ', 'ਸਨ' ਕ੍ਰਿਆ ਦਾ ਪ੍ਰਯੋਗ ਵੀ ਕਰ ਲਿਆ ਜਾਂਦਾ ਹੈ। ਜਿਹਲਮ ਵਿਚ 'ਵਿੱਚੋਂ', 'ਕੋਲੋਂ' ਕਿਹਾ ਜਾਂਦਾ ਹੈ ਪਰ ਰਾਵਲਪਿੰਡੀ ਵਿਚ 'ਵਿੱਚੂੰ'; 'ਕੋਲੂੰ' ।

ਪੋਠੋਹਾਰ ਦੇ ਇਲਾਕੇ ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ ਮੁਸਲਮਾਨਾਂ ਤੋਂ ਬਿਨਾਂ ਹਿੰਦੂ ਸਿੱਖ ਵੀ ਵੱਸਦੇ ਸਨ। ਹਿੰਦੂਆਂ ਸਿੱਖਾਂ ਦਾ ਸਭਿਆਚਾਰ, ਰਹਿਣੀ ਬਹਿਣੀ, ਰੀਤ ਰਵਾਜ, ਮੁਸਲਮਾਨਾਂ ਨਾਲੋਂ ਕੁੱਝ ਅੱਡਰੇ ਸਨ। ਇਸ ਲਈ ਪੋਠੋਹਾਰੀ ਦੇ ਕੁੱਝ ਸ਼ਬਦ ਅਜੇਹੇ ਵੀ ਹਨ ਜੋ ਕੇਵਲ ਮੁਸਲਮਾਣ ਹੀ ਬੋਲ ਚਾਲ ਵਿਚ ਵਰਤਦੇ ਹਨ, ਹਿੰਦੂ ਸਿਖ ਦੂਜੇ ਸਮਭਾਵੀ ਸ਼ਬਦਾਂ ਦਾ ਪ੍ਰਯੋਗ ਕਰਦੇ ਸਨ, ਜਿਵੇਂ :

| **ਮੁਸਲਮਾਣ** | **ਹਿੰਦੂ ਸਿੱਖ** |
|---|---|
| ਨਿਮਾਸ਼ਾ | ਪਿਛਾਹੀਂ |
| ਫਜਰੀਂ | ਵਡ ਵੇਲੇ, ਸਰਘੀ ਵੇਲੇ |
| ਨਿਕਾਹ | ਵਿਆਹ |
| ਜੁੱਸਾ | ਪਿੰਡਾ |
| ਸਾਫ਼ਾ | ਪਗ |
| ਕਟਵੀ | ਕੂੰਨੀ |
| ਜੁਮੇਰਾਤ | ਵੀਰਵਾਰ |

ਇਸੇ ਤਰ੍ਹਾਂ ਕੰਜਕ. ਵਾਸ਼ਨਾ, ਝਾਣੀ, ਵਰਤ, ਕੜਾਹ ਆਦਿ ਸ਼ਬਦ ਕੇਵਲ ਹਿੰਦੂ ਸਿਖ ਹੀ ਵਰਤਦੇ ਸਨ ਅਤੇ ਹਲਵਾ, ਰੋਜ਼ੇ ਆਦਿ ਮੁਸਲਮਾਨ। ਪਰ ਜਹੱਨਮ, ਬਹਿਸ਼ਤ, ਆਦਿ ਸ਼ਬਦਾਂ ਦਾ ਪ੍ਰਯੋਗ ਦੋਵੇਂ ਜਾਤੀਆਂ ਕਰ ਲੈਂਦੀਆਂ ਸਨ। ਮੁਸਲਮਾਨਾਂ ਦੀ ਪੋਠੋਹਾਰੀ ਹਿੰਦੂਆਂ ਸਿੱਖਾਂ ਦੇ ਟਾਕਰੇ ਵਿਚ ਕੁੱਝ ਵਧੇਰੇ ਜਟਕੀ ਭਾਂਤ ਦੀ ਸੀ।

## ਉੱਚਾਰਣ

ਕੋਈ ਵੀ ਦੋ ਮਨੁੱਖ ਕਿਸੇ ਸ਼ਬਦ ਦਾ ਉੱਚਾਰਣ ਬਿਲਕੁਲ ਇੱਕੋ ਜਿਹਾ ਨਹੀਂ ਕਰ ਸਕਦੇ। ਉਨ੍ਹਾਂ ਦੇ ਲਹਿਜੇ, ਸੁਰ-ਦਬਾ, ਅਵਾਜ਼ ਨੂੰ ਲਮਕਾਉਣ ਜਾਂ ਛੁਟਿਆਣ ਦੀ ਮਾਨਸਿਕ ਪ੍ਰਵਿਰਤੀ ਦਾ ਪ੍ਰਭਾਵ ਉਨ੍ਹਾਂ ਦੇ ਉੱਚਾਰਣ ਉੱਤੇ ਅਵੱਸ਼ ਪੈਂਦਾ ਹੈ। ਫੇਰ ਵਿਭਿੰਨ ਖੇਤਰਾਂ ਦਾ ਉੱਚਾਰਣ ਭੂਗੋਲਿਕ ਸਥਿਤੀ ਤੇ ਵਿੱਥ ਕਾਰਣ ਫ਼ਰਕ ਵਾਲਾ ਹੋਣਾ ਇਕ ਸੁਭਾਵਿਕ ਜਿਹੀ ਗੱਲ ਹੈ। ਇਸੇ ਲਈ ਇੱਕੋ ਧਾਤੂ ਤੋਂ ਬਣੇ ਸ਼ਬਦ ਵਿਭਿੰਨ ਖੇਤਰਾਂ ਵਿਚ ਵਰਤੀਂਦੇ ਅਜਿਹੇ ਵੱਖਰੇ ਰੂਪ ਧਾਰ ਗਏ ਹਨ ਕਿ ਉਨ੍ਹਾਂ ਵਿਚਲੀ ਸਾਂਝ ਲੱਭਣੀ ਔਖੀ ਹੋ ਗਈ ਹੈ।

ਪੋਠੋਹਾਰੀ ਭਾਸ਼ਾ ਵਿਚ ਉੱਚਾਰਣ ਦੇ ਪਖੋਂ ਕਈ ਨਵੇਕਲੀਆਂ ਵਿਸ਼ੇਸ਼ਤਾਈਆਂ

ਹਨ। ਅਵਾਜ਼ਾਂ ਨੂੰ ਲਮਕਾਣ, ਛੁਟਿਆਣ, ਸੁਰਾਂ ਨੂੰ ਅਨੁਨਾਸਿਕ ਰੰਗ ਦੇਣ, ਵਾਧੂ ਸੁਰਾਂ ਦਾ ਪ੍ਰਯੋਗ, ਸੁਰਾਂ ਦਾ ਲੋਪ ਤੇ ਇਨ੍ਹਾਂ ਦੀ ਸਥਾਨ-ਬਦਲੀ—ਪੋਠੋਹਾਰੀ ਦੇ ਕੁੱਝ ਖ਼ਾਸੇ ਹਨ। ਅਨੁਨਾਸਿਕ ਸ਼ਬਦਾਂ ਦੀ ਬਹੁਲਤਾ, ਸੁਰਾਂ ਦਾ ਅਧਿਕ ਮਾਤਰਾ ਵਿਚ ਪ੍ਰਯੋਗ ਤੇ ਸੁਰਾਂ ਦੇ ਇਸਤ੍ਰੀਕਰਣ (ਜਿਵੇਂ 'ਚਾ ਦੇਹ' ਦੀ ਥਾਂ 'ਚਾਈ ਦੇਹ') ਆਦਿ ਕਰ ਕੇ ਪੋਠੋਹਾਰੀ ਬੜੀ ਰਸੀਲੀ ਤੇ ਸਰੋਦੀ ਭਾਸ਼ਾ ਬਣ ਗਈ ਹੈ। 'ਜਾ ਕੇ' ਦੀ ਥਾਂ 'ਜਾਈ ਕੇ', 'ਨੂੰ' ਦੀ ਥਾਂ 'ਆਂ' ਦੀ ਵਰਤੋਂ, 'ਜਾਂਦਾ' ਦੀ ਥਾਂ 'ਜਾਨਾ' ਆਦਿ ਨਾਲ ਪੋਠੋਹਾਰੀ ਵਿਚ ਇਕ ਸਰੋਦੀ ਲੈਅ ਉਤਪੰਨ ਹੋ ਜਾਂਦੀ ਹੈ, ਜੋ ਅਸਲ ਵਿਚ ਸੁਰ-ਲਹਿਰੀਆ ਦੀ ਹੀ ਦੇਣ ਹੈ।

ਪੋਠੋਹਾਰੀ ਵਿਚ ਅੰਤਿਮ ਦੀਰਘ ਸੁਰਾਂ ਨੂੰ ਅਨੁਨਾਸਿਕ ਬਣਾਉਣ ਦਾ ਝੁਕਾ ਜ਼ਿਆਦਾ ਹੈ। ਇਹ ਝੁਕਾ 'ਧਨੀ' ਵਿਚ ਵੀ ਮਿਲਦਾ ਹੈ, ਪਰ ਪੋਠੋਹਾਰੀ ਵਿਚ ਤਾਂ ਬਹੁਤ ਜ਼ਿਆਦਾ ਉੱਘੜਵਾਂ ਹੈ, ਜਿਵੇਂ ਕਿ ਤਕੇਂ, ਉਠੇਂ, ਬੈਠੇਂ, ਖਾਈਂ, ਇਸ ਤਰ੍ਹਾਂ ਨਾ, ਨੇ, ਨੀ, ਆਦਿ ਸੰਬੰਧ ਕਾਰਕ ਲਈ ਵਰਤੇ ਜਾਂਦੇ ਸ਼ਬਦਾਂ ਦਾ ਉੱਚਾਰਣ ਨਾਂ, ਨੇਂ, ਨੀਂ, ਕੀਤਾ ਜਾਂਦਾ ਹੈ।

ਅੰਗ੍ਰੇਜ਼ੀ ਦੇ ਕਈ ਸ਼ਬਦ ਜੋ ਪੋਠੋਹਾਰੀ ਵਿਚ ਅਪਣਾ ਲਏ ਗਏ ਹਨ, ਉਨ੍ਹਾਂ ਵਿਚ ਵੀ ਇਹ ਪ੍ਰਵਿਰਤੀ ਵੇਖਣ ਯੋਗ ਹੈ, ਜਿਵੇਂ :

| **ਅੰਗਰੇਜ਼ੀ** | **ਪੋਠੋਹਾਰੀ** |
|---|---|
| ਕੈਚ | ਕੈਂਚ |

'ਨ' ਤੇ 'ਣ' ਅਤੇ 'ਬਿੰਦੀ' ਤੇ 'ਟਿੱਪੀ' ਦੀ ਜਿਤਨੀ ਮਾਤਰਾ ਵਿੱਚ ਵਰਤੋਂ ਕੀਤੀ ਜਾਂਦੀ ਹੈ, ਉਤਨੀ ਪੰਜਾਬ ਦੀਆਂ ਸਾਰੀਆਂ ਉਪ-ਭਾਖਾਵਾਂ ਵਿੱਚ ਰਲਾ ਕੇ ਵੀ ਸ਼ਾਇਦ ਨਹੀਂ ਬਣਦੀ। ਕ੍ਰਿਆਵਾਂ ਵਿੱਚ ਤਾਂ 'ਦਾ' ਪ੍ਰੱਤੇ ਦੀ ਥਾਂ 'ਨਾ' ਹੀ ਵਰਤਿਆ ਜਾਂਦਾ ਹੈ, ਜਾਨਾ, ਖਾਨਾ, ਰੋਨਾ, ਹਸਨਾ ਆਦਿ।

ਪਰ ਮਜ਼ੇ ਦੀ ਗੱਲ ਤਾਂ ਇਹ ਹੈ ਕਿ ਕੇਂਦਰੀ ਪੰਜਾਬੀ ਦੇ ਕਈ ਸ਼ਬਦ, ਜੋ ਅਨੁਨਾਸਿਕ ਹਨ, ਪੋਠੋਹਾਰੀ ਵਿਚ ਅਨੁਨਾਸਿਕ ਨਹੀਂ ਰਹੇ, ਖ਼ਾਸ ਤੌਰ ਉੱਤੇ ਅਜਿਹੇ ਸ਼ਬਦ, ਜਿਨ੍ਹਾਂ ਨਾਲ ਟਿੱਪੀ (ੰ) ਲੱਗੀ ਹੁੰਦੀ ਹੈ। ਟਿੱਪੀ (ੰ) ਦਾ ਉੱਚਾਰਣ ਅੱਧਕ (ੱ) ਵਾਂਙ ਹੀ ਕੀਤਾ ਜਾਂਦਾ ਹੈ। ਜਿਵੇਂ :

| **ਪੰਜਾਬੀ** | **ਪੋਠੋਹਾਰੀ** |
|---|---|
| ਕੰਘੀ | ਕੱਘੀ |
| ਕੰਧ | ਕੱਧ |
| ਲੰਘ | ਲੱਘ |
| ਸੰਢ | ਸੱਢ |
| ਗੰਢ | ਗੱਢ |

ਪੋਠੋਹਾਰ ਦੇ ਲੋਕ ਸ਼ਬਦਾਂ ਨੂੰ ਉੱਚਾਰਨ ਲਗਿਆਂ ਅੱਖਰ ਉਤੇ ਆਮ ਪੰਜਾਬੀ ਨਾਲੋਂ ਜ਼ਿਆਦਾ ਜ਼ੋਰ ਦੇਂਦੇ ਹਨ। ਇਹ ਸੁਰ-ਦਬਾ ਆਮ ਤੌਰ ਉੱਤੇ ਸ਼ਬਦ ਦੇ ਦੂਜੇ ਵਿਅੰਜਨ

ਉੱਤੇ ਹੁੰਦਾ ਹੈ। ਉੱਪਰ ਦਿੱਤੇ ਸ਼ਬਦਾਂ ਵਿਚ ਟਿੱਪੀ (ੰ) ਦੇ ਲੋਪ ਹੋ ਕੇ ਅੱਧਕ (ੱ) ਦੇ ਵਰਤੀਣ ਦਾ ਕਾਰਨ ਇਹੋ ਪ੍ਰਵਿਰਤੀ ਹੈ। ਸੁਰ ਦਬਾਅ ਕਾਰਨ ਪੋਠੋਹਾਰੀ ਉੱਚਾਰਣ ਵਿਚ ਕਾਫ਼ੀ ਅੰਤਰ ਪੈ ਗਿਆ ਹੈ, ਜਿਵੇਂ : ਪਤਾ ਨੂੰ ਪਤ੍ਤਾ=ਪੱਤਾ

ਰਤਾ ਨੂੰ ਰਤ੍ਤਾ=ਰੱਤਾ

ਪੋਠੋਹਾਰੀ ਕਨੌੜਾ ਘੱਟ ਬੋਲਦੇ ਹਨ ਅਤੇ ਕਈ ਤਾਂ ਇਸ ਦਾ ਉੱਚਾਰਣ ਵੀ ਬੜੀ ਮੁਸ਼ਕਿਲ ਨਾਲ ਕਰ ਸਕਦੇ ਹਨ। ਇਸ ਲਈ ਸੁਰ-ਬਦਲੀ ਰਾਹੀਂ ਕੰਮ ਸਾਰਿਆ ਜਾਂਦਾ ਹੈ। ਕਿਧਰੇ ਤਾਂ ਕਨੌੜੇ ਨੂੰ ਹੋੜੇ ਵਿਚ ਬਦਲ ਲਿਆ ਜਾਂਦਾ ਹੈ, ਜਿਵੇਂ ਚੌਲ ਨੂੰ ਚੋਲ, ਪਰ ਬਹੁਤੀ ਵਾਰ ਕਨੌੜੇ (ੌ) ਦੀ ਥਾਂ ਦੁਲਾਈਆਂ (ੈ) ਵਰਤੀਆਂ ਜਾਂਦੀਆਂ ਹਨ, ਜਿਵੇਂ :

| **ਪੰਜਾਬੀ** | **ਪੋਠੋਹਾਰੀ** |
|---|---|
| ਚੌੜਾ | ਚੈੜਾ |
| ਸੌਣਾ | ਸੈਣਾ |
| ਭੌਣਾ | ਭੈਣਾ |
| ਝੌਂਣਾ | ਝੈਣਾਂ |

ਪੋਠੋਹਾਰੀ ਵਿਚ 'ਹ' ਦੀ ਵਰਤੋਂ ਵੀ ਅਧਿਕ ਕੀਤੀ ਜਾਂਦੀ ਹੈ। ਪਛਮੀ ਪੰਜਾਬ ਵਿਚ ਬੋਲੀਆਂ ਜਾਂਦੀਆਂ ਉਪ-ਭਾਖਾਵਾਂ ਦੀ ਇਹ ਇਕ ਨਿਖੇੜਵੀਂ ਵਿਸ਼ੇਸ਼ਤਾਈ ਹੈ। ਪੰਜਾਬੀ ਦੇ ਜਿਨ੍ਹਾਂ ਸ਼ਬਦਾਂ ਦੇ ਮੁੱਢ ਵਿਚ 'ਉ' ਅਤੇ 'ਇ' ਆਉਂਦੇ ਹਨ, ਪੋਠੋਹਾਰੀ ਵਿਚ ਉਥੇ 'ਹੁ' ਅਤੇ 'ਹਿ' ਬਣ ਜਾਂਦੇ ਹਨ, ਜਿਵੇਂ :

| | | |
|---|---|---|
| ਉਸ | **ਦੀ ਥਾਂ** | ਹੁੱਸ |
| ਇਸ | ,, | ਹਿੱਸ |
| ਇਕ | , | ਹਿੱਕ |

ਇਕ ਅੱਖਰੀ ਸ਼ਬਦਾਂ ਦੇ ਅਖੀਰ ਵਿਚ ਜੇ ਦੀਰਘ ਸੁਰ ਹੋਵੇ ਤਾਂ ਬਹੁਤੀ ਵਾਰ 'ਹ' ਵਧਾ ਲਿਆ ਜਾਂਦਾ ਹੈ। ਇਸ, ਅਖ਼ੀਰ ਵਿਚ ਵਾਧੂ ਲਗਾਏ 'ਹ' ਦਾ ਪੂਰਨ ਭਾਂਤ ਉਚਾਰਣ ਨਹੀਂ ਕੀਤਾ ਜਾਂਦਾ, ਇਸ ਨਾਲ ਕੇਵਲ ਇਸ ਤੋਂ ਪਹਿਲੇ ਆਏ ਸੁਰ ਦੀ ਧੁਨੀ ਜਾਂ ਅਲਾਪ ਵਿਚ ਕੁੱਝ ਅੰਤਰ ਪੈ ਜਾਂਦਾ ਹੈ, ਜਿਵੇਂ :

| **ਪੰਜਾਬੀ** | **ਪੋਠੋਹਾਰੀ** |
|---|---|
| ਜਾ | ਜਾਹ |
| ਨਾ | ਨਾਂਹ |
| ਦੇ | ਦੇਹ |

ਵਿਅੰਜਨ 'ਛ' ਦਾ ਉਚਾਰਣ ਕਈ ਵਾਰ 'ਸ਼' ਵਾਂਗ ਕੀਤਾ ਜਾਂਦਾ ਹੈ, ਪਰ ਇਹ ਆਮ ਤੌਰ ਉੱਤੇ ਰਾਵਲਪਿੰਡੀ ਜਾਂ ਪਹਾੜੀ ਇਲਾਕੇ ਕੋਹੂਟੇ ਤੇ ਕੋਹਮਰੀ ਦੀ ਤਹਿਸੀਲ ਵਿਚ ਹੀ ਵੇਖਣ ਵਿਚ ਆਇਆ ਹੈ। ਜਿਹਲਮ ਦੇ ਪੋਠੋਹਾਰੀ ਇਲਾਕੇ ਵਿਚ ਇਹ ਪ੍ਰਵਿਰਤੀ ਨਹੀਂ। ਜਿਹਲਮ ਵਿਚ 'ਗੁਮਾ ਛੋੜਿਆ ਸੁ' (ਗਵਾ ਦਿੱਤਾ ਸੂ) ਆਖਿਆ ਜਾਂਦਾ ਹੈ, ਪਰ ਰਾਵਲਪਿੰਡੀ ਦੇ ਪਹਾੜੀ ਖੇਤਰ ਵੱਲ 'ਗੁਮਾਈ ਸ਼ੋੜਿਆ ਸੁ'। ਇਸੇ ਤਰ੍ਹਾਂ

'ਅੱਛਨਾ' ਨੂੰ 'ਅਸ਼ਨਾ' ਤੇ 'ਗੱਛਨਾ' ਨੂੰ 'ਗੱਸ਼ਨਾ' ਵੀ ਉਚਾਰਿਆ ਜਾਂਦਾ ਹੈ।

ਪੰਜਾਬੀ ਦੇ ਉਨ੍ਹਾਂ ਸ਼ਬਦਾਂ ਵਿਚ ਜਿਨ੍ਹਾਂ ਵਿਚ 'ਉ' ਆਉਂਦਾ ਹੈ, ਪੋਠੋਹਾਰੀ ਵਿਚ ਉੱਚਾਰਨ ਲਗਿਆਂ 'ਉ' ਨੂੰ 'ਵ' ਵਿਚ ਬਦਲ ਲਿਆ ਜਾਂਦਾ ਹੈ ਜਾਂ 'ਉ' ਲੋਪ ਕਰ ਦਿੱਤਾ ਜਾਂਦਾ ਹੈ, ਜਿਵੇਂ :—

| | |
|---|---|
| ਸਾਉਣ | ਸਾਵਣ (ਸੈਣ) |
| ਜੀਉਣ | ਜੀਵਣ (ਜੀਣ) |
| ਖਾਉਣ | ਖਾਵਣ (ਖਾਣ) |

ਪੋਠੋਹਾਰੀ ਉੱਚਾਰਣ ਵਿਚ ਵਿਪਰਜ (Metathesis) ਵੀ ਆਮ ਵੇਖਿਆ ਗਿਆ ਹੈ, ਅਥਵਾ ਕਈ ਸ਼ਬਦਾਂ ਵਿਚ ਮਾਤਰਾ ਜਾਂ ਅੱਖਰਾਂ ਨੂੰ ਅਗੇ ਪਿੱਛੇ ਕਰਕੇ ਉਚਾਰਣ ਕੀਤਾ ਹੁੰਦਾ ਹੈ, ਅਜਿਹਾ ਸੁਭਾਵਕ ਹੀ ਹੋਇਆ ਹੈ :

| **ਪੰਜਾਬੀ** | **ਪੋਠੋਹਾਰੀ** |
|---|---|
| ਚਾਕੂ | ਕਾਚੂ |
| ਮਤਲਬ | ਮਤਬਲ |
| ਹਵੇਲੀ | ਵ੍ਹੇਲੀ |
| ਹਮੇਸ਼ਾ | ਮਹੇਸ਼ਾ |

ਪੋਠੋਹਾਰੀਆਂ ਦਾ ਉੱਚਾਰਣ ਉਕਾਰੰਤ ਵਾਲਾ ਹੈ। ਅਖ਼ੀਰਲੇ ਵਿਅੰਜਨ ਨਾਲ ਉਹ ਔਂਕੜ (ੁ) ਲਗਾ ਕੇ ਵਰਤਦੇ ਹਨ ਜਿਵੇਂ ਚਲ ਨੂੰ 'ਚਲੁ'। ਅਵਾਜ਼ ਮਾਰਨ ਲਗਿਆਂ ਤਾਂ ਉਚਾਰਨ ਵਿਚ ਉਕਾਰੰਤ ਦਾ ਪ੍ਰਭਾਵ ਬੜਾ ਉਘੜਵਾਂ ਦਿਸ ਆਉਂਦਾ ਹੈ ਜਿਵੇਂ 'ਮੋਹਨੁ', 'ਮਹਿੰਦਰੁ', 'ਸਵਰਨੁ'।

ਪੋਠੋਹਾਰੀ ਦੀ ਉੱਚਾਰਣ-ਸੁਰ (Tune) ਵੀ ਪੰਜਾਬੀ ਦੀ ਸੁਰ ਤੋਂ ਕਿਧਰੇ ਕਿਧਰੇ ਵੱਖਰੀ ਹੈ। ਸੁਰ ਭਾਵੇਂ ਹਰੇਕ ਅੱਖਰ ਦੀ ਇੱਕੋ ਹੁੰਦੀ ਹੈ, ਪਰ ਆਰੰਭ ਵਿਚ ਦਬਾ ਨਾਲ ਉੱਚਾਰਣ-ਧੁਨੀ ਵਿਚ ਫ਼ਰਕ ਆ ਜਾਂਦਾ ਹੈ, ਖਾਸ ਤੌਰ ਉਤੇ ਘ, ਝ, ਢ, ਧ, ਭ, ਆਦਿ ਵਿਅੰਜਨਾਂ ਵਿਚ। ਜਦੋਂ ਇਹ ਵਿਅੰਜਨ ਸ਼ਬਦ ਦੇ ਸ਼ੁਰੂ ਵਿਚ ਆ ਜਾਂਦੇ ਹਨ ਤਾਂ ਇਨ੍ਹਾਂ ਦਾ ਉੱਚਾਰਣ ਜ਼ਰਾ ਨੀਵੀਂ ਸੁਰ ਵਿਚ ਕੀਤਾ ਜਾਂਦਾ ਹੈ, ਖ਼ਾਸ ਤੌਰ ਉੱਤੇ ਓਦੋਂ ਜਦੋਂ ਇਨ੍ਹਾਂ ਨਾਲ ਹੋੜਾ (ੋ) ਮਾਤਰਾ ਹੋਵੇ, ਜਿਵੇਂ ਘੋੜੇ ਵਿਚਲੇ 'ਘੋ' ਦਾ ਉਚਾਰਨ 'ਕ੍ਹੋ' ਵਰਗਾ ਹੁੰਦਾ ਹੈ :

| **ਪੰਜਾਬੀ** | **ਪੋਠੋਹਾਰੀ** |
|---|---|
| ਘੋਪਣਾ | ਕੋਹਪਣਾ |
| ਭੋਛਣ | ਪੋਹਛਨ |
| ਧੋਬੀ | ਤੋਹਬੀ |
| ਢੋਕ | ਡੋਹਕ |
| ਝਾਣੀ | ਚਹਾਣੀ |

ਪਰ ਜਦੋਂ ਇਹੋ ਅੱਖਰ ਕਿਸੇ ਸ਼ਬਦ ਦੇ ਵਿਚਕਾਰ ਆਉਂਦੇ ਹਨ ਤਾਂ ਇਨ੍ਹਾਂ ਦੀ

ਆਵਾਜ਼ ਕੁਝ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ. ਜਿਵੇਂ :

| **ਪੰਜਾਬੀ** | **ਪੋਠੋਹਾਰੀ** |
|---|---|
| ਪਘਾਰਨਾ | ਪਗਹਾਰਨਾ |
| ਕਢਵਾਣਾ | ਕੜ੍ਹਵਾਣਾ |
| ਸੁਭਾਗ | ਸੁਬ੍ਹਾਗ |
| ਵਧਾਈ | ਵਦਹਾਈ |

## ਸ਼ਬਦਾਵਲੀ ਤੇ ਵਰਣ ਵਿਗਿਆਨ

ਪੰਜਾਬੀ ਵਾਂਙ ਪੋਠੋਹਾਰੀ ਦੀ ਸ਼ਬਦਾਵਲੀ ਕਈ ਦੇਸੀ ਤੇ ਬਦੇਸੀ ਸੋਮਿਆਂ ਤੋਂ ਵਿਗਸਿਤ ਹੋਈ ਹੈ ਤੇ ਇਸ ਵਿਚ ਕਈ ਰੰਗਾਂ ਦੀ ਝਲਕ ਹੈ। ਬਹੁਤੇ ਸ਼ਬਦ ਵੇਦਿਕ ਭਾਸ਼ਾ, ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਤੋਂ ਹੀ ਵਿਰਸੇ ਵਿਚ ਲਏ ਗਏ ਹਨ। ਕੁੱਝ ਸ਼ਬਦ ਅਰਬੀ ਫ਼ਾਰਸੀ ਵਿਚੋਂ ਤਤਸਮ ਤੇ ਤਦਭਵ ਰੂਪ ਵਿਚ ਅਪਣਾ ਲਏ ਗਏ ਹਨ। ਕੁੱਝ ਸ਼ਬਦ ਪੋਠੋਹਾਰੀ ਦੇ ਪੰਜਾਬੀ ਨਾਲ ਸਾਂਝੇ ਹਨ। ਕੁੱਝ ਵੱਖਰੇ ਵੀ ਹਨ ਜੋ ਕੇਵਲ ਪੋਠੋਹਾਰੀ ਵਿਚ ਹੀ ਵਰਤੀਂਦੇ ਹਨ।

ਪੰਜਾਬ ਦੀਆਂ ਸਾਰੀਆਂ ਉਪ-ਭਾਖਾਵਾਂ ਵਿੱਚੋਂ ਪੋਠੋਹਾਰੀ ਹੀ ਇਕ ਅਜਿਹੀ ਉਪ-ਭਾਖਾ ਹੈ, ਜਿਸ ਉਤੇ ਵੇਦਿਕ ਸੰਸਕ੍ਰਿਤ ਦੀ ਬੜੀ ਡੂੰਘੀ ਛਾਪ ਮਿਲਦੀ ਹੈ। ਇੰਜ ਲਗਦਾ ਹੈ ਕਿ ਪੋਠੋਹਾਰੀ ਆਪਣੇ ਅਸਲੀ ਮੁੱਢ ਨਾਲੋਂ ਨਾਤਾ ਨਹੀਂ ਤੋੜ ਸਕੀ। ਇਸ ਇਲਾਕੇ ਵਿਚ ਆਵਾਜਾਈ ਦੇ ਵਸੀਲੇ ਸੁਖਾਵੇਂ ਨਹੀਂ, ਜਿਸ ਲਈ ਬਾਹਰਲਾ ਪ੍ਰਭਾਵ ਇੱਥੋਂ ਦੇ ਵਸਨੀਕਾਂ ਨੇ ਘੱਟ ਗ੍ਰਹਿਣ ਕੀਤਾ ਤੇ ਭਾਸ਼ਾ ਵਿਚ ਪੁਰਾਣੇ ਤੱਤ ਸੁਰਜੀਤ ਰਹੇ। ਇਸੇ ਸੰਸਕ੍ਰਿਤ ਦੇ ਹੱਡਾਂ ਵਿਚ ਰਚੇ ਪ੍ਰਭਾਵ ਕਾਰਣ ਹੀ ਪੋਠੋਹਾਰੀ ਵਿਚ ਅਜੇ ਤਕ ਸੰਜੋਗਾਤਮਿਕ ਗੁਣ ਪ੍ਰਧਾਨ ਹੈ, ਜਦੋਂ ਕਿ ਟਕਸਾਲੀ ਪੰਜਾਬੀ ਵਿਜੋਗਾਤਮਿਕ ਸਰੂਪ ਧਾਰਨ ਕਰ ਚੁੱਕੀ ਹੈ। ਪੜਨਾਵੀਂ ਪਛੇਤਰ ਦੀ ਵਰਤੋਂ ਵੀ ਪੋਠੋਹਾਰੀ ਵਿਚ ਅਧਿਕ ਮਾਤਰਾ ਵਿਚ ਹੈ। ਪੋਠੋਹਾਰੀ ਨੇ ਵੈਦਿਕ ਭਾਸ਼ਾ ਦੇ ਅਨੇਕ ਸ਼ਬਦ ਮੂਲ ਰੂਪ ਵਿਚ ਸੰਭਾਲੇ ਹੋਏ ਹਨ, ਜਿਵੇਂ 'ਅੱਛ', 'ਗੱਛ', 'ਜੰਘ' ਆਦਿ। ਕਈ ਸ਼ਬਦ ਮਾਮੂਲੀ ਜਿਹੀ ਤਬਦੀਲੀ ਨਾਲ ਪ੍ਰਚੱਲਿਤ ਹਨ ਜਿਵੇਂ ਕੱਪਣਾ ਆਦਿ। ਪੰਜਾਬੀ ਵਿਚ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਨਹੀਂ ਮਿਲਦਾ।

ਪੋਠੋਹਾਰ ਨਾਲ ਆਰੀਆ ਜਾਤੀ ਦੀ ਸਾਂਝ ਬੜੀ ਪੁਰਾਣੀ ਹੈ। ਆਰੀਆ ਲੋਕ ਜਦੋਂ ਭਾਰਤ ਵਿਚ ਆਏ ਤਾਂ ਉਨ੍ਹਾਂ ਨੇ ਜਿਸ ਉਪਜਾਊ ਤੇ ਰਮਣੀਕ ਇਲਾਕੇ ਵਿਚ ਸਭ ਤੋਂ ਪਹਿਲਾਂ ਨਿਵਾਸ ਕੀਤਾ, ਉਹ ਧਨੀ ਅਤੇ ਪੋਠੋਹਾਰ ਦਾ ਇਲਾਕਾ ਹੀ ਸੀ। ਉਨ੍ਹਾਂ ਸੁਆਂ ਤੇ ਜਿਹਲਮ ਦਰਿਆ ਦੇ ਕੰਢਿਆਂ ਉੱਤੇ ਕਈ ਪੀੜ੍ਹੀਆਂ ਲੰਘਾਈਆਂ। ਰਿਗ ਵੇਦ ਦੀਆਂ ਮੁੱਢਲੀਆਂ ਰਿਚਾਂ ਇਸੇ ਇਲਾਕੇ ਦੇ ਨਦੀ ਨਾਲਿਆਂ ਤੇ ਕੱਸਾਂ ਦੇ ਬਰੇਤੇ ਉਤੇ ਬਹਿ ਕੇ ਰਚੀਆਂ ਗਈਆਂ। ਇਸ ਤਰ੍ਹਾਂ ਵੇਦਿਕ ਭਾਸ਼ਾ ਇਸ ਇਲਾਕੇ ਦੀ ਮਿੱਟੀ ਵਿਚ ਸਿੰਜਰ ਗਈ।

ਪੋਠੋਹਾਰੀ ਵਿਚ ਅਨੇਕਾਂ ਅਜਿਹੇ ਸ਼ਬਦ ਮਿਲਦੇ ਹਨ, ਜੋ ਸੰਸਕ੍ਰਿਤ ਤੋਂ ਅਪਣਾਏ

ਗਏ ਹਨ ਤੇ ਇਹ ਸ਼ਬਦ ਪੰਜਾਬੀ ਵਿਚ ਨਹੀਂ ਵਰਤੀਂਦੇ, ਜਿਵੇਂ :

| **ਸੰਸਕ੍ਰਿਤ** | **ਪੋਠੋਹਾਰੀ** |
|---|---|
| ਉਦ੍ਬ੍ਰ | ਉੱਬਰ (ਬੋਲਣਾ) |
| ਕੰਦੁਕ | ਖੇਹਨੂੰ |
| ਗ੍ਰਾਮ | ਗਿਰਾਂ |
| ਮਾਲਾਕਾਰ | ਮਲਿਆਰ |

ਹੇਠਾਂ ਕੁੱਝ ਅਜਿਹੇ ਸ਼ਬਦਾਂ ਦੀ ਸੂਚੀ ਦਿੱਤੀ ਜਾਂਦੀ ਹੈ, ਜੋ ਸੰਸਕ੍ਰਿਤ ਵਿਚੋਂ ਪੰਜਾਬੀ ਤੇ ਪੋਠੋਹਾਰੀ ਦੋਹਾਂ ਨੇ ਅਪਣਾਏ ਹਨ, ਪਰ ਤਦਭਵ ਬਣਾਉਣ ਲਗਿਆਂ ਦੁਹਾਂ ਵਿੱਚ ਵੱਖੋ ਵੱਖਰੇ ਰੂਪ ਧਾਰਨ ਕਰ ਗਏ ਹਨ :

| **ਸੰਸਕ੍ਰਿਤ** | | **ਪੰਜਾਬੀ** | **ਪੋਠੋਹਾਰੀ** |
|---|---|---|---|
| ਅੰਗੁਲਿ | अंगुली | ਉਂਗਲ | ਅੰਗਲ |
| ਏਕਾਦਸ਼ੀ | एकादशी | ਕਾਦਸ਼ੀ | ਕਾਸਤੀ |
| ਸ਼ੀਤ | शीत | ਸੀਤ | ਸੀਂ |
| ਕੁੰਭਕਾਰ | कुम्भकार | ਕੁਮ੍ਹਿਆਰ, ਘੁਮਿਆਰ | ਕੁੰਭਾਰ |
| ਜਾਮਾਤ੍ਰਿ | जामातृ | ਜਵਾਈ | ਜਵਾਤਰਾ |
| ਤਾਮਰ | | ਤਾਂਬਾ | ਤਰਾਮਾ |
| ਤ੍ਰਿ | त्रि | ਤਿੰਨ | ਤ੍ਰੈ |
| ਪ੍ਰਸ੍ਵੇਦ | प्र-स्वेद | ਪਸੀਨਾ | ਪਰਸਿਓ |
| ਮਨੁਸ਼ਜ | मनुष्य | ਮਨੁੱਖ | ਮੁਣਸ |
| ਲਘੁ | लघु | ਹੌਲਾ | ਲੋਹਕਾ |

## ਅਰਬੀ ਫ਼ਾਰਸੀ ਦੇ ਸ਼ਬਦ

ਅੱਠਵੀਂ ਨਾਵੀਂ ਸਦੀ ਤੋਂ ਹੀ ਪੋਠੋਹਾਰ ਵਿਚ ਮੁਸਲਮਾਣਾਂ ਦੀ ਆਮਦ ਅਰੰਭ ਹੋ ਗਈ ਸੀ। ਦਸਵੀਂ ਸਦੀ ਵਿਚ ਤਾਂ ਇਸ ਇਲਾਕੇ ਉੱਤੇ ਮੁਸਲਮਾਣੀ ਪ੍ਰਭਾਵ ਚੋਖੀ ਮਾਤਰਾ ਵਿਚ ਪੈਣਾ ਸ਼ੁਰੂ ਹੋ ਗਿਆ ਸੀ। ਗਿਆਰ੍ਹਵੀਂ ਸਦੀ ਦੇ ਅਰੰਭ ਵਿਚ ਮਹਿਮੂਦ ਗ਼ਜ਼ਨਵੀ ਨੇ ਤਾਂ ਸਾਰੇ ਪੰਜਾਬ ਉੱਤੇ ਕਬਜ਼ਾ ਕਰ ਕੇ ਪੰਜਾਬ ਵਿੱਚ ਫ਼ਾਰਸੀ ਨੂੰ ਦਫ਼ਤਰੀ ਬੋਲੀ ਬਣਾ ਦਿੱਤਾ ਸੀ। 'ਧਨੀ' ਤੇ 'ਪੋਠੋਹਾਰ' ਦੇ ਪਿੰਡਾਂ ਦੇ ਪਿੰਡ ਮੁਸਲਮਾਣ ਬਣਨੇ ਸ਼ੁਰੂ ਹੋ ਗਏ ਸਨ। ਜਿਵੇਂ ਜਿਵੇਂ ਫ਼ਾਰਸੀ ਦਾ ਰਾਜ-ਦਰਬਾਰ ਵਿਚ ਮਾਣ ਵਧਦਾ ਗਿਆ ਤੇ ਪੰਜਾਬ ਵਿਚ ਫ਼ਾਰਸੀ ਪੜ੍ਹੀ ਪੜ੍ਹਾਈ ਜਾਣ ਲੱਗੀ, ਇਸ ਦਾ ਪ੍ਰਭਾਵ ਆਮ ਲੋਕਾਂ ਦੀ ਬੋਲ ਚਾਲ ਉੱਤੇ ਵੀ ਪੈਣ ਲੱਗਾ। ਅਰਬੀ ਦੇ ਜੋ ਸ਼ਬਦ ਪੋਠੋਹਾਰੀ ਵਿਚ ਆਏ, ਉਹ ਸਾਰੇ ਫ਼ਾਰਸੀ ਰਾਹੀਂ ਪ੍ਰਵੇਸ਼ ਕੀਤੇ। ਅਰਬੀ ਫ਼ਾਰਸੀ ਦੇ ਕਈ ਸ਼ਬਦ ਜੋ ਪੋਠੋਹਾਰੀ ਵਿਚ ਵਰਤੇ ਜਾਂਦੇ ਹਨ, ਪੰਜਾਬੀ ਦੀਆਂ ਦੂਜੀਆਂ ਉਪ-ਭਾਖਾਵਾਂ ਵਿਚ

ਨਹੀਂ ਮਿਲਦੇ। ਜਿਵੇਂ 'ਕਾਸ਼ਕ' ਅੱਜ ਵੀ ਚਮਚੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਪੋਠੋਹਾਰੀ ਨੇ ਅਰਬੀ ਫ਼ਾਰਸੀ ਦੇ ਬਹੁਤੇ ਸ਼ਬਦ ਆਪਣੇ ਉੱਚਾਰਣ ਦੇ ਅਨੁਕੂਲ ਧੁਨੀ-ਪਰਿਵਰਤਨ ਕਰ ਕੇ ਹੀ ਅਪਣਾਏ ਹਨ। ਅਰਬੀ ਫ਼ਾਰਸੀ ਦੇ ਉਹ ਸ਼ਬਦ ਜਿਨ੍ਹਾਂ ਵਿਚ ਫ਼, ਜ਼, ਗ਼, ਖ਼, ਸ਼ ਦੀਆਂ ਧੁਨੀਆਂ ਵਰਤੀਆਂ ਗਈਆਂ ਹਨ, ਉਨ੍ਹਾਂ ਨੂੰ ਕਿਧਰੇ ਤਾਂ ਉਸੇ ਧੁਨੀ ਵਿਚ ਅਪਣਾਇਆ ਗਿਆ ਹੈ, ਕਿਧਰੇ ਬਦਲ ਕੇ, ਜਿਵੇਂ 'ਜ਼ੋਰ' ਦੀ ਥਾਂ 'ਜੋਰ' ਜਾਂ 'ਯੋਰ'।

ਹੇਠਾਂ ਫ਼ਾਰਸੀ-ਅਰਬੀ ਮੂਲ ਦੇ ਕੁਝ ਅਜਿਹੇ ਸ਼ਬਦ ਦਿੱਤੇ ਜਾਂਦੇ ਹਨ, ਜੋ ਪੰਜਾਬੀ ਅਤੇ ਪੋਠੋਹਾਰੀ ਨੇ ਵੱਖੋ ਵੱਖ ਰੂਪਾਂ ਵਿਚ ਅਪਣਾਏ ਹਨ :—

| ਫ਼ਾਰਸੀ-ਅਰਬੀ ਮੂਲਿਕ | ਪੰਜਾਬੀ | ਪੋਠੋਹਾਰੀ |
|---|---|---|
| ਆਮਦਨੀ | ਆਮਦਨੀ | ਆਂਵਦਨੀ |
| ਅਕਸਰ | ਅਕਸਰ | ਅਸ਼ਕਰਾਂ |
| ਇਲਾਜ | ਇਲਾਜ | ਅਲਾਜ |
| ਕੋਸ਼ਿਸ਼ | ਕੋਸ਼ਿਸ਼ | ਕੋਸ਼ਿਤ |
| ਖ਼ਾਵੰਦ | ਖਾਵੰਦ | ਖੋਂਦ |
| ਜ਼ਿਆਦਤੀ | ਜ਼ਿਆਦਤੀ | ਜਿਆਸਤੀ |
| ਬੁਨਿਆਦ | ਬੁਨਿਆਦ | ਮੁਨਿਆਦ |
| ਬਹਸ | ਬਹਿਸ | ਬਹੁੰਸ਼ |
| ਲਾਇਕ | ਲਾਇਕ | ਲੈਕ |
| ਵਾਕਿਫ਼ | ਵਾਕਫ਼ | ਵਾਕਬ |
| ਵਹਸ਼ੀ | ਵਹਿਸ਼ੀ | ਵਹੂਸ਼ |

ਫ਼ਾਰਸੀ-ਅਰਬੀ ਦੇ ਕੁੱਝ ਸ਼ਬਦ ਅਜਿਹੇ ਵੀ ਮਿਲਦੇ ਹਨ ਜੋ ਸਿਰਫ਼ ਪੋਠੋਹਾਰੀ ਵਿਚ ਪ੍ਰਚਲਿਤ ਹਨ, ਪੰਜਾਬੀ ਵਿਚ ਨਹੀਂ। ਕੁੱਝ ਅਜਿਹੇ ਸ਼ਬਦ ਨਮੂਨੇ ਵਜੋਂ ਹੇਠਾਂ ਦਿੱਤੇ ਜਾਂਦੇ ਹਨ। ਇਹ ਸ਼ਬਦ ਪੋਠੋਹਾਰ ਦੇ ਲੋਕਾਂ ਦੀ ਬੋਲ ਚਾਲ ਵਿਚ ਆਮ ਵਰਤੇ ਜਾਂਦੇ ਹਨ :—

| ਫ਼ਾਰਸੀ-ਅਰਬੀ ਮੂਲਿਕ | ਪੋਠੋਹਾਰੀ |
|---|---|
| ਸਹਿਨਕ | ਸਹਿਣਕ |
| ਖ਼ਫ਼ਗੀ | ਖਫ਼ਕੀ |
| ਗੋਸ਼ਾ | ਗੋਸ਼ਾ (ਕਾਨਾਫੂਸੀ) |
| ਤਸ਼ਤਰੀ | ਟਾਸ |
| ਦੇਗਚਾ | ਦੇਚਕਾ |
| ਨੀਮੇ ਸ਼ਾਮ | ਨਿਮਾਸ਼ਾਂ |
| ਬਾਦੀਯਾਹ | ਬਾਦੀਆਂ |
| ਵਿਦਾਅ | ਵਿਦਿਆ |

ਪੋਠੋਹਾਰੀ ਵਿਚ ਕੁੱਝ ਦੇਸੀ ਸ਼ਬਦ ਵੀ ਮਿਲਦੇ ਹਨ, ਜਿਹੜੇ ਸਬਦ ਪ੍ਰਾਚੀਨ ਕਾਲ ਤੋਂ ਹੀ ਦੇਸ਼ ਵਿਚ ਵਰਤੇ ਜਾ ਰਹੇ ਹਨ ਅਤੇ ਜਿਨ੍ਹਾਂ ਦਾ ਮੁੱਢ ਸੰਸਕ੍ਰਿਤ ਦੇ ਕਿਸੇ ਮੂਲ ਸ਼ਬਦ ਵਿਚ ਨਹੀਂ ਮਿਲਦਾ। ਜਿਵੇਂ : ਰਾੜ, ਡੋਈ, ਮੇਹੜੂ, ਉੱਖਲੀ, ਆਦਿ।

ਆਰੀਆ ਜਾਤੀ ਨੇ ਜਦੋਂ ਪੋਠੋਹਾਰ ਵਿਚ ਆਪਣੇ ਕਦਮ ਟਿਕਾਏ ਤਾਂ ਉਦੋਂ ਇੱਥੋਂ ਦੇ ਮੂਲ ਵਾਸੀ ਦਰਾਵੜਾਂ ਨੂੰ ਜਾਂ ਤਾਂ ਪਹਾੜਾਂ ਵੱਲ ਧੱਕ ਦਿੱਤਾ ਜਾਂ ਆਪਣਾ ਦਾਸ ਬਣਾ ਲਿਆ। ਪਿਛੋਂ ਇਹ ਦਰਾਵੜ ਦੱਖਣ ਵੱਲ ਨੱਸ ਗਏ। ਇਨ੍ਹਾਂ ਦੇ ਕਈ ਸ਼ਬਦ ਪੋਠੋਹਾਰੀ ਵਿਚ ਸੰਭਾਲੇ ਪਏ ਹਨ, ਜਿਵੇਂ ਟਿੱਲਾ. ਢਿੱਬਾ, ਮੜ, ਸੋਟਾ, ਆਦਿ।

ਪੋਠੋਹਾਰੀ ਵਿਚ ਕਾਫ਼ੀ ਸ਼ਬਦ ਅਜਿਹੇ ਵੀ ਮਿਲਦੇ ਹਨ ਜੋ ਨਵੇਕਲੇ ਹਨ ਤੇ ਪੋਠੋਹਾਰੀਆਂ ਦੀ ਅਪਣੀ ਕਿਰਤ ਹਨ ਜਿਵੇਂ : ਅਤ੍ਰੋਂ (ਪਰਸੋਂ), ਦਿਹਾਂ (ਕੱਲ੍ਹ), ਠੱਢੀਆਂ (ਮਾਤਾ ਦੇ ਦਾਗ), ਖਿੱਟ (ਡੱਲੀ), ਕੱਸ (ਬੁਖ਼ਾਰ), ਪੇਪਣੀ (ਕਮੀਜ਼) ਆਦਿ।

## ਵਿਆਕਰਣਿਕ ਬਣਤਰ

### (੧) ਸੰਗਿਆ

ਸ਼ਬਦਾਂ ਦੇ ਅਰਥ ਪ੍ਰਗਟ ਕਰਨ ਲਈ ਸ਼ਬਦਾਂ ਵਿਚ ਜੋ ਵਿਕਾਰ ਜਾਂ ਪਰਿਵਰਤਨ ਹੁੰਦੇ ਹਨ, ਉਹ ਲਿੰਗ, ਵਚਨ ਤੇ ਕਾਰਕ ਦੇ ਕਾਰਣ ਹੀ ਰੂਪਮਾਨ ਹੁੰਦੇ ਹਨ। ਹੇਠਾਂ ਅਸੀਂ ਸੰਗਿਆ ਦੀ ਰੂਪਾਵਲੀ ਦੇਂਦੇ ਹਾਂ :

**ਪੁਲਿੰਗ : ਨੱਢਾ**

| **ਕਾਰਕ** | **ਇਕ ਵਚਨ** | **ਬਹੁ ਵਚਨ** |
|---|---|---|
| **ਕਰਤਾ** | ਨੱਢਾ, ਨੱਢੇ | ਨੱਢਿਆਂ, ਨੱਢੇ |
| **ਕਰਮ** | ਨੱਢੇ ਆਂ | ਨੱਢਿਆਂ ਕੀ |
| **ਕਰਣ** | ਨੱਢੇ ਤੂੰ | ਨੱਢਿਆਂ ਤੂੰ |
| **ਸੰਪਰਦਾਨ** | ਨੱਢੇ ਆਸਤੈ | ਨੱਢਿਆਂ ਆਸਤੈ |
| **ਅਪਾਦਾਨ** | ਨੱਢੇ ਕੋਲੂੰ | ਨੱਢਿਆਂ ਕੋਲੂੰ |
| **ਸੰਬੰਧ** | ਨੱਢੇ ਨਾ, ਨੇ, ਨੀਆਂ | ਨੱਢਿਆਂ ਨਾ, ਨੇ, ਨੀਆਂ |
| **ਅਧਿਕਰਣ** | ਨੱਢੇ 'ਚ, ਤੈ | ਨੱਢਿਆਂ 'ਚ, ਤੈ |
| **ਸੰਬੋਧਨ** | ਨੱਢਿਆ ! | ਨੱਢਿਓ ! |

ਬਹੁਤ ਸਾਰੀਆਂ ਪੁਲਿੰਗ ਸੰਗਿਆਵਾਂ ਨੂੰ, ਜਿਨ੍ਹਾਂ ਦੇ ਅੰਤ ਵਿਚ ਕੋਈ ਵਿਅੰਜਨ ਆਉਂਦਾ ਹੈ, ਪੂਰਨ ਤੇ ਵਿਕਾਰੀ ਬਣਾਉਣ ਲਗਿਆਂ, ਉਨ੍ਹਾਂ ਦੇ ਅੰਤਲੇ ਵਿਅੰਜਨ ਨਾਲ ਲਾਂ ( ੇ ) ਲਾਈ ਜਾਂਦੀ ਹੈ, ਜਿਵੇਂ :

| | |
|---|---|
| ਹੱਲ | ਹੱਲੇ |
| ਪੁੱਤਰ | ਪੁੱਤਰੇ |
| ਹੁੱਠ | ਹੁੱਠੇ |

'ਕੰਨਾ' ਅੰਤ ਵਾਲੀਆਂ ਕੁੱਝ ਸੰਗਿਆਵਾਂ ਵਿਚ ਵਿਕਾਰੀ ਬਣਾਉਣ ਲੱਗਿਆਂ 'ਕੱਨੇ' ਦੀ ਥਾਂ 'ਲਾਂ' ਲਾ ਲਈ ਜਾਂਦੀ ਹੈ, ਜਿਵੇਂ ਘੋੜਾ ਤੋਂ ਘੋੜੇ, ਕੁੱਤਾ ਤੋਂ ਕੁੱਤੇ।

ਇਸਤ੍ਰੀ ਲਿੰਗ ਦੇ ਅੰਤ ਵਿਚ 'ਈ' ਜਾਂ 'ਊ' ਲਗਾ ਕੇ ਵਿਕਾਰੀ ਬਣਾਇਆ ਜਾਂਦਾ ਹੈ, ਜਿਵੇਂ :

| | |
|---|---|
| ਮੱਝ | ਮੱਝੀਂ |
| ਅੱਖ | ਅੱਖੀਂ |
| ਦਪਹਿਰ | ਦਪਹਿਰੀਂ |
| ਫ਼ਜਰ | ਫ਼ਜਰੀਂ |
| ਭੈਣ | ਭੈਣੂੰ |

ਮਾਂ, ਪਿਉ, ਭੈਣ, ਭਰਾ ਆਦਿ ਸੰਗਿਆਵਾਂ ਨੂੰ ਵਿਕਾਰੀ ਬਣਾਉਣ ਲਗਿਆਂ 'ਊ' ਵਧਾ ਕੇ ਮਾਊ, ਪਿਊ, ਭੈਣੂੰ, ਭਰਾਊ ਬਣਾ ਲਿਆ ਜਾਂਦਾ ਹੈ।

ਪੂਰਨ ਬਹੁ ਵਚਨ ਤੋਂ ਵਿਕਾਰੀ ਬਹੁ ਵਚਨ ਬਣਾਉਣ ਲਗਿਆਂ, ਉਹ ਸੰਗਿਆਵਾਂ ਜਿਨ੍ਹਾਂ ਦੇ ਅੰਤ ਵਿਚ ਆਂ, ਈਂ, ਊਂ ਹੋਵੇ, ਕੋਈ ਪਰਿਵਰਤਨ ਨਹੀਂ ਕੀਤਾ ਜਾਂਦਾ :

| | |
|---|---|
| ਮਾਵਾਂ | ਮਾਵਾਂ |
| ਗਾਈਂ | ਗਾਈਂ |

ਪਰ ਬਾਕੀ ਸਭਨਾਂ ਦੇ ਅਖ਼ੀਰ ਵਿਚ (ਆਂ) ਲਗਾ ਕੇ ਪਰਿਵਰਤਨ ਕੀਤਾ ਜਾਂਦਾ ਹੈ :

| | |
|---|---|
| ਸਾਹਨ | ਸਾਹਨਾਂ |
| ਕੁੱਤੇ | ਕੁੱਤਿਆਂ |

ਜੇ ਅੰਤ ਵਿਚ ਕੰਨਾ ਆ ਜਾਵੇ ਤਾਂ 'ਵਾਂ' ਜਾਂ 'ਆਂ' ਲਗਾ ਕੇ ਵਿਕਾਰੀ ਬਹੁ ਵਚਨ ਬਣਾਇਆ ਜਾਂਦਾ ਹੈ :

| | |
|---|---|
| ਭਰਾ | ਭਰਾਵਾਂ (ਭਰਾਆਂ) |

ਖਾਸ ਨਾਵਾਂ ਜਾਂ ਆਮ ਨਾਵਾਂ ਦੇ ਅੰਤ ਵਿਚ ਲਾਂ, ਬਿਹਾਰੀ ਜਾਂ ਕੰਨਾ ਲਾ ਕੇ ਵਿਕਾਰੀ ਬਣਾਉਣ ਦੀ ਰੁਚੀ ਆਮ ਹੈ :

| | |
|---|---|
| ਮਹਿੰਦਰ | ਮਹਿੰਦਰੇ ਨੀ ਰੋਟੀ |
| ਮੱਝ | ਮੱਝੀ ਕੀ ਗੁਤਾਵਾ ਪਾ |
| ਸੁੱਥਣ | ਮ੍ਹਾੜੀ ਸੁੱਥਣਾਂ 'ਚ ਨਾੜਾ ਬਾਹੀ ਛੋੜੇ |

ਇਸਤ੍ਰੀ ਲਿੰਗ ਸੰਗਿਆ ਦਾ ਇਕ ਵਚਨ ਤੋਂ ਬਹੁ ਵਚਨ ਬਣਾਉਣ ਲਈ ਪੋਠੋਹਾਰੀ ਵਿਚ ਟਕਸਾਲੀ ਪੰਜਾਬੀ ਵਾਲਾ ਰੰਗ ਨਹੀਂ ਵਰਤਿਆ ਜਾਂਦਾ। ਜੇ ਇਸਤ੍ਰੀ ਲਿਗ ਸੰਗਿਆ ਦਾ ਅੰਤਲਾ ਅੱਖਰ ਮੁਕਤਾ ਹੋਵੇ ਤਾਂ ਬਿਹਾਰੀ ਲਗਾ ਕੇ ਬਹੁ ਵਚਨ ਬਣਾਇਆ ਜਾਂਦਾ ਹੈ :

| | **ਪੋਠੋਹਾਰੀ** | **ਪੰਜਾਬੀ** |
|---|---|---|
| ਮੱਝ | ਮੱਝੀਂ | ਮਝਾਂ |
| ਚੁੜੇਲ | ਚੁੜੇਲੀਂ | ਚੁੜੇਲਾਂ |

ਪਰ ਜੇ ਅੰਤਲੇ ਅੱਖਰ ਦੇ ਪਿਛੇ ਕੰਨਾ ਲਗਿਆ ਹੋਵੇ ਤਾਂ ਅਖ਼ੀਰ ਵਿਚ ਈਂ ਲਗਾਇਆ ਜਾਂਦਾ ਹੈ :

| | ਪੋਠੋਹਾਰੀ | ਪੰਜਾਬੀ |
|---|---|---|
| ਗਾਂ | ਗਾਈਂ | ਗਾਵਾਂ |
| ਹਵਾ | ਹਵਾਈਂ | ਹਵਾਵਾਂ |
| ਬਲਾ | ਬਲਾਈਂ | ਬਲਾਵਾਂ |

## (੨) ਸਰਵ ਨਾਂਵ

ਪੋਠੋਹਾਰੀ ਵਿਚ ਜੋ ਸਰਵ ਨਾਂਵ* ਵਰਤੇ ਜਾਂਦੇ ਹਨ, ਉਹ ਪੰਜਾਬੀ ਨਾਲੋਂ ਕਾਫ਼ੀ ਫ਼ਰਕ ਵਾਲੇ ਹਨ। ਹੇਠਾਂ ਸਰਵ ਨਾਂਵ ਦੀ ਰੂਪਾਵਲੀ ਦਿੱਤੀ ਜਾਂਦੀ ਹੈ :

### ਉੱਤਮ ਪੁਰਖ : ਮੈਂ

| ਕਾਰਕ | ਇਕ ਵਚਨ | ਬਹੁ ਵਚਨ |
|---|---|---|
| ਕਰਤਾ | ਮੈਂ, ਮੈਂ | ਅੱਸ |
| ਕਰਮ | ਮਿੱਕੀ, ਮਿੱਘੀ, ਮਿੰਘੀ | ਅਸਾਂਹ ਕੀ |
| ਕਰਣ | **ਮਾੜ੍ਹੇ ਤੂੰ, ਮਾੜ੍ਹੇ ਕੋਲੂੰ | ਅਸਾਂਹ ਤੂੰ, ਕੋਲੂੰ |
| ਸੰਪ੍ਰਦਾਨ | ਮਾੜ੍ਹੇ ਆਸਤੈ, ਮਾੜ੍ਹੇ ਤਾਈਂ | ਅਸਾਂਹ ਆਸਤੈ, ਅਸਾਂਹ ਤਾਈਂ |
| ਅਪਾਦਾਨ | ਮੈਥੋਂ, ਮਾੜ੍ਹੇ ਤੂੰ, (ਕੋਲੂੰ) | ਅਸਾਂਹ ਕੋਲੂੰ, ਸਾੜ੍ਹੇ ਤ |
| ਸੰਬੰਧ | ਮ੍ਹਾੜਾ, ਮ੍ਹਾੜੀ | ਸਾੜ੍ਹਾ, ਸਾੜ੍ਹੀ, ਸਾੜ੍ਹੇ |
| ਅਧਿਕਰਣ | ਮਾੜ੍ਹੇ 'ਚ, ਤੈ | ਅਸਾਂਹ 'ਚ, ਸਾੜ੍ਹੇ 'ਚ |

### ਮੱਧਮ ਪੁਰਸ਼ : ਤੂੰ

| ਕਾਰਕ | ਇਕ ਵਚਨ | ਬਹੁ ਵਚਨ |
|---|---|---|
| ਕਰਤਾ | ਤੂੰ, ਤੂ, ਤੁੱਧ | ਤੁੱਸ |
| ਕਰਮ | ਤੁੱਘੀ, ਤੁੱਕੀ | ਤੁਸਾਂਹ, ਤੁਸਾਂਹ ਕੀ |
| ਕਰਣ | ਤੁਹਾੜੇ ਤੂੰ, ਕੋਲੂੰ | ਤੁਸਾਂਹ ਤੂੰ, ਕੋਲੂੰ |

---

*ਜਿਹਲਮ ਪਾਰ ਦੇ ਨੇੜੇ ਵਾਲੇ ਇਲਾਕੇ ਵਿਚ 'ਮੈਨੂੰ', 'ਤੈਨੂੰ', 'ਉਸਨੂੰ' ਜਾਂ 'ਉਹਨੂੰ' ਆਦਿ ਸ਼ਬਦਾਂ ਨੂੰ 'ਮੱਨੂੰ', 'ਤੱਨੂੰ' ਤੇ 'ਉੱਨੂੰ' ਦਾ ਰੂਪ ਦੇ ਦਿੱਤਾ ਜਾਂਦਾ ਹੈ। ਇਸਤੋਂ ਅੱਗੇ ਹਜ਼ਾਰੇ ਵਾਲੇ ਪਾਸੇ ਵਧਦੇ ਹੋਏ ਇਹੋ ਸ਼ਬਦ 'ਮਾਂਹ', 'ਤਾਂਹ', 'ਉਸਾਂਹ', ਫਿਰ 'ਮੀਂਹ', 'ਤੁਹੀਂ', 'ਉਸਈ' ਤੇ ਫਿਰ 'ਮਿੱਕੀ', 'ਤੁੱਕੀ', 'ਉਸਕੀ' ਬਣ ਜਾਂਦੇ ਹਨ। ਇਸ ਤੋਂ ਵੀ ਹੋਰ ਅਗੇਰੇ ਜਾ ਕੇ ਇਹ ਸ਼ਬਦ 'ਮਿੰਘੀ', 'ਤੁੱਘੀ', ਤੇ 'ਉਸਕੀ' ਦਾ ਰੂਪ ਧਾਰਨ ਕਰ ਲੈਂਦੇ ਹਨ।''

[ਪੋਠੋਹਾਰੀ ਸ਼ਬਦ-ਕੋਸ਼ : ਭਾਸ਼ਾ ਵਿਭਾਗ ਪਟਿਆਲਾ।]

**ਮੈਂਡਾ, ਮੈਂਡੇ ਵੀ ਵਰਤੇ ਜਾਂਦੇ ਹਨ, ਪਰ ਇਹ ਧਨੀ ਦਾ ਅਸਰ ਹੈ।

| | | |
|---|---|---|
| **ਸੰਪ੍ਰਦਾਨ** | ਤੁਸਾੜੇ ਆਸਤੈ, ਤਾਈਂ | ਸੁਹਾੜੇ ਆਸਤੈ, ਤੁਸਾਂਹ ਤਾਈਂ |
| **ਅਪਾਦਾਨ** | ਤੁਹਾੜੇ ਤੂੰ, ਤੁਹਾੜੇ ਨਾਲੂੰ | ਤੁਸਾਂਹ ਤੂੰ, ਸੁਹਾੜੇ ਨਾਲੂੰ |
| **ਸੰਬੰਧ** | ਤੁਹਾੜਾ, ਤੁਹਾੜੀ, ਤੁਹਾੜੇ | ਸੁਹਾੜਾ, ਸੁਹਾੜੀ, ਸੁਹਾੜੇ |
| **ਅਧਿਕਰਣ** | ਤੁਹਾੜੇ 'ਚ | ਸੁਹਾੜੇ 'ਚ |

**ਅਨਜ ਪੁਰਸ਼ : ਉਹ**

| **ਕਾਰਕ** | **ਇਕ ਵਚਨ** | **ਬਹੁ ਵਚਨ** |
|---|---|---|
| **ਕਰਤਾ** | ਹੁਹ, ਹੁੱਸ | ਹੁਹ, ਹੁਨ੍ਹਾਂ |
| **ਕਰਮ** | ਹੁੱਸ ਆਂ, ਹੁੱਸ ਕੀ | ਹੁਨਆਂ, ਹੁਨਾਂ ਕੀ |
| **ਕਰਣ** | ਹੁੱਸ ਕੋਲੂੰ; ਤੂੰ | ਹੁਨਾਂ ਕੋਲੂੰ, ਤੂੰ |
| **ਸੰਪ੍ਰਦਾਨ** | ਹੁੱਸ ਆਸਤੈ, ਤਾਈਂ | ਹੁਨਾਂ ਆਸਤੈ, ਤਾਂਈਂ |
| **ਅਪਾਦਾਨ** | ਹੁੱਸ ਨਾਲੂੰ, ਹੁੱਸ ਤੂੰ, | ਹੁਨਾਂ ਨਾਲੂੰ, ਹੁਨਾਂ ਤੂੰ |
| **ਸੰਬੰਧ** | ਹੁੱਸ ਨਾ, ਹੁੱਸ ਨੇ, ਹੁੱਸ ਨੀ | ਹੁਨਾਂ ਨਾ, ਹੁਨਾਂ ਨੇ, ਹੁਨਾਂ ਨੀਆਂ |
| **ਅਧਿਕਰਣ** | ਹੁੱਸ 'ਚ, ਹੁੱਸ ਤੇ | ਹੁਨਾਂ 'ਚ, ਹੁਨਾਂ ਤੈ |

ਅਨਿਸਚੇ ਵਾਚਕ ਪੜਨਾਂਵ 'ਕੋਈ', 'ਕਿਸ' ਲਈ ਪੋਠੋਹਾਰੀ ਵਿਚ 'ਕੈਂ', 'ਕੁੱਸ' ਵਰਤਿਆ ਜਾਂਦਾ ਹੈ ਦੇ ਪ੍ਰਸ਼ਨ-ਵਾਚਕ ਲਈ 'ਕੈਂਹ', 'ਕੈਂਢਾ', 'ਕਾਈਂ 'ਚ' ਦਾ ਪ੍ਰਯੋਗ ਹੁੰਦਾ ਹੈ। 'ਕੀ' ਪੜਨਾਂਵ ਦੀ ਥਾਂ ਪੋਠੋਹਾਰੀ ਵਿਚ 'ਕੇ' ਜਾਂ 'ਕਹਿ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਜ਼ਿਲਾ ਜਿਹਲਮ ਦੇ ਪੋਠੋਹਾਰੀ 'ਕੇ' ਵਰਤਦੇ ਹਨ ਅਤੇ ਜ਼ਿਲਾ ਰਾਵਲਪਿੰਡੀ ਦੇ 'ਕਹਿ'। ਨਿਜ ਵਾਚੀ ਪੜਨਾਂਵ ਲਈ ਪੋਠੋਹਾਰੀ ਵਿਚ 'ਆਪੂੰ' ਵਰਤਿਆ ਜਾਂਦਾ ਹੈ। 'ਆਪੂੰ ਗੱਛ' (ਤੂੰ ਆਪ ਜਾ)।

## (੩) ਵਿਸ਼ੇਸ਼ਣ

ਵਿਸ਼ੇਸ਼ਣ ਪੰਜਾਬੀ ਵਾਂਙ ਹੀ ਨਾਂਵਾਂ ਤੋਂ ਪਹਿਲਾਂ ਆਉਂਦੇ ਹਨ ਅਤੇ ਲਿੰਗ, ਵਚਨ ਤੇ ਕਾਰਕ ਨੂੰ ਮੁੱਖ ਰੱਖ ਕੇ ਨਾਵਾਂ ਨਾਲ ਮੇਲ ਖਾਂਦੇ ਹਨ। ਜਿਵੇਂ ਚੰਗਾ ਆਦਮੀ, ਚੰਗੇ ਆਦਮੀ, ਚੰਗੀ ਤ੍ਰੀਮਤ, ਚੰਗੀਆਂ ਤ੍ਰੀਮਤਾਂ। ਪੰਜਾਬੀ ਵਾਂਙ ਹੀ ਪੋਠੋਹਾਰੀ ਵਿਚ ਵੀ ਕੁੱਝ ਵਿਸ਼ੇਸ਼ਣ ਨਾਵਾਂ ਦੇ ਅੰਤ ਵਿਚ 'ਕੰਨਾ' ਲਾ ਕੇ ਬਣਾਏ ਜਾਂਦੇ ਹਨ :

| **ਨਾਂਵ** | **ਵਿਸ਼ੇਸ਼ਣ** |
|---|---|
| ਭੁੱਖ | ਭੁੱਖਾ |
| ਅੱਧ | ਅੱਧਾ |
| ਔਖ | ਔਖਾ |

ਪਰ ਕੁੱਝ ਵਿਸ਼ੇਸ਼ਣ ਕ੍ਰਿਆ ਦੇ ਪਿੱਛੇ 'ਓਕਾ' ਪ੍ਰਤਯ ਲਾ ਕੇ ਬਣਾਏ ਜਾਂਦੇ ਹਨ, ਖ਼ਾਸ ਤੌਰ ਉੱਤੇ ਸਮੇਂ ਨਾਲ ਸੰਬੰਧ ਰੱਖਣ ਵਾਲੇ ਕ੍ਰਿਆ ਵਿਸ਼ੇਸ਼ਣਾਂ ਤੋਂ :—

| | |
|---|---|
| ਕੱਲ੍ਹ | ਕਲ੍ਹੋਕਾ |
| ਪਰ | ਪਰੋਕਾ |
| ਚਿਰ | ਚਿਰੋਕਾ |
| ਕਦ | ਕਦੋਕਾ |

## ਤੁਲਨਾ ਦੀਆਂ ਅਵਸਥਾਵਾਂ

### (੧) ਅਧਿਕਤਰ ਅਵਸਥਾ

ਜਦੋਂ ਤੁਲਨਾ ਦੋ ਵਸਤੂਆਂ ਵਿਚ ਹੋਵੇ ਤਾਂ ਅਧਿਕਤਰ ਅਵਸਥਾ ਬਣਾਉਣ ਲਈ ਸਾਧਾਰਣ ਅਵਸਥਾ ਵਾਲੇ ਵਿਸ਼ੇਸ਼ਣ ਦਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਤੁਲਨਾ ਲਈ 'ਨਾਲੂੰ' ਜਾਂ 'ਕੋਲੂੰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ 'ਹੁਹ ਹੁੱਸ ਨਾਲੂੰ ਚੰਗਾ ਅਹਿ'', ਕਦੇ ਕਦੇ ਕ੍ਰਿਆ ਵਿਸ਼ੇਸ਼ਣ 'ਵੱਧ' 'ਘੱਟ' ਵਰਤ ਕੇ ਵੀ ਕੰਮ ਸਾਰ ਲਿਆ ਜਾਂਦਾ ਹੈ, "ਹੁਹ ਹੁੱਸ ਨਾਲੂੰ ਵੱਧ ਚੰਗੈ" ।

### (੨) ਅਧਿਕਤਮ ਅਵਸਥਾ

ਜਦੋਂ ਤੁਲਨਾ ਦੋ ਤੋਂ ਵਧੀਕ ਵਸਤੂਆਂ ਵਿਚ ਹੋਵੇ ਤਾਂ ਪੋਠੋਹਾਰੀ ਵਿਚ 'ਹੱਭਾ': 'ਸੱਭਨਾਂ' ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਦਾ ਹੈ ਜਿਵੇਂ "ਹਹਿ ਸਭਨਾ ਨਾਲੂੰ ਸੁਹਣੈਂ" ।

ਹੇਠਾਂ ਕੁੱਝ ਆਮ ਵਰਤੀਂਦੇ ਪੋਠੋਹਾਰੀ ਵਿਸ਼ੇਸ਼ਣ ਦਿੱਤੇ ਜਾਂਦੇ ਹਨ :—

ਚੈੜਾ (ਚੌੜਾ): ਠੁੱਲ੍ਹਾ (ਮੋਟਾ), ਕੱਸਾ (ਊਣਾ, ਘੱਟ), ਸੌੜਾ (ਤੰਗ), ਤਰੇਹੜਾ (ਵਿੰਗਾ ਜਾਂ ਟੇਢਾ), ਡਿੰਗਾ (ਵਿੰਗਾ) ਆਦਿ ।

## ਸੰਖਿਅਕ ਵਿਸ਼ੇਸ਼ਣ

ਪੋਠੋਹਾਰੀ ਵਿਚ ਜੋ ਅੰਕੜੇ ਵਰਤੇ ਜਾਂਦੇ ਹਨ ਉਹ ਪੰਜਾਬੀ ਵਾਲੇ ਹੀ ਹਨ । ਕੁਝ ਅੰਕੜਿਆਂ ਦੇ ਉੱਚਾਰਣ ਵਿਚ ਅੰਤਰ ਹੈ ਤਾਂ ਉਹ ਪੋਠੋਹਾਰੀ ਦੇ ਧੁਨੀ, ਪਰਿਵਰਤਨ ਦੇ ਨੇਮਾਂ ਅਨੁਸਾਰ ਹੋਇਆ ਹੈ, ਜਿਵੇਂ ਹਿੱਕ, ਦੋ, ਤ੍ਰੈ, ਚਾਰ, ਪੰਜ, ਛੇ, ਸੱਤ, ਅੱਠ, ਨੌਂ, ਦਾਹ, ਯਾਰਾਂ ਆਦਿ । ਇਕੱਤੀ ਤੋਂ ਲੈ ਕੇ ਅਠੱਤੀ ਤਕ ਦੇ ਅੰਕੜੇ ਅਕੱਤਰੀ, ਬੱਤਰੀ, ਤੇਂਤਰੀ, ਚੋਂਤਰੀ; ਪੈਂਤਰੀ, ਛੱਤਰੀ, ਸਤੱਤਰੀ, ਅਠੱਤਰੀ ਉਚਾਰੇ ਜਾਂਦੇ ਹਨ । ਇਸੇ ਤਰ੍ਹਾਂ 'ਸੌ' ਨੂੰ 'ਸੈ' ਕਰਕੇ ਉਚਾਰਿਆ ਜਾਂਦਾ ਹੈ; ਦੋ ਸੈ, ਤ੍ਰੈ ਸੈ । ਪੋਠੋਹਾਰ ਦੇ ਪਿੰਡਾਂ ਵਿਚ ਲੋਕੀ ਵਧੇਰੇ ਕਰਕੇ ਵੀਹਾਂ ਵਿਚ ਗਿਣਦੇ ਹਨ । ਜਿਵੇਂ, ਪੰਜਾਂ ਤੇ ਤ੍ਰੈ ਵੀਹਾਂ (੬੫), ਹਿਕ ਘੱਟ ਪੰਜ ਵੀਹਾਂ (੯੯) ।

## ਕ੍ਰਿਆ ਵਿਸ਼ੇਸ਼ਣ

ਪੋਠੋਹਾਰੀ ਦੇ ਬਹੁਤੇ ਕ੍ਰਿਆ ਵਿਸ਼ੇਸ਼ਣ ਪੰਜਾਬੀ ਨਾਲ ਲਗ ਪਗ ਮੇਲ ਖਾਂਦੇ ਹਨ,

ਅੰਤਰ ਸਿਰਫ਼ ਉੱਚਾਰਣ ਭੇਦ ਕਰਕੇ ਹੈ ।

| ਅਵਸਥਾ | ਕਾਲ ਵਾਚਕ | ਸਥਾਨ ਵਾਚਕ | ਪ੍ਰਕਾਰ ਵਾਚਕ | ਪ੍ਰਮਾਣ ਵਾਚਕ | ਦਿਸ਼ਾ ਵਾਚਕ |
|---|---|---|---|---|---|
| ਪ੍ਰਸ਼ਨਿਕ | ਕਦੂੰ, ਕੱਦਣ, ਕਦੋਕਾ | ਕੁੱਥੈ; ਕੁੱਥੂੰ, ਕੁਧਰੂੰ ਕਿਦਿਉਂ, ਕਿਵੇਂ | ਕੀਕਣ, ਕਿੰਜ, ਕਿੱਦਾਂ, ਕਿਵੈਂ | ਕਿੰਨਾਂ | ਕਿਦੈਂ; ਕੁਦੈਂ |
| ਯੋਜਕੀ | ਜਦੂੰ, ਜੱਦਣ, ਜਦੋਕਣਾ | ਜਿੱਥੈ, ਜਿੱਥੂੰ; ਜਿਧਰੂੰ | ਜੀਕਣ, ਜਿਵੈਂ, ਜੱਦਾਂ, ਜਿੰਜ | ਜਿੰਨਾ, ਜੇਡਾ | ਜਿੱਧਰੂੰ, ਜਿਦੈ |
| ਨਿਸਚੇ-ਵਾਚੀ | ਸੈ, ਤਾਂ, ਤਦੂੰ, ਉਦੂੰ; ਉੱਦਣ | ਹਿਥੈ; ਹੁੱਥੈ, ਉਰੈ, ਪਰੈ, ਊਹਰ | ਇਜੇਹਾਰ, ਇੰਜੇ, ਉਂਜੇ; ਏਦਾਂ | ਹਿੰਨਾ; ਐਡਾ | ਇੱਦੈ, ਉੱਦੈ |

ਪੰਜਾਬੀ ਦੇ ਜਿਨ੍ਹਾਂ ਕ੍ਰਿਆ-ਵਿਸ਼ੇਸਣਾਂ ਦੇ ਮੁੱਢ ਵਿਚ 'ਕਿ' ਆਉਂਦਾ ਹੈ, ਪੋਠੋਹਾਰੀ ਵਿਚ ਉਨ੍ਹਾਂ ਦੀ ਸਿਹਾਰੀ ਔਂਕੁੜ ਵਿਚ ਬਦਲ ਜਾਂਦੀ ਹੈ, ਜਿਵੇਂ :—

| **ਪੰਜਾਬੀ** | **ਪੋਠੋਹਾਰੀ** |
|---|---|
| ਕਿੱਧਰ | ਕੁੱਧਰ |
| ਕਿੱਥੇ | ਕੁੱਥੈ |
| ਕਿਸੇ | ਕੁੱਸੈ |
| ਕਿਸ | ਕੁੱਸ |

ਜੇ ਅੰਤ ਵਿਚ ਲਾਂ ਦੀ ਮਾਤ੍ਰਾ ਹੋਵੇ ਤਾਂ ਉਹ ਦੁਲਾਵਾਂ ਵਿਚ ਬਦਲ ਜਾਂਦੀ ਹੈ, ਜਿਵੇਂ :—

| | |
|---|---|
| ਇੱਥੇ | ਹਿੱਥੈ |
| ਉੱਥੇ | ਹੁੱਥੈ |

## ਕ੍ਰਿਆ

ਪੋਠੋਹਾਰੀ ਵਿਚ ਕ੍ਰਿਆਵਾਂ ਦੀ ਰੂਪ-ਸਾਧਨਾ ਪੰਜਾਬੀ ਨਾਲੋਂ ਬਹੁਤ ਵੱਖਰੀ ਹੈ । ਸੰਗਿਆ-ਕ੍ਰਿਆ (Verb Substantive) ਦਾ ਵਰਤਮਾਨ ਕਾਲ ਵਿੱਚ ਅੰਤ ਇਉਂ ਹੁੰਦਾ ਹੈ :—

| | **ਇਕ ਵਚਨ** | **ਬਹੁ ਵਚਨ** |
|---|---|---|
| **ਉੱਤਮ** | ਹਾਂ, ਆਂ | ਹਾਂ, ਆਂ |
| **ਮੱਧਮ** | ਹੈਂ, ਏਂ, ਐਂ | ਹੋ, ਓ |
| **ਅਨਜ** | ਹੇ, ਏ, ਹੈ, ਐ; ਐਹ, ਵੈ | ਹਨ, ਅਨ, ਐਂ, ਨੇ |

ਭੂਤ ਕਾਲ ਵਿੱਚ ਦੋ ਵਿਭਿੰਨ ਰੂਪ ਪ੍ਰਚਲਿਤ ਹਨ; ਪਹਿਲਾ ਵਧੇਰੇ ਰਾਵਲਪਿੰਡੀ ਦੇ ਖੇਤਰ ਵਿਚ ਵਰਤਿਆ ਜਾਂਦਾ ਹੈ ਤੇ ਦੂਜਾ ਜਿਹਲਮ ਤੇ ਗੁੱਜਰਖ਼ਾਨ ਦੀ ਤਹਿਸੀਲ ਦੇ

ਵਿਚ। ਕਿਧਰੇ ਕਿਧਰੇ ਦੋਵੇਂ ਰੂਪ ਵੀ ਵਰਤ ਲਏ ਜਾਂਦੇ ਹਨ।

(ੳ)

| | ਇਕ ਵਚਨ | ਬਹੁ ਵਚਨ |
|---|---|---|
| ਉ. | ਇਆ, ਅਹਿਆ | ਅਹਿਆ |
| ਮ. | ਐਂ, ਅਹਿੰ | ਅਹਿਓ |
| ਅ. | ਇਹ (ਅਹੀ) | ਅਹੈ, ਅਹੀਆਂ |

(ਅ)

| | | |
|---|---|---|
| ਉ. | ਸਾਂ | ਸਾਂ |
| ਮ. | ਸੈਂ, ਸਹਿੰ | ਸੋ |
| ਅ. | ਸਾ, (ਸੀ) | ਸੇ (ਸੀਆਂ) |

(ਜਿਹਲਮ ਵਿਚ ਕਦੇ ਕਦੇ 'ਸਨ' ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ)

ਭਵਿੱਖਤ ਕਾਲ ਵਿਚ ਪੰਜਾਬੀ ਵਿਚ 'ਗਾ', 'ਗੀ' ਆਦਿ ਵਰਤਿਆ ਜਾਂਦਾ ਹੈ, ਪਰ ਪੋਠੋਹਾਰੀ ਵਿਚ 'ਸਾ', 'ਸੀ'. ਆਦਿ ਜਿਵੇਂ 'ਆਖਾਂਗਾ' ਦੀ ਥਾਂ 'ਆਖਸਾਂ' :—

| | | |
|---|---|---|
| ਉ. | ਸਾਂ | ਸਾਂ |
| ਮ. | ਸੈਂ | ਸੋ |
| ਅ. | ਸੀ | ਸਨ |

ਵਰਤਮਾਨ ਕਾਲ ਦਾ ਰੂਪ ਬਣਾਉਣ ਲਗਿਆਂ ਵਰਤਮਾਨ ਕਾਰਦੰਤਕ ਦੇ ਅੰਤ ਵਿਚ ਵਰਤਮਾਨ ਕਾਲ ਵਰਤਿਆ ਜਾਂਦਾ ਹੈ, ਪਰ ਉਹ ਕਾਰਦੰਤਕ ਨਾਲ ਹੀ ਜੋੜ ਲਿਆ ਜਾਂਦਾ ਹੈ, ਜਿਵੇਂ :—

| | | |
|---|---|---|
| ਪੜਨਾ ਆਂ | = | ਪੜਨਾਂ |
| ਪੜਨਾ ਏਂ | = | ਪੜਨੈਂ |
| ਪੜਨਾ ਏ | = | ਪੜਨੈ |

ਭੂਤ ਕਾਲ ਵਿਚ ਪੜਨਾਵੀਂ ਪਿਛੇਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਵੇਂ, ਪੁਛਿਉਸੁ (ਉਸ ਨੇ ਉਸ ਨੂੰ ਪੁਛਿਆ), ਅਹੀਸ (ਉਸ ਕੋਲ ਹੈ ਸੀ)।

## ਕ੍ਰਿਆ ਰੂਪ ਸਾਧਨਾ

### ਧਾਤੂ : ਪੜ੍ਹ

### ਅਨਿਸਚਿਤ ਵਰਤਮਾਨ ਕਾਲ

| | ਇਕ ਵਚਨ | ਬਹੁ ਵਚਨ |
|---|---|---|
| **ਪੁਲਿੰਗ** | | |
| ਉ. | ਮੈਂ ਪੜ੍ਹਨਾ | ਅਸ ਪੜ੍ਹਨੇ ਆਂ |
| ਮ. | ਤੂੰ ਪੜ੍ਹਨੈਂ | ਤੁਸ ਪੜ੍ਹਨੇ ਓ |
| ਅ. | ਹੈਹ ਪੜ੍ਹਨੈਂ | ਹੋਹ ਪੜ੍ਹਨੇ ਨੁ |

### ਇਸਤ੍ਰੀ ਲਿੰਗ

| | | |
|---|---|---|
| ਉ, | ਮੈਂ ਪੜ੍ਹਨੀ ਆਂ | ਅੱਸ ਪੜ੍ਹਨੀਆਂ ਆਂ |
| ਮ. | ਤੂੰ ਪੜ੍ਹਨੀ ਏਂ | ਤੁੱਸ ਪੜ੍ਹਨੀਆਂ ਓਂ |
| ਅ. | ਓਹ ਪੜ੍ਹਨੀ ਐ | ਓਹ ਪੜ੍ਹਨੀਆਂ ਨ੍ਹ |

## ਅਨਿਸਚਿਤ ਭੂਤ ਕਾਲ

### ਪੁਲਿੰਗ

| | | |
|---|---|---|
| ਉ. | ਮੈਂ ਪੜ੍ਹਿਆ | ਅੱਸ ਪੜ੍ਹੇ |
| ਮ. | ਤੂੰ ਪੜ੍ਹਿਆ | ਤੁੱਸ ਪੜ੍ਹੇ |
| ਅ | ਹੋਹ ਪੜ੍ਹਿਆ | ਹੋਹ ਪੜ੍ਹੇ |

### ਇਸਤ੍ਰੀ ਲਿੰਗ

| | | |
|---|---|---|
| ਉ. | ਮੈਂ ਪੜ੍ਹੀ | ਅੱਸ ਪੜ੍ਹੀਆਂ |
| ਮ. | ਤੂੰ ਪੜ੍ਹੀ | ਤੁੱਸ ਪੜ੍ਹੀਓ |
| ਅ. | ਹੋਹ ਪੜ੍ਹੀ | ਹੋਹ ਪੜ੍ਹੀਆਂ ਨ੍ਹ |

## ਸਮੀਪੀ ਭੂਤ ਕਾਲ

### ਪੁਲਿੰਗ

| | | |
|---|---|---|
| ਉ. | ਮੈਂ ਪੜ੍ਹਿਆਂਸ | ਅੱਸ ਪੜ੍ਹੇ ਆਂ |
| ਮ. | ਤੂੰ ਪੜ੍ਹਿਐਂ | ਤੁੱਸ ਪੜ੍ਹੇ ਓ |
| ਅ. | ਹੋਹ ਪੜ੍ਹਿਐ | ਹੋਹ ਪੜ੍ਹੇ ਨ੍ਹ |

### ਇਸਤ੍ਰੀ ਲਿੰਗ

| | | |
|---|---|---|
| ਉ. | ਮੈਂ ਪੜ੍ਹੀਆਂਸ | ਅੱਸ ਪੜ੍ਹੀਆਂ |
| ਮ. | ਤੂੰ ਪੜ੍ਹੀਐਂ | ਤੁੱਸ ਪੜ੍ਹੀਆਂ ਓ |
| ਅ. | ਹੋਹ ਪੜ੍ਹੀਆਂ | ਹੋਹ ਪੜ੍ਹੀਆਂ ਨ੍ਹ |

## ਅਪੂਰਣ ਭੂਤ ਕਾਲ

### ਪੁਲਿੰਗ

| | | |
|---|---|---|
| ਉ. | ਮੈਂ ਪੜ੍ਹਨਾ ਅਹਿਆ (ਸਾਂ) | ਅੱਸ ਪੜ੍ਹਨੇ ਅਹੇ (ਸਾਂ) |
| ਮ. | ਤੂੰ ਪੜ੍ਹਨਾ ਅਹਿਐਂ (ਸੈਂ) | ਤੁੱਸ ਪੜ੍ਹਨੇ ਅਹਿਓ (ਸੇ) |
| ਅ: | ਹੋਹ ਪੜ੍ਹਨਾ ਅਹਿਆ (ਸਾ) | ਹੋਹ ਪੜ੍ਹਨੇ ਅਹੈ (ਸੈ) |

### ਇਸਤ੍ਰੀ ਲਿੰਗ

| | | |
|---|---|---|
| ਉ: | ਮੈਂ ਪੜ੍ਹਨੀ ਅਹੀਐਂ (ਹਾਂ) | ਅੱਸ ਪੜ੍ਹਨੀਆਂ ਅਹੀਆਂ (ਸਾਂ) |
| ਮ. | ਤੂੰ ਪੜ੍ਹਨੀ ਅਹੀਐਂ (ਸੈਂ) | ਤੁੱਸ ਪੜ੍ਹਨੀਆਂ ਅਹੀਓ (ਸੋ) |
| ਅ. | ਹੋਹ ਪੜ੍ਹਨੀ ਅਹੀ (ਸਿਆ) | ਹੋਹ ਪੜ੍ਹਨੀਆਂ ਅਹੀਆਂ(ਸੀਆਂ) |

## ਪੂਰਨ ਭੂਤ ਕਾਲ

**ਪੁਲਿੰਗ**

| | | |
|---|---|---|
| ਉ. | ਮੈਂ ਪੜ੍ਹਿਆ ਅਹਿਆ (ਸਾਂ) | ਅੱਸ ਪੜ੍ਹੇ ਅਹਿਆਂ |
| ਮ. | ਤੂੰ ਪੜ੍ਹਿਆ ਐਂ (ਸੈਂ) | ਤੁੱਸ ਪੜ੍ਹੇ ਅਹੇ |
| ਅ. | ਹੋਹ ਪੜ੍ਹਿਆ ਅਹਿਆ (ਸਾ) | ਹੋਹ ਪੜ੍ਹੇ ਅਹੇ |

**ਇਸਤ੍ਰੀ ਲਿੰਗ**

| | | |
|---|---|---|
| ਉ. | ਮੈਂ ਪੜ੍ਹੀ ਅਹੀ (ਸਾਂ) | ਅੱਸ ਪੜ੍ਹੀਆਂ ਅਹੀਆਂ |
| ਮ. | ਤੂੰ ਪੜ੍ਹੀ ਅਹੀ (ਸੈਂ) | ਤੁੱਸ ਪੜ੍ਹੀਆਂ ਅਹੀਆਂ |
| ਅ. | ਹੋਹ ਪੜ੍ਹੀ ਅਹੀ (ਸਿਆ) | ਹੋਹ ਪੜ੍ਹੀਆਂ ਅਹੀਆਂ |

## ਚਾਲੂ ਭੂਤ ਕਾਲ

**ਪੁਲਿੰਗ**

| | | |
|---|---|---|
| ਉ. | ਮੈਂ ਪੜ੍ਹਨਾ ਪਿਆ ਅਹਿਆਂ | ਅੱਸ ਪੜ੍ਹਨੇ ਪਏ ਅਹਿਆਂ |
| ਮ. | ਤੂੰ ਪੜ੍ਹਨਾ ਪਿਆ ਅਹਿਐਂ | ਤੁੱਸ ਪੜ੍ਹਨੇ ਪਏ ਅਹਿਓ |
| ਅ. | ਹੋਹ ਪੜ੍ਹਨਾ ਪਿਆ ਅਹਿਆ | ਹੋਹ ਪੜ੍ਹਨੇ ਪਏ ਅਹੇ |

**ਇਸਤ੍ਰੀ ਲਿੰਗ**

| | | |
|---|---|---|
| ਉ. | ਮੈਂ ਪੜ੍ਹਨੀ ਪਈ ਅਹੀਆਂ | ਅੱਸ ਪੜ੍ਹਨੀਆਂ ਪਈਆਂ ਅਹੀਆਂ |
| ਮ. | ਤੂੰ ਪੜ੍ਹਨੀ ਪਈ ਅਹੀਐਂ | ਤੁੱਸ ਪੜ੍ਹਨੀਆਂ ਪਈਆਂ ਅਹੀਓ |
| ਅ. | ਹੋਹ ਪੜ੍ਹਨੀ ਪਈ ਅਹੀ | ਹੋਹ ਪੜ੍ਹਨੀਆਂ ਪਈਆਂ ਅਹੀਆਂ |

## ਸ਼ਰਤੀ ਭੂਤ ਕਾਲ

**ਪੁਲਿੰਗ**

| | | |
|---|---|---|
| ਉ. | ਜੇ ਮੈਂ ਪੜ੍ਹਿਆ ਹੋਨਾ | ਜੇ ਅੱਸ ਪੜ੍ਹੇ ਹੋਨੇ |
| ਮ. | ਜੇ ਤੂੰ ਪੜ੍ਹਿਆ ਹੋਨਾ | ਜੇ ਤੁੱਸ ਪੜ੍ਹੇ ਹੋਨੇ |
| ਅ. | ਜੇ ਹੋਹ ਪੜ੍ਹਿਆ ਹੋਨਾ | ਜੇ ਹੋਹ ਪੜ੍ਹੇ ਹੋਨੇ |

## ਅਨਿਸਚਿਤ ਭਵਿੱਖਤ ਕਾਲ

**ਪੁਲਿੰਗ**

| | | |
|---|---|---|
| ਉ: | ਮੈਂ ਪੜ੍ਹਸਾਂ | ਅੱਸ ਪੜ੍ਹਸਾਂ |
| ਮ. | ਤੂੰ ਪੜ੍ਹਸੈਂ | ਤੁੱਸ ਪੜ੍ਹਸੋ |
| ਅ. | ਹੋਹ ਪੜ੍ਹਸੀ | ਹੋਹ ਪੜ੍ਹਸਨ |

## ਚਾਲੂ ਭਵਿੱਖਤ ਕਾਲ

**ਪੁਲਿੰਗ**

| | | |
|---|---|---|
| ਉ. | ਮੈਂ ਪੜ੍ਹਨਾ ਹੋਸਾਂ | ਅੱਸ ਪੜ੍ਹਨੇ ਹੋਸਾਂ |
| ਮ. | ਤੂੰ ਪੜ੍ਹਨਾ ਹੋਸੈਂ | ਤੁੱਸ ਪੜ੍ਹਨੇ ਹੋਸੋ |
| ਅ. | ਹੋਹ ਪੜ੍ਹਨਾ ਹੋਸੀ | ਹੋਹ ਪੜ੍ਹਨੇ ਹੋਸਨ |

## ਹੁਕਮੀ ਭਵਿੱਖਤ

ਇਸ ਰੂਪ ਵਿਚ ਧਾਤੂ ਨੂੰ ਹੀ ਮੱਧਮ ਪੁਰਖ ਇਕ ਵਚਨ ਵਿਚ ਵਰਤਿਆ ਜਾਂਦਾ ਹੈ ਜਿਵੇਂ ਨੱਸੋ, ਕੁੱਟੋ। ਜੇ ਧਾਤੂ ਇਕ ਅੱਖਰੀ ਹੋਵੇ ਤੇ ਅੰਤ ਵਿਚ ਸੂਰ ਹੋਵੇ ਤਾਂ ਨਾਲ 'ਹ' ਲਗਾ ਲਿਆ ਜਾਂਦਾ ਹੈ; ਜਿਵੇਂ :

| | |
|---|---|
| ਜਾ | ਜਾਹ |
| ਖਾ | ਖਾਹ |
| ਦੇ | ਦੇਹ |

ਮੱਧਮ ਪੁਰਖ ਬਹੁ ਵਚਨ ਵਿਚ 'ਓ' ਅੱਖਰ ਧਾਤੂ ਦੇ ਅੰਤ ਵਿਚ ਜੋੜਿਆ ਜਾਂਦਾ ਹੈ, ਜਿਵੇਂ : ਨੱਸ, ਕੁੱਟ, ਜਾਓ; ਖਾਓ, ਦੇਓ।

ਜਦੋਂ ਹੁਕਮੀ ਭਵਿਖਤ ਆਦਰ ਦੇ ਰੂਪ ਵਿਚ ਵਰਤਣਾ ਹੋਵੇ ਤਾਂ ਧਾਤੂ ਦੇ ਅੰਤ ਵਿਚ ਇਕ ਵਚਨ ਰੂਪ ਵਿਚ ( ੀਂ ) ਅਤੇ ਬਹੁ ਵਚਨ ਰੂਪਾਂ ਵਿਚ 'ਇਉਂ' ਲਾਇਆ ਜਾਂਦਾ ਹੈ।

| ਧਾਤੂ | ਇਕ ਵਚਨ | ਬਹੁ ਵਚਨ |
|---|---|---|
| ਨੱਸ | ਨੱਸੀਂ | ਨੱਸਿਓ |
| ਕੁੱਟ | ਕੁੱਟੀਂ | ਕੁੱਟਿਓ |
| ਉਣ | ਉਣੀਂ | ਉਣਿਓਂ |

ਜੇ ਧਾਤੂ ਦੇ ਅੰਤ ਵਿਚ ਸੂਰ ਹੋਵੇ ਤਾਂ 'ਈ' ਜਾਂ 'ਵੀ' ਅਤੇ (ਇਓ) ਜਾਂ (ਵਿਓ) ਲਾਇਆ ਜਾਂਦਾ ਹੈ :—

| ਧਾਤੂ | ਇਕ ਵਚਨ | ਬਹੁ ਵਚਨ |
|---|---|---|
| ਜਾ | ਜਾਈਂ | ਜਾਇਓ |
| ਆ | ਆਵੀਂ | ਆਵਿਓ |
| ਖਾ | ਖਾਵੀਂ | ਖਾਵਿਓ |

ਪੋਠੋਹਾਰੀ ਵਿਚ ਪੰਜਾਬੀ ਦੀ ਵਰਤਮਾਨ ਕ੍ਰਿਆ ਦੇ ਅੰਤਲੇ 'ਦ' ਨੂੰ 'ਨ' ਜਾਂ 'ਣ' ਵਿਚ ਬਦਲ ਦਿੱਤਾ ਜਾਂਦਾ ਹੈ, ਜਿਵੇਂ ਖਾਂਦਾ, ਪੀਂਦਾ, ਹੱਸਦਾ, ਵੱਸਦਾ ਨੂੰ ਤਰਤੀਬਵਾਰ ਖਾਨਾ, ਪੀਨਾ, ਹੱਸਨਾ, ਵੱਸਨਾ ਕਿਹਾ ਜਾਂਦਾ ਹੈ। ਹੋਰ ਕ੍ਰਿਆਵਾਂ ਵਿਚ ਵੀ ਜਦੋਂ 'ਦ' ਦੇ ਅਖੀਰ ਜਾਂ ਵਿਚਕਾਰ ਆਵੇ ਤਾਂ ਉਹ 'ਨਾ' ਵਿਚ ਬਦਲ ਦਿਤਾ ਜਾਂਦਾ ਹੈ, ਜਿਵੇਂ :—

| ਪੰਜਾਬੀ | ਪੋਠੋਹਾਰੀ |
|---|---|
| ਖਾਂਦਿਆਂ | ਖਾਨਿਆਂ |
| ਪੀਂਦਿਆਂ | ਪੀਨਿਆਂ |
| ਰੋਂਦਿਆਂ | ਰੋਨਿਆਂ |
| ਹੱਸਦਿਆਂ | ਹੱਸਨਿਆਂ |
| ਦੇਂਦਿਆਂ | ਦੇਨਿਆਂ |

ਸੁਕ੍ਰਮਿਕ ਕ੍ਰਿਆਵਾਂ ਵਿਚ 'ਆ' ਦੇ ਅੱਗੇ ਪੰਜਾਬੀ ਵਿਚ 'ਉ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੋਠੋਹਾਰੀ ਵਿਚ ਇਸ ਦਾ ਉਚਾਰਣ ਨਹੀਂ ਕੀਤਾ ਜਾਂਦਾ; ਜਿਵੇਂ :

| **ਪੰਜਾਬੀ** | **ਪੋਠੋਹਾਰੀ** |
|---|---|
| ਨਹਾਉਣਾ | ਨ੍ਹਾਣਾ |
| ਆਉਣਾ | ਆਣਾ |

ਕਈ ਵਾਰ 'ਉ' ਨੂੰ 'ਵ' ਵਿਚ ਬਦਲ ਦਿਤਾ ਜਾਂਦਾ ਹੈ ਜਿਵੇਂ ਖਾਵਣਾ, ਨ੍ਹਾਵਣਾ, ਆਵਣਾ, ਗਾਵਣਾ।

ਸਮਾਸੀ ਕ੍ਰਿਆਵਾਂ ਵਿਚ ਜੇ ਪਹਿਲੀ ਕ੍ਰਿਆ ਦੇ ਅੰਤ ਵਿਚ ਮੁਕਤਾ ਅੱਖਰ ਹੋਵੇ ਤਾਂ ਪਹਿਲੀ ਕ੍ਰਿਆ ਦੇ ਅੰਤ ਵਿਚ ਬਿਹਾਰੀ (ੀ) ਵਧਾ ਦਿੱਤੀ ਜਾਂਦੀ ਹੈ। ਇਹ ਪ੍ਰਵਿਰਤੀ ਸੁਰਾਂ ਦੇ ਲਮਕਾਣ ਵਿਚੋਂ ਉਪਜੀ ਹੈ।

'ਰਾਮ ਰੁੱਸ ਕੇ ਚਲਾ ਗਿਆ ਹੈ' ਦੀ ਥਾਂ 'ਰਾਮ ਰੁੱਸੀ ਕੇ ਚਲਾ ਗਿਐ'।

ਜੇ ਪਹਿਲੀ ਕ੍ਰਿਆ ਦਾ ਅੰਤਲਾ ਅੱਖਰ ਕੰਨਾ ਹੋਵੇ ਤਾਂ 'ਈ' ਲਾ ਲਈ ਜਾਂਦੀ ਹੈ। 'ਖਾ ਕੇ ਜਾਣਾ' ਦੀ ਥਾਂ 'ਖਾਈ ਕੇ ਜਾਣਾ'। ਜੇ ਪਹਿਲੀ ਕ੍ਰਿਆ ਦੇ ਅੰਤਲੇ ਅੱਖਰਾਂ ਨਾਲ ਲਾਂ ( ੇ ) ਜਾਂ ( ੈ ) ਹੋਣ, ਤਾਂ ਇਨ੍ਹਾਂ ਦੀ ਥਾਂ 'ਈ' ਲਾ ਦਿੱਤੀ ਜਾਂਦੀ ਹੈ, ਜਿਵੇਂ 'ਲੈ ਕੇ ਦੇਣਾ' ਦੀ ਥਾਂ 'ਲਈ ਕੇ ਦੇਣਾ', 'ਦੇ ਕੇ ਜਾਣਾ' ਦੀ 'ਦੇਈ ਕੇ ਜਾਣਾ'।

ਕਿਧਰੇ ਕਿਧਰੇ ਦੂਹਰੀ ਸੰਭਾਵ ਭਵਿੱਖ ਸੂਚਕ ਕ੍ਰਿਆ ਵੀ ਵਰਤੀ ਜਾਂਦੀ ਹੈ, ਜਿਵੇਂ "ਓਹ ਗਿਆ ਸੀਗਾ"।

## ਕਾਰਦੰਤਕ

ਵਰਤਮਾਨ ਕਾਰਦੰਤਕ ਬਣਾਉਣ ਲਈ ਧਾਤੂ ਦੇ ਅੰਤ ਵਿਚ 'ਨਾ' ਜਾਂ 'ਨਾਂ' ਲਾਇਆ ਜਾਂਦਾ ਹੈ, ਜਿਵੇਂ ਕਰ ਤੋਂ ਕਰਨਾ, ਕੁੱਟ ਤੋਂ ਕੁੱਟਨਾ, ਖਾ ਤੋਂ ਖਾਨਾ। ਣਾ ਜਾਂ ਣਾਂ ਦਾ ਵੀ ਪ੍ਰਯੋਗ ਕਰ ਲਿਆ ਜਾਂਦਾ ਹੈ।

| **ਧਾਤੂ** | | **ਇਕ ਵਚਨ** | **ਬਹੁ ਵਚਨ** |
|---|---|---|---|
| ਖਾ | (ਪੁਲਿੰਗ) | ਖਾਨਾ | ਖਾਨੇ |
| | (ਇ. ਲਿੰ.) | ਖਾਨੀ | ਖਾਨੀਆਂ |

ਭੂਤ ਕਾਰਦੰਤਕ ਬਣਾਉਣ ਲਈ ਧਾਤੂ ਦੇ ਅੰਤ ਵਿਚ 'ਇਆ' ਲਾਇਆ ਜਾਂਦਾ ਹੈ. ਜਿਵੇਂ 'ਕੁੱਟ' ਤੋਂ ਕੁੱਟਿਆ। ਬਹੁ ਵਚਨ ਬਣਾਉਣ ਲਗਿਆਂ ਧਾਤੂ ਦੇ ਅੰਤ 'ਏ' ਲਗਦਾ ਹੈ। ਪੰਜਾਬੀ ਵਿਚ ਵੀ ਧਾਤੂ ਦੇ ਅੰਤ ਵਿਚ 'ਇਆ' ਲਾ ਕੇ ਭੂਤ ਕਾਰਦੰਤਕ ਬਣਾਇਆ ਜਾਂਦਾ ਹੈ।

ਪੋਠੋਹਾਰੀ ਵਿਚ ਅਨੇਕਾਂ ਕਾਰਦੰਤਕ ਅਜਿਹੇ ਵੀ ਹਨ ਜੋ ਕਿਸੇ ਨੇਮ ਨਾਲ ਨਹੀਂ ਬਣਦੇ; ਕੁਝ ਕੁ ਹੇਠਾਂ ਦਿੱਤੇ ਜਾਂਦੇ ਹਨ :—

| **ਧਾਤੂ** | | **ਇਕ ਵਚਨ** | **ਬਹੁ ਵਚਨ** |
|---|---|---|---|
| ਲਭ | (ਪੁਲਿੰਗ) | ਲੱਧਾ | ਲੱਧੇ |

| | | | |
|---|---|---|---|
| | (ਇ. ਲਿੰ.) | ਲੱਧੀ | ਲੱਧੀਆਂ |
| ਘਿੰਨ | (ਪੁਲਿੰਗ) | ਘਿੱਧਾ | ਘਿੱਧੇ |
| | (ਇ. ਲਿੰ.) | ਘਿੱਧੀ | ਘਿੱਧੀਆਂ |

ਪੂਰਬ ਪੂਰਣ ਕਾਰਦੰਤਕ ਬਣਾਉਣ ਵਿਚ ਪੋਠੋਹਾਰੀ ਪੰਜਾਬੀ ਨਾਲ ਭਿੰਨਤਾ ਰੱਖਦੀ ਹੈ। ਪੋਠੋਹਾਰੀ ਵਿਚ ਮੁਕਤਾ ਅੰਤ ਵਾਲੇ ਅੱਖਰ ਦੇ ਅੰਤ ਵਿਚ ਬਿਹਾਰੀ ( ੀ ) ਲਾ ਕੇ ਆਵਾਜ਼ ਦੀਰਘ ਕਰ ਲਈ ਜਾਂਦੀ ਹੈ, ਜੇ ਅੰਤ ਵਿਚ ਕੰਨਾਂ ਹੋਵੇ ਤਾਂ 'ਕੰਨੇ' ਦੇ ਅੱਗੇ 'ਈ' ਲਾ ਲਈ ਜਾਂਦੀ ਹੈ।

| ਪੰਜਾਬੀ | ਪੋਠੋਹਾਰੀ |
|---|---|
| ਰੁੱਸ ਕੇ | ਰੁੱਸੀ ਕੈ |
| ਸੁੱਟ ਕੇ | ਸੁੱਟੀ ਕੈ |
| ਆਖ ਕੇ | ਆਖੀ ਕੈ |
| ਖਾ ਕੇ | ਖਾਈ ਕੈ |

ਨਾਲ ਹੀ ਪੂਰਬ ਪੂਰਣ ਕਾਰਤੰਦਕ ਦੇ ਸੰਬੋਧਕ 'ਕੇ' ਨੂੰ ਵੀ ਦੀਰਘ ਕਰਨ ਲਈ ਦੁਲਾਈਆਂ ( ੈ ) ਲਾ ਕੇ 'ਕੈ' ਵਿਚ ਬਦਲਿਆ ਜਾਂਦਾ ਹੈ। ਕਈ ਵਾਰ 'ਦਾ' 'ਦੇ' 'ਦੀ' 'ਦੀਆਂ' ਨੂੰ ਭੂਤ ਕਾਰਦੰਤਕ ਦੇ ਵਿਚ ਵਰਤ ਲਿਆ ਜਾਂਦਾ ਹੈ। ਪੰਜਾਬੀ ਵਿਚ ਇਸ ਦੀ ਥਾਂ 'ਹੋਇਆ'. 'ਹੋਏ' 'ਹੋਈ' ਅਤੇ 'ਹੋਈਆਂ' ਦਾ ਪ੍ਰਯੋਗ ਕੀਤਾ ਜਾਂਦਾ ਹੈ।

| ਪੰਜਾਬੀ | ਪੋਠੋਹਾਰੀ |
|---|---|
| ਉਹ ਕਦੋਂ ਦਾ ਆਇਆ ਹੋਇਆ ਹੈ ? | ਓਹ ਕਦੂੰ ਨਾ ਆਇਆ ਹੋਇਆ ਏ ? |

ਯੋਜਕੀ ਕਾਰਦੰਤਕ ਬਣਾਉਣ ਲਗਿਆਂ ਵੀ ਧਾਤੂ ਦੇ ਅੰਤ ਵਿਚ 'ਈ' ਲਾਈ ਜਾਂਦੀ ਹੈ ਤੇ ਨਾਲ 'ਕੈ' ਜੋੜ ਲਿਆ ਜਾਂਦਾ ਹੈ, ਜਿਵੇਂ :—

| | |
|---|---|
| ਦੌੜ | ਦੌੜੀ ਕੈ |
| ਤੱਕ | ਤੱਕੀ ਕੈ |
| ਕੁੱਟ | ਕੁੱਟੀ ਕੈ |
| ਥੱਕ | ਥੱਕੀ ਕੈ |

ਜੇ ਨਿਰੰਤਰਤਾ ਦਰਸਾਉਣ ਲਈ ਇਸ ਕਾਰਦੰਤਕ ਨੂੰ ਦੁਹਰਾਇਆ ਜਾਵੇ, ਤਾਂ 'ਕੈ' ਦਾ ਪ੍ਰਯੋਗ ਇੱਕੋ ਵਾਰ ਕੀਤਾ ਜਾਂਦਾ ਹੈ :

ਦੌੜੀ ਦੌੜੀ ਕੈ
ਤੱਕੀ ਤੱਕੀ ਕੈ

## ਕਾਰਕ

ਪੋਠੋਹਾਰੀ ਵਿਚ ਕਾਰਕਾਂ ਨਾਲ ਜੋ ਪਰਸਰਗ ਤੇ ਵਿਭਕਤੀਆਂ ਵਰਤੀਆਂ ਜਾਂਦੀਆਂ ਹਨ, ਉਹ ਪੰਜਾਬੀ ਨਾਲੋਂ ਕੁੱਝ ਵੱਖਰੀਆਂ ਹਨ। ਪੰਜਾਬੀ ਵਿਚ ਤਾਂ ਵਿਭਕਤੀਆਂ ਦੀ

ਵਰਤੋਂ ਲਗ ਪਗ ਅਲੋਪ ਹੁੰਦੀ ਜਾ ਰਹੀ ਹੈ, ਪਰ ਪੋਠੋਹਾਰੀ ਦੇ ਸੰਜੋਗਾਤਮਕ ਸੁਭਾ ਕਾਰਣ ਵਿਭਕਤੀਆਂ ਵੱਲ ਝੁਕਾ ਕਾਫ਼ੀ ਜ਼ਿਆਦਾ ਹੈ।

ਪੋਠੋਹਾਰੀ ਵਿਚ ਪੰਜਾਬੀ ਦੇ ਸੰਬੰਧਕ ਪ੍ਰਤਿਐ 'ਦਾ', 'ਦੇ', 'ਦੀ' ਅਤੇ 'ਦੀਆਂ' ਆਦਿ 'ਨਾ' 'ਨੇ', 'ਨੀ' ਅਤੇ 'ਨੀਆਂ' ਵਿਚ ਬਦਲ ਜਾਂਦੀਆਂ ਹਨ, ਜਿਵੇਂ 'ਮਾਵੇਂ ਨਾ ਪੁੱਤਰ' (ਮਾਮੇ ਦਾ ਪੁੱਤਰ)।

ਪੰਜਾਬੀ ਵਿਚ ਵਰਤੀਂਦੀ ਸੰਬੰਧਕੀ ਪ੍ਰਤਿਐ 'ਨੂੰ' ਦੀ ਥਾਂ ਪੋਠੋਹਾਰੀ ਵਿਚ 'ਕੀ' ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਵੇਂ 'ਉਸ ਨੂੰ ਬੁਲਾ' ਦੀ ਥਾਂ 'ਹੁੱਸ ਕੀ ਸੱਦ'। ਇਹ 'ਕੀ' ਕਈ ਵਾਰ ਉੱਚਾਰਣ ਲਗਿਆਂ 'ਈ' ਹੀ ਸੁਣਾਈ ਦੇਂਦੀ ਹੈ, ਜਿਵੇਂ 'ਹੁਸ ਈ ਸੱਦ'। ਕਈ ਵਾਰ 'ਨੂੰ' ਦੀ ਥਾਂ 'ਆਂ' ਜਾਂ 'ਆਂਹ' ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ; ਜਿਵੇਂ 'ਹੁੱਸ ਆਂ ਸੱਦ'।

ਅਪਾਦਾਨ ਕਾਰਕ ਲਈ ਪੰਜਾਬੀ ਵਿਚ 'ਤੋਂ' ਉਪਸਰਗ ਵਰਤਿਆ ਜਾਂਦਾ ਹੈ, ਪਰ ਕਈ ਵਾਰ ਨਾਂਵ ਨਾਲ ਅਪਾਦਾਨ ਵਿਚ ( ੋਂ ) ਵੀ ਲਾ ਦਿੱਤਾ ਜਾਦਾ ਹੈ। ਪੋਠੋਹਾਰੀ ਵਿਚ 'ਤੋਂ' ਉਪਸਰਗ ਨਹੀਂ ਵਰਤਿਆ ਜਾਂਦਾ ਅਤੇ ਤੋਂ ਵਿਚਲਾ ਓਂ ( ੋਂ ) ਦੀਰਘ ਕਰ ਕੇ 'ਊਂ' ਬਣਾ ਲਿਆ ਜਾਂਦਾ ਹੈ, ਜਿਵੇਂ :

| ਪੰਜਾਬੀ | ਪੋਠੋਹਾਰੀ |
|---|---|
| ਪਿੰਡ ਤੋਂ, ਪਿੰਡੋਂ | ਪਿੰਡੂੰ |
| ਸ਼ਹਿਰ ਤੋਂ, ਸ਼ਹਿਰੋਂ | ਸ਼ਹਿਰੂੰ |
| ਘਰ ਤੋਂ, ਘਰੋਂ | ਘਰੂੰ |
| ਬਜ਼ਾਰ ਤੋਂ, ਬਜ਼ਾਰੋਂ | ਬਜ਼ਾਰੂੰ |

ਅਧਿਕਰਣ ਕਾਰਕ ਵਿਚ ਵਿਭਕਤੀ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ, ਭਾਵ ਪਰਸਰਗ 'ਤੇ', ''ਚ', 'ਤਲੈ', 'ਅੱਪਰ' ਵੀ ਵਰਤੇ ਜਾਂਦੇ ਹਨ। ਵਿਭਕਤੀ ਪ੍ਰਤਿਐ ਇਕ ਵਚਨ ਵਿਚ ( ੇ ) ਅਤੇ ਬਹੁ ਵਚਨ ਵਿਚ ( ੀਂ ) ਦੀ ਵਰਤੋਂ ਹੁੰਦੀ ਹੈ; ਜਿਵੇਂ : ਘਰੇ, ਘਰੀਂ; ਜੰਜੇ, ਜੰਜੀਂ; ਦਿਨੇ, ਦਿਨੀਂ।

## ਪੜਨਾਵੀਂ ਪ੍ਰਤਿਐ

ਪੋਠੋਹਾਰੀ ਸੁਭਾ ਵਿਚ ਸੰਜੋਗਾਤਮਕ ਹੈ ਅਤੇ ਇਸ ਵਿਚ ਕ੍ਰਿਆ ਦੇ ਅੰਤ ਵਿਚ ਪ੍ਰਤਿਐ ਲਾ ਕੇ ਸਰਵ ਨਾਵਾਂ ਦਾ ਕੰਮ ਸਾਰ ਲਿਆ ਜਾਂਦਾ ਹੈ। ਪੰਜਾਬੀ ਵਿਚ ਪੜਨਾਵੀਂ ਪ੍ਰਤਿਐ ਬਿਲਕੁਲ ਨਹੀਂ ਵਰਤੇ ਜਾਂਦੇ। ਮੁਲਤਾਨੀ ਉਪ-ਭਾਖਾ ਵਿਚ ਇਹ ਪ੍ਰਵਿਰਤੀ ਬਹੁਤ ਮਿਲਦੀ ਹੈ ਅਤੇ ਮੁਲਤਾਨੀ ਵਿਚ ਉੱਤਮ ਪੁਰਸ਼ ਲਈ ਵੀ ਪ੍ਰਤਿਐ ਵਰਤਣ ਦਾ ਰਵਾਜ ਕਾਫ਼ੀ ਹੈ ਜਦੋਂ ਕਿ ਪੋਠੋਹਾਰੀ ਵਿਚ ਵਧੇਰੇ ਕਰਕੇ ਮੱਧਮ ਪੁਰਸ਼ ਤੇ ਅਨਯ ਪੁਰਖ ਦੇ ਸਰਵ ਨਾਵਾਂ ਲਈ ਹੀ ਪ੍ਰਤਿਐ ਲਾਏ ਜਾਂਦੇ ਹਨ।

ਪੋਠੋਹਾਰੀ ਵਿਚ ਕ੍ਰਿਆਵਾਂ ਦੇ ਅੰਤ ਵਿਚ ਜੋ ਪ੍ਰਤਿਐ ਲਾਏ ਜਾਂਦੇ ਹਨ, ਉਹ

ਇਹ ਹਨ :—

| | ਇਕ ਵਚਨ | ਬਹੁ ਵਚਨ |
|---|---|---|
| **ਉੱਤਮ** | ਆਂ, ਐ | ਐ |
| **ਮੱਧਮ** | ਈ | ਨੇ |
| **ਅਨਯ** | ਸ | ਨੇ |

**ਉੱਤਮ ਪੁਰਖ :**

| | | |
|---|---|---|
| ਹੁਸ ਕੁੱਟਿਐ | = | ਉਸ ਮੈਨੂੰ ਮਾਰਿਆ ਹੈ। |
| ਹੁਸਾਂ ਕੁੱਟਿਐ | = | ਮੈਂ ਉਸ ਨੂੰ ਮਾਰਿਆ ਹੈ। |
| ਕੁੱਟ ਪਈ ਐ | = | ਮੈਨੂੰ ਮਾਰ ਪਈ ਹੈ। |

**ਮੱਧਮ ਪੁਰਖ :**

| | | |
|---|---|---|
| ਖਾਧਾ ਪੀਤਾ ਈ | = | ਤੂੰ ਖਾਧਾ ਪੀਤਾ ਹੈ। |
| ਖਾਧਾ ਪੀਤਾ ਨੇ | = | ਤੁਸਾਂ ਖਾਧਾ ਪੀਤਾ ਹੈ। |
| ਘਾਰ ਕੁੱਥੈ ਈ | = | ਤੇਰਾ ਘਰ ਕਿੱਥੇ ਹੈ। |
| ਘਾਰ ਕੁੱਥੈ ਨੇ | = | ਉਨ੍ਹਾਂ ਦਾ ਘਰ ਕਿੱਥੇ ਹੈ। |

**ਅਨਯ ਪੁਰਖ :**

| | | |
|---|---|---|
| ਖਾਧਾ ਪੀਤਾਸ | = | ਉਸ ਨੇ ਖਾਧਾ ਪੀਤਾ ਹੈ। |
| ਕਸ ਅਹਿਸ | = | ਉਸ ਨੂੰ ਬੁਖ਼ਾਰ ਹੈ। |

ਕਈ ਵਾਰ ਕ੍ਰਿਆ ਨਾਲ ਦੂਹਰੇ ਪ੍ਰਤਿਐ ਵੀ ਲਾ ਲਏ ਜਾਂਦੇ ਹਨ ਤੇ ਇੱਕੋ ਕ੍ਰਿਆ ਵਿਚ ਦੋ ਸਰਵ ਨਾਂਵ ਸਮਿਲਿਤ ਕਰ ਲਏ ਜਾਂਦੇ ਹਨ, ਜੋ ਬੋਲੀ ਦੀ ਸੰਜੋਗਾਤਮਕਤਾ ਦਾ ਪ੍ਰਤੀਕ ਹਨ, ਜਿਵੇਂ 'ਖਵਾਈਂਸ' ਵਿਚ 'ਖਵਾ' ਦੇ ਨਾਲ ਜੋ 'ਈਂ' ਲਗਾ ਹੋਇਆ ਹੈ ਇਹ ਮੱਧਮ ਪੁਰਖ ਦਾ ਪ੍ਰਤਿਐ ਹੈ ਤੇ 'ਸ' ਅਨਯ ਪੁਰਖ ਦਾ; ਭਾਵ ਹੈ : "ਤੂੰ ਉਸ ਨੂੰ ਖਵਾ"। ਇਸੇ ਤਰ੍ਹਾਂ 'ਸਮਝਾਈਂਸ'; ਤੂੰ ਉਸ ਨੂੰ ਸਮਝਾ!

## ਕੁੱਝ ਸ਼ਬਦਾਂ ਦੀ ਉਚੇਚੀ ਵਰਤੋਂ

ਪੋਠੋਹਾਰੀ ਵਿਚ ਕ੍ਰਿਆ ਦੇ ਪਹਿਲਾਂ ਜਾਂ ਕਈ ਵਾਰ ਪਿੱਛੋਂ ਵੀ ਕਦੇ ਕਦੇ 'ਚਾ' ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :—

'ਉਸ ਆਂ ਚਾ ਆਖ, ਦੁੱਧ ਚਾ ਪਲਾਸੁ'।

ਇਹ 'ਚਾ' ਜ਼ੋਰ ਪਾਉਣ ਲਈ ਵਰਤਿਆ ਜਾਂਦਾ ਹੈ। ਕਈ ਵਾਰ ਇਹ ਕਾਰਜ ਦੀ ਸ਼ੀਘਰਤਾ ਨੂੰ ਵੀ ਦਰਸਾਉਂਦਾ ਹੈ।

ਇਸੇ ਤਰ੍ਹਾਂ ਕ੍ਰਿਆ ਦੇ ਬਾਦ ਕਦੇ ਕਦੇ 'ਖਾਂ' ਵਰਤਿਆ ਜਾਂਦਾ ਹੈ ਤੇ 'ਚਾ' ਵਾਂਙ ਇਹ ਵੀ ਕਿਸੇ ਕਾਰਜ ਦੇ ਕਰਨ ਲਈ ਜ਼ੋਰ ਪਾਉਣ ਲਈ ਵਰਤਿਆ ਜਾਂਦਾ ਹੈ—

ਉਸ ਆਂ ਆਖ ਖਾਂ।

ਕਈ ਵਾਰ 'ਚਾ' ਤੇ 'ਖਾਂ' ਦੋਵੇਂ ਇੱਕੋ ਵਾਕ ਵਿਚ ਵੀ ਵਰਤ ਲਏ ਜਾਂਦੇ ਹਨ:—

ਉਸ ਆਂ ਚਾ ਆਖ ਖਾਂ।

ਦੁੱਧ ਚਾ ਪਲਾ ਖਾਂ।

ਇਸੇ ਤਰ੍ਹਾਂ 'ਆਰ' ਵੀ ਕ੍ਰਿਆ ਤੋਂ ਪਿੱਛੋਂ ਵਰਤਿਆ ਜਾਂਦਾ ਹੈ ਤੇ ਜ਼ੋਰ ਪਾਉਣ ਲਈ ਹੀ ਵਰਤਿਆ ਜਾਂਦਾ ਹੈ :

ਆਖੇਂ ਆਰ ਸੁ।

ਸਵਾਏਂ ਆਰ ਸੁ।

---


# ਪੰਜਾਬੀ ਸਾਹਿਤ ਅਕਾਡਮੀ ਦੀਆਂ ਪ੍ਰਕਾਸ਼ਨਾਂ

## ਡੀ. ਪੀ. ਆਈ. ਪੰਜਾਬ. ਚੰਡੀਗੜ੍ਹ ਵਲੋਂ ਪਰਵਾਨਿਤ

| | | |
|---|---|---|
| ੧. ਆਦਮੀ ਦੀ ਪਰਖ | —ਸ਼ਮਸ਼ੇਰ ਸਿੰਘ ਅਸ਼ੋਕ | ੧-੫੦ |
| ੨. ਕਲਾ ਕੀ ਹੈ ? | —ਜੋਗਿੰਦਰ ਸਿੰਘ ਛਾਬੜਾ | ੬-੦੦ |
| ੩. ਸ੍ਰੀ ਮਦ ਭਗਵਦ ਗੀਤਾ* | —ਸ਼ਮਸ਼ੇਰ ਸਿੰਘ ਅਸ਼ੋਕ | ੨-੦੦ |
| ੪. ਅੱਗ ਦੀ ਕਹਾਣੀ* | —ਗੁਰਬਚਨ ਸਿੰਘ | ੧-੦੦ |
| ੫. ਖਾਧ ਖ਼ੁਰਾਕ ਤੇ ਪਾਲਣ ਪੋਸਣ | —ਕਿਸ਼ਨ ਸਿੰਘ | ੨-੫੦ |
| ੬. ਲੋਕ ਆਖਦੇ ਹਨ | —ਵਣਜਾਰਾ ਬੇਦੀ | ੫-੮੦ |
| ੭. ਜੀਵਨ ਤੰਦਾਂ | —ਖੇਮ ਸਿੰਘ ਗਰੇਵਾਲ | ੩-੭੫ |
| ੮. ਮੋਤੀ ਦੀ ਕਹਾਣੀ* | —ਗੁਰਬਚਨ ਸਿੰਘ | ੧-੦੦ |
| ੯. ਪਰਾਰੰਭਿਕ ਅਰਥ ਵਿਗਿਆਨ* | —ਮਨੋਹਰ ਲਾਲ ਦੋਸਰ | ੬-੮੦ |
| ੧੦. ਪੱਛਮੀ ਅਲੋਚਨਾ ਦੀ ਪਰੰਪਰਾ | —ਰੋਸ਼ਨ ਲਾਲ ਆਹੂਜਾ | ੪-੦੦ |
| ੧੧. ਪਿੰਗਲ ਤੇ ਅਰੂਜ਼ | —ਜੋਗਿੰਦਰ ਸਿੰਘ | ੬-੨੫ |
| ੧੨, ਨੀਲੀ ਤੇ ਰਾਵੀ | —ਕਰਤਾਰ ਸਿੰਘ ਸ਼ਮਸ਼ੇਰ | ੫-੦੦ |
| ੧੩. ਸੰਖਿਆ ਕੋਸ਼ | —ਗੁਰਬਖਸ਼ ਸਿੰਘ ਕੇਸਰੀ | ੬-੫੦ |
| ੧੪. ਭਾਰਤੀ ਕਾਵਿ-ਸ਼ਾਸਤ੍ਰ* | —ਪਰੇਮ ਪ੍ਰਕਾਸ਼ ਸਿੰਘ | ੬-੫੦ |
| ੧੫. ਬੁੱਧ ਜਾਤਕ ਕਥਾਵਾਂ | —ਗੁਰਾਂ ਦਿੱਤਾ ਖੰਨਾ | ੩-੦੦ |
| ੧੬. ਸ਼ੀਰੀਂ ਫ਼ਰਹਾਦ ਭਾਈ ਦਿੱਤ ਸਿੰਘ | —ਸ਼ਮਸ਼ੇਰ ਸਿੰਘ ਅਸ਼ੋਕ | ੩-੫੦ |
| ੧੭. ਧਰਤੀ ਤੇ ਅਕਾਸ਼ | —ਗੁਰਸ਼ਰਨ ਸਿੰਘ | ੩-੦੦ |
| ੧੮. ਸ਼ਹੀਦ ਬਿਲਾਸ ਭਾਈ ਮਨੀ ਸਿੰਘ | —ਗਰਜਾ ਸਿੰਘ | ੩-੫੦ |
| ੧੯. ਭਾ. ਜੋਧ ਸਿੰਘ ਅਭਿਨੰਦਨ ਗਰੰਥ (ਦੋ ਭਾਗ) | —ਗੰਡਾ ਸਿੰਘ | ੨੧-੦੦ |
| ੨੦. ਵਾਰ ਹਕੀਕਤ ਰਾਇ ਕ੍ਰਿਤ ਅਗ੍ਰਾ | —ਸੰਪਾਦਿਤ | ੨-੦੦ |
| ੨੧. ਵਾਰ ਸ਼ਾਹ ਮੁਹੰਮਦ | —ਪ੍ਰਿੰਸੀਪਲ ਸੀਤਾ ਰਾਮ ਕੋਹਲੀ | ੫-੦੦ |
| ੨੨. ਕੰਨ ਤੇ ਆਵਾਜ਼ | —ਪ੍ਰੋ: ਸਰਨ ਸਿੰਘ | ੧-੦੦ |
| ੨੩. ਲੂਣ ਦੀ ਕਹਾਣੀ | —ਗੁਰਬਚਨ ਸਿੰਘ | ੧-੦੦ |
| ੨੪. ਕੁਦਰਤੀ ਇਲਾਜ ਤੇ ਤੰਦਰੁਸਤੀ | —ਤਰਲੋਕ ਸਿੰਘ | ੫-੦੦ |
| ੨੫, ਸ੍ਰੀ ਗੁਰੂ ਗੋਬਿੰਦ ਸਿੰਘ | —ਪ੍ਰਿੰਸੀਪਲ ਪ੍ਰੀਤਮ ਸਿੰਘ | ੬-੦੦ |
| ੨੬. ਹੀਰ ਤੇ ਰਾਂਝਾ (ਡਰਾਮਾ) | —ਹਰਨਾਮ ਸਿੰਘ ਨਾਜ਼ | ੧-੦੦ |
| ੨੭. ਨਵਾਂ ਚੰਨ | —ਰਾਬਿੰਦਰ ਨਾਥ ਟੈਗੋਰ | ੧-੫੦ |

ਮਿਲਣ ਦਾ ਪਤਾ— ਜੇਨਰਲ ਸਕੱਤਰ

'ਪੰਜਾਬੀ ਸਾਹਿੱਤ ਅਕਾਡਮੀ', ਪੰਜਾਬੀ ਭਵਨ; ਲੁਧਿਆਣਾ

# ਮੋਹਨ ਸਿੰਘ ਦੀ ਕਵਿਤਾ "ਜੰਦਰੇ" ਦਾ ਵਿਸ਼ਲੇਸ਼ਣ

ਸ. ਸੋਜ਼

ਤੱਕਿਆ ਜਵਾਨੀ ਨੇ
ਘਰ ਇਕ ਸੁਹਣਾ
ਚਾਤਰ ਕਿਸੇ ਬਣਾਇਆ
ਲਾ ਲਾ ਰੀਝਾਂ
ਸਾਰੀ ਉਮਰਾਂ
ਵਾਂਗੁ ਬਹਾਰ ਸਜਾਇਆ ।

ਕਹੀ ਸੋਨੇ ਦੀ
ਚਾਂਦੀ ਦਾ ਦਸਤਾ
ਟਕ ਕਸਾਈਆਂ ਲਾਇਆ ।
ਨਾਲ ਜ਼ਲਜ਼ਲੇ
ਡੋਲੀ ਧਰਤੀ
ਘਰ ਹੋ ਗਿਆ ਪਰਾਇਆ ।

ਵਿਹੜੇ ਦੀ ਇਕ
ਨੁੱਕਰੇ ਉੱਗੀਆਂ
ਅੱਤ ਕੋਮਲ ਦੋ ਪੱਤੀਆਂ
ਬੇਘਰ ਹੋਈ
ਕੋਹੀ ਜਵਾਨੀ
ਫੇਰ ਨਾ ਮੁੜ ਕੇ ਤਕੀਆਂ

ਘਰ ਉਦਾਸ
ਬੇਆਸ ਜੁਆਨੀ
ਗਾਂਹਦੀ ਫਿਰੀ ਉਜਾੜਾਂ
ਹੌਲੀ ਹੌਲੀ
ਵੱਟਦੀਆਂ ਰਹੀਆਂ
ਪੱਤਝੜ ਵਿਚ ਬਹਾਰਾਂ

ਹੋਈ ਸਿਆਣੀ
ਪੀੜ ਅੰਞਾਣੀ
ਮਾਣ ਜਵਾਨੀ ਦਾ ਟੁੱਟਾ।
ਮੁੜ ਕੇ ਆਪਣਾ
ਘਰ ਦੇਖਣ ਦਾ
ਜਾਗਿਆ ਸੁਪਨਾ ਸੁੱਤਾ।

ਘਰ ਘੰਭੀਰ
ਚੁੱਪ ਪਰ ਸੁਹਣਾ,
ਅਪਣਾ, ਮਗਰ ਪਰਾਇਆ।
ਡੂੰਘੇ ਪਾਣੀ
ਵਾਂਗ ਠਹਿਰਿਆ
ਬੇਘਰ, ਘਰ ਤਕ ਆਇਆ।

ਦੋ ਪੱਤੀਆਂ
ਦੋ ਫੁੱਲ ਬਣ ਚੁੱਕੀਆਂ
ਟਹਿਕਣ ਬਾਹਰ ਤੇ ਅੰਦਰੋਂ।
ਜਾਣੋਂ ਘਰ ਦੇ
ਹੋਠੀਂ ਵੱਜੇ
ਫੁੱਲਾਂ ਦੇ ਦੋ ਜੰਦਰੇ।

ਮਿਹਰਬਾਨ ਘਰ
ਖੁੱਲ੍ਹੇ ਬੂਹੇ
ਮੁੜ ਕੇ ਕਿੱਥੇ ਲੋੜਾਂ
ਫੁੱਲਾਂ ਦੇ ਜੰਦਰੇ
ਨਾ ਟੁੱਟਣ
ਲੋਹੇ ਦੇ ਹੋਣ ਤਾਂ ਤੋੜਾਂ

—ਮੋਹਨ ਸਿੰਘ

'ਜੰਦਰੇ' ਵਿਚ 'ਅੰਬੀ ਦੇ ਬੂਟੇ' ਵਾਂਗ ਇਕ ਪਿਆਰ-ਕਹਾਣੀ ਕਹੀ ਗਈ ਹੈ—ਪਰ ਇਸ ਕਹਾਣੀ ਵਿਚ ਤਲਖ਼ੀ ਹੈ, ਇਕ ਕਸੀਸ ਹੈ; ਸ਼ੇਕਸਪੀਅਰ ਦੇ "ਲੀਅਰ" ਜਿਹੇ ਦੁਖਾਂਤ ਦੀ ਆਭਾ ਹੈ, ਜੋ ਕਿਸੇ ਵੀ ਸੂਰਤ ਵਿਚ 'ਅੰਬੀ ਦੇ ਬੂਟੇ' ਵਿਚ ਨਹੀਂ ਹੈ। 'ਜੰਦਰੇ' ਦੁਖਾਂਤ ਹੈ, ਜਦੋਂ ਕਿ 'ਅੰਬੀ' ਸੁਖਾਂਤ ਹੈ। 'ਅੰਬੀ ਦੇ ਬੂਟੇ' ਵਿਚਲੇ ਪਾਤਰ ਕੀਟ੍ਸ ਦੇ ਓਡ "ਗਰੀਸ਼ੀਅਨ ਅਰ੍ਨ" ਵਾਂਗ ਅੰਤਰੀਵ ਦ੍ਰਿਸ਼ਟੀ ਅੱਗੇ ਘੁੰਮਦੇ-ਫਿਰਦੇ

ਹਨ, ਪਰ ਉਨ੍ਹਾਂ ਵਿਚ ਕੀਟ੍ਸ ਵਰਗੀ ਸੰਜੀਦਗੀ ਨਹੀਂ। ਉਹ ਸਾਰੀ ਸੰਜੀਦਗੀ 'ਜੰਗਰੇ' ਨਾਂ ਦੀ ਕਵਿਤਾ ਵਿਚ ਹੈ।

'ਘਰ' ਸਾਥ ਦਾ ਚਿੰਨ੍ਹ ਹੈ। ਆਦਿ-ਜੁਗਾਦਿ ਤੋਂ ਪੁਰਸ਼ ਲਈ ਇਸਤਰੀ ਇਕ 'ਘਰ' ਰਹੀ ਹੈ—ਜਿਥੇ ਉਸ ਨੂੰ ਉਮਰਾਂ ਦੀ ਥਕਾਵਟ ਲਹਿੰਦੀ ਮਹਸੂਸ ਹੁੰਦੀ ਹੈ। ਕਵਿਤਾ ਦੇ ਦੂਜੇ ਬੰਦ ਵਿਚਲੀ 'ਸੋਨੇ ਦੀ ਕਹੀ' ਅਤੇ 'ਚਾਂਦੀ ਦਾ ਦਸਤਾ' ਪੁਰਾਣੇ ਰੂਪਕ ਹਨ, ਜਿਨ੍ਹਾਂ ਤੋਂ ਮਾਦੀ ਸਮਾਜ ਵਿਚ ਇਸਤਰੀ ਦੀ ਗਊ-ਗਰਿਸ਼ਟਤਾ ਨੂੰ ਰੂਪਮਾਨ ਕੀਤਾ ਜਾਂਦਾ ਰਿਹਾ ਹੈ। ਕਦੇ ਇਹ ਗੱਲ 'ਚਾਂਦੀ ਦੀ ਦੀਵਾਰ', ਕਦੇ 'ਸ਼ੀਸ਼ੇ ਦੀ ਕੰਧ' ਅਤੇ ਕਦੇ 'ਸਿੱਕਿਆਂ ਦੀ ਛਣਕਾਰ' ਦੇ ਰੂਪ ਵਿਚ ਵੀ ਸਾਹਿੱਤ-ਪ੍ਰਗਟਾਉ ਹਾਸਿਲ ਕਰ ਚੁੱਕੀ ਹੈ। ਭਾਵ ਇਹ ਕਿ ਕਵੀ ਨੇ ਕਿਸੇ ਨਾਲ ਆਪਣੀ ਰੂਹ ਨੂੰ ਸੁਰ ਕੀਤਾ ਪਰ ਉਸਦੇ ਸਾਜ਼ ਤੇ ਸੋਨੇ ਦੀਆਂ ਤਾਰਾਂ ਦਾ ਗਜ਼ ਫਿਰ ਗਿਆ।

ਕਹਾਣੀ ਅੱਗੇ ਤੁਰਦੀ ਹੈ—ਚਾਹੀ ਗਈ ਇਸਤਰੀ ਪਰਾਈ ਹੋ ਗਈ, ਅਤੇ ਇਸ ਪਿੱਪਲ ਦੀ ਟਾਹਣੀ ਤੋਂ ਦੋ ਅਲੂਈਆਂ ਪੱਤੀਆਂ ਪੁੰਗਰ ਪਈਆਂ। ਕਵਿਤਾ ਦੇ ਤੀਜੇ ਬੰਦ ਵਿਚ ਕਵੀ ਕੀਟ੍ਸ ਦੀ ਕਵਿਤਾ 'ਲਾ ਬੈਲੇ ਦਾਮ ਸਾਂ ਮਰਸੀ' ਦੇ ਨਾਈਟ ਵਾਂਗ ਦੀਵਾਨਗੀ ਦੀ ਹਾਲਤ ਵਿਚ ਉਜਾੜ ਗਾਂਹਦਾ ਫਿਰਦਾ ਹੈ।

ਸਮਾਂ ਬੀਤ ਗਿਆ। ਜਵਾਨੀ ਦੀ ਧੁੱਪ ਛਾਂ ਵਿਚ ਵਟ ਗਈ—ਤੇ ਇਕਵਰਗੀ ਫੇਰ ਖ਼ਿਆਲ ਆਇਆ ਆਪਣੇ ਪਿਆਰ ਦਾ, ਪਰ ਹੁਣ 'ਘਰ' ਪਰਾਇਆ ਹੋ ਚੁੱਕਾ ਸੀ। ਇਨ੍ਹਾਂ ਸਤਰਾਂ ਵਿਚਲੇ ਮਨੋਵੇਗ ਬਿਲਕੁਲ ਉਹੋ ਹਨ ਜੋ ਮੈਂ ਕਿਤੇ ਕਿਸੇ ਨਜ਼ਮ ਵਿਚ ਔਰਤ ਨੂੰ 'ਜਾਇਦਾਦ' ਮਿੱਥ ਕੇ ਪ੍ਰਗਟਾਏ ਗਏ ਪੜ੍ਹੇ ਹਨ।

ਨਜ਼ਮ ਦੇ ਅੰਤਲੇ ਦੋ ਬੰਦ ਸਜੀਵਤਾ ਦੀਆਂ ਸਿਖਰਾਂ ਨੂੰ ਛੋਂਹਦੇ ਹਨ। ਸਤਹੀ ਭਾਵ ਇਨ੍ਹਾਂ ਦਾ ਇਹੋ ਹੈ ਕਿ ਪਰਾਏ ਪਿਆਰ ਦੀਆਂ ਦੋਵੇਂ ਬੱਚੀਆਂ ਬਾਲ-ਵਰੇਸ ਟਪ ਚੁੱਕੀਆਂ ਹਨ ਅਤੇ ਮੁਟਿਆਰਤਾ ਦਾ ਵਿਹੜਾ ਉਨ੍ਹਾਂ ਦੀ ਸੰਗਲੀ ਦੇ ਸੰਗੀਤ ਲਈ ਥਰਕ ਰਿਹਾ ਹੈ। ਜਦੋਂ ਧੀ ਜੁਆਨ ਹੋ ਜਾਏ ਤਾਂ ਮਾਂ ਦੇ ਪਰਾਏ ਪੁਰਸ਼ ਸੰਬੰਧੀ ਪਿਆਰ ਨੂੰ ਹਮੇਸ਼ਾ ਹਮੇਸ਼ਾ ਲਈ ਜੰਦਰੇ ਲਗ ਜਾਇਆ ਕਰਦੇ ਨੇ; ਇਨ੍ਹਾਂ ਜੰਦਰਿਆਂ ਨੂੰ ਖੋਲ੍ਹਣਾ ਕਿਸੇ ਮੁਕੱਦਸ ਥਾਂ ਦੀ ਬੇਹੁਰਮਤੀ ਕਰਨ ਦੇ ਤੁੱਲ ਹੁੰਦਾ ਹੈ :

ਜਵਾਨੀ ਸਪਾਟ ਪਏ ਖੁੱਲ੍ਹੇ ਬੂਹੇ ਦਾ ਚਿੰਨ੍ਹ ਹੈ। ਉਦੋਂ ਸਿਰਫ਼ ਮੁਹਾਠ ਟੱਪਣ ਦਾ ਜੇਰਾ ਚਾਹੀਦਾ ਹੁੰਦਾ ਹੈ। ਸਮੇਂ ਦੀ ਗਰਦਸ਼ ਕਿਵਾੜ ਭੇੜ ਕੇ ਜੰਦਰੇ ਅੜੁੰਗ ਜਾਂਦੀ ਹੈ—ਤੇ ਫੇਰ ਦਿਲ ਤ੍ਰਾਹ ਖਾ ਜਾਂਦਾ ਹੈ, ਜੰਦਰੇ ਵੱਲ ਵੇਖ ਕੇ ਹੀ!

'ਜੰਦਰੇ' ਪਿਆਰ-ਵਿਹੂਣੇ ਵਿਆਹ ਦੀ ਇਕ ਅਜਿਹੀ ਆਹ ਹੈ ਜਿਸਦਾ ਸ਼ਾਬਦਿਕ ਰੂਪ ਜੁਆਲਾ ਬਣ ਕੇ, ਦੋਹਾਂ ਪਿਆਰ-ਪਾਤਰਾਂ ਨੂੰ ਸਾੜ ਸੁੱਟਣ ਦਾ ਬਲ ਰੱਖਦਾ ਹੈ—ਤੇ ਇਸੇ ਲਈ ਇਸ ਆਹ ਨੂੰ ਹਮੇਸ਼ਾ ਹੋਠਾਂ ਦੀ ਮੁਹਾਠ ਤੋਂ ਉਰ੍ਹਾਂ ਹੀ ਕਤਲ ਕਰ ਦਿੱਤਾ ਜਾਂਦਾ ਰਿਹਾ ਹੈ। ਹਰੇਕ ਮਨੁੱਖੀ ਮਨ ਨੂੰ ਜੰਦਰਾ ਵੱਜਾ ਹੋਇਆ ਹੈ, ਜਿਸ ਦੀ ਚਾਬੀ ਗੁਆਚ-ਗੁਆਚ ਜਾਣ ਨੂੰ ਜੀ ਕਰਦਾ ਹੈ। ਸਾਡੇ ਦੋ ਜੀਵਨ ਹਨ—ਇਕ ਜੰਦਰੇ ਤੋਂ ਬਾਹਰ ਦਾ ਅਤੇ ਦੂਜਾ ਜੰਦਰੇ ਦੇ ਅੰਦਰ ਦਾ! ਜੰਦਰੇ ਵਿਚਲੀਆਂ ਹਨੇਰੀਆਂ ਤੈਹਾਂ ਉਤੇ

ਜੇ ਚਾਨਣ ਦੀ ਮਾਸਾ ਕੁ ਵੀ ਲੀਕ ਪੈ ਜਾਏ ਤਾਂ ਜ਼ਲਜ਼ਲੇ ਦੀ ਸੰਭਾਵਨਾ ਹੋ ਜਾਂਦੀ ਹੈ। ਜੇ ਜੰਦਰਾ ਲਾਉਣ ਦੀ ਇਹ ਕੁਦਰਤੀ ਸਮਰੱਥਾ ਮਨੁੱਖੀ ਮਨ ਪਾਸ ਨਾ ਹੁੰਦੀ ਤਾਂ ਅੱਜ ਦੀਆਂ ਸਮਾਜਿਕ ਕੀਮਤਾਂ ਦਾ ਮੂੰਹ-ਮੁਹਾਂਦਰਾ ਕੁੱਝ ਹੋਰ ਹੀ ਹੁੰਦਾ। ਜਿਵੇਂ ਮੋਟਰ-ਗੱਡੀਆਂ ਅਗੇ 'ਬੰਪਰ' ਲਾਏ ਜਾਂਦੇ ਹਨ ਕਿ ਜੇ ਕੋਈ ਟੱਕਰ ਹੋ ਵੀ ਜਾਵੇ ਤਾਂ ਉਸਦਾ ਧੱਕਾ ਬੰਪਰ ਨਾਲ ਜ਼ਾਇਲ ਹੋ ਜਾਵੇ, ਉਵੇਂ ਹੀ ਅਸੀਂ ਵੀ ਆਪਣੇ ਮਨ ਅੱਗੇ ਬੰਪਰ-ਦਰ-ਬੰਪਰ ਲਾਈ ਘੁੰਮਦੇ ਫਿਰਦੇ ਹਾਂ, ਅਸੀਂ ਇਨ੍ਹਾਂ ਬੰਪਰਾਂ ਨੂੰ 'ਸ਼ਾਕ-ਪਰੂਫ਼' ਬਣਾਉਣਾ ਚਾਹੁੰਦੇ ਹਾਂ—ਪਰ ਇਹ ਕਦੋਂ ਹੋ ਸਕਦਾ ਹੈ ਕਿ ਕੋਈ ਘਟਨਾ ਵੀ ਵਾਪਰ ਜਾਏ ਤੇ ਉਸ ਦੀ ਲਰਜ਼ ਤਕ ਅੰਦਰ ਨਾ ਪਹੁੰਚੇ। ਬਾਹਰੋਂ ਲੱਖ ਜੰਦਰੇ ਲਗ ਜਾਣ ਪਰ ਅੰਦਰਲੇ ਪਾਣੀਆਂ ਨੂੰ ਕੌਣ ਬੰਨ੍ਹ ਮਾਰ ਸਕਿਆ ਹੈ।

ਸਿਗਮੰਡ ਫ਼ਰਾਇਡ ਦੇ ਤਜਰਬਿਆਂ ਅਨੁਸਾਰ ਸਾਡੇ ਜੀਵਨ ਦੀ ਸਭ ਨਾਲੋਂ ਪੀਡੀ, ਅਤੇ ਕਈ ਸੂਰਤਾਂ ਵਿਚ ਸਭ ਤੋਂ ਵੱਧ ਕਾਰੀ ਗੰਢ 'ਸੈਕਸ' ਦੀ ਹੈ। ਦੁਨੀਆਂ ਵਿਚ ਕਲਾ ਦਾ ਵਿਕਾਸ ਸਾਡੀ ਵਾਸ਼ਨਾ ਦੀ ਸ਼ਾਹਦੀ ਭਰਦਾ ਹੈ। ਸਾਡੀਆਂ ਮਾਨਸਿਕ ਗੁੰਝਲਾਂ ਵਿਚੋਂ ਪੰਝੱਤਰ ਫ਼ੀ ਸਦੀ ਦਾ ਸੰਬੰਧ ਸਾਡੀਆਂ ਅਤ੍ਰਿਪਤ ਕਾਮ-ਵਾਸ਼ਨਾਵਾਂ ਨਾਲ ਹੈ—ਇਸੇ ਲਈ ਅਸੀਂ ਦੋ ਜੀਵਨ ਜੀਉ ਰਹੇ ਹਾਂ, ਅੰਤਰਮੁਖੀ ਤੇ ਬਾਹਰਮੁਖੀ। ਪਿਛਲੇ ਕਮਰੇ ਨੂੰ ਜੰਦਰਾ ਲਾ ਕੇ ਅੱਗੇ ਮੰਚ ਉਤੇ ਡਰਾਮਾ ਖੇਡਣ ਲਈ ਅਸੀਂ ਮਜਬੂਰ ਹਾਂ। ਸਾਡੇ ਦੋ ਚਿਹਰੇ ਹਨ; ਸਾਡੀਆਂ ਦੋ ਆਵਾਜ਼ਾਂ ਹਨ; ਸਾਡੇ ਦੋ ਨਿਜਤ੍ਵ ਹਨ ਤੇ ਇਹ ਦੋਵੇਂ ਜੁੜਵੇਂ ਬੱਚੇ ਵਾਂਗਰਾਂ ਹਨ। ਇਕ ਦੀ ਪੀੜ ਦੂਜੇ ਨੂੰ ਪਹੁੰਚਦੀ ਹੈ। ਦੋਵੇਂ ਇਕ ਦੂਜੇ ਦਾ ਦਰਦ ਵੰਡਾਂਦੇ ਹਨ, ਪਰ ਦੋਹਾਂ ਨੂੰ ਸਿਤਾਰਿਆਂ ਦੀ ਗਰਦਸ਼ ਨੇ ਵੱਖ ਵੱਖ ਥਾਵਾਂ ਲਈ ਵਿਸ਼ੇਸ਼ ਕੀਤਾ ਹੋਇਆ ਹੈ।

ਸਾਡਾ ਓਪਰਾ ਹਾਸਾ ਸਾਡੇ ਚਿਹਰੇ ਉੱਤੇ ਇਕ ਨਕਾਬ ਹੈ, ਜਿਸ ਦੀ ਆੜ ਵਿਚ ਅਸੀਂ ਹਰ ਕਿਸੇ ਨੂੰ ਮਿਲ-ਗਿਲ ਸਕਦੇ ਹਾਂ। ਜੇ ਕਿਤੇ ਇਹ ਜੰਦਰੇ-ਨਕਾਬਾਂ ਨਾ ਹੁੰਦੀਆਂ ਤਾਂ ਅਸਾਂ ਕਿਸੇ ਨੂੰ ਮੂੰਹ ਦੇਣ ਜੋਗੇ ਨਹੀਂ ਸੀ ਰਹਿਣਾ। ਸਾਡੇ ਚਿਹਰੇ ਉਤੇ ਸਿਰਫ਼ ਨਕਾਬ ਹੀ ਨਹੀਂ ਸਗੋਂ ਇਸ ਉੱਤੇ ਪਲਾਸਟਿਕ ਸਰਜਰੀ ਦਾ ਕਰਤਬ ਹੈ; ਜਿਸ ਨੇ ਵਾਸਤਵ ਚਿਹਰੇ ਨੂੰ ਬਿਲਕੁਲ ਹੋਰ ਹੀ ਰੂਪ ਤੇ ਆਕਾਰ ਦੇ ਦਿੱਤਾ ਹੈ। ਅਸੀਂ ਆਪਣੇ ਆਪ ਤੋਂ ਆਪਾ ਢੱਕ ਕੇ ਲੰਘ ਜਾਂਦੇ ਹਾਂ।

ਦਰਅਸਲ ਪਿਆਰ ਇਕ ਆਦਰਸ਼ ਹੈ, ਜਿਸ ਨੂੰ ਪਾ ਲੈਣ ਤੋਂ ਬਾਅਦ ਇਸ ਦੀਆਂ ਕਿਰਨਾਂ ਉੱਡ ਜਾਂਦੀਆਂ ਹਨ, ਤੇ ਜਿਸ ਦੀ ਅਪ੍ਰਾਪਤੀ ਸੋਗ ਨੂੰ ਜਨਮ ਦਿੰਦੀ ਹੈ। ਮਨੁੱਖ ਮਨ ਨੂੰ ਭਟਕਣ ਦਾ ਸਰਾਪ ਹੈ—ਪ੍ਰਾਪਤੀ ਵਿਚ ਵੀ ਉਸਨੂੰ ਇਕ ਖ਼ਲਾ ਦਾ ਅਨੁਭਵ ਹੁੰਦਾ ਹੈ, ਅਤੇ ਵਾਂਝੇ ਰਹਿ ਜਾਣ ਵਿਚ ਵੀ ਉਸ ਦੀ ਜ਼ਿੰਦਗੀ ਵਿਚ ਇਕ ਅਪੂਰ-ਖੱਪੇ ਦੇ ਚਿੰਨ੍ਹ ਬਾਕੀ ਰਹਿ ਜਾਂਦੇ ਹਨ।

'ਜੰਦਰੇ' ਵਿਚ ਪ੍ਰਗਟਾਏ ਗਏ ਜਜ਼ਬਿਆਂ ਦੀਆਂ ਤੰਦਾਂ ਵਿਚ ਕੁੱਝ ਇਹੋ ਜਿਹਾ ਹੀ ਉਲਝਾਉ ਹੈ। ਇਸ ਨਜ਼ਮ ਵਿਚ ਸਮਾਜ ਪ੍ਰਤਿ ਇਕ ਗਿਲਾ ਹੈ, ਹੋਈ ਜ਼ਿਆਦਤੀ ਨੂੰ ਜਰ ਜਾਣ ਦਾ ਜੇਰਾ ਹੈ, ਅਤੇ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਕਦੇ ਕਦੇ ਅੱਖਾਂ

ਵਿਚ ਆਏ ਅਥਰੂਆਂ ਨੂੰ ਉਥੋਂ ਹੀ ਵਾਪਸ ਮੋੜ ਦਿੱਤਾ ਜਾਂਦਾ ਹੈ—ਇਸ ਲਈ ਨਹੀਂ ਕਿ ਰੋਣਾ ਔਖਾ ਹੈ ਜਾਂ ਸਥਿਤੀ ਬਦਲ ਗਈ ਹੈ, ਸਗੋਂ ਇਸ ਲਈ ਕਿ ਵਹਿੰਦੇ ਅਥਰੂਆਂ ਨਾਲ ਇਸ ਦੀ ਸ਼ਾਨ, ਇਸ ਦੀ ਉਦਾਰਤਾ ਇਕ ਮਾਮੂਲੀ ਜਿਹੇ ਤਰਸ ਦੀ ਪਾਤਰ, ਦੁਖਾਂਤ ਘਟਨਾ ਬਣ ਕੇ ਰਹਿ ਜਾਂਦੀ ਹੈ।

ਇਸ ਕਵਿਤਾ ਵਿਚ ਮੋਨੋਲਾਗ ਜਿਹੀ ਇਕ ਵਿਸ਼ੇਸ਼ਤਾ ਹੈ। ਇਸਤਰੀ ਪਾਤਰ ਦੀ ਹੋਂਦ ਨੂੰ ਸਿਰਫ਼ ਮਹਿਸੂਸ ਹੀ ਕਰਵਾਇਆ ਗਿਆ ਹੈ। ਉਹ ਮੂਕ ਤਸਵੀਰ ਕਿਸੇ 'ਮੋਨਾਲਿਜ਼ਾ' ਨਾਲੋਂ ਘੱਟ ਨਹੀਂ, ਜਿਸ ਦੇ ਚਿਹਰੇ ਉੱਤੇ ਡਲ ਦੇ ਪਾਣੀਆਂ ਦੀ ਗਹਿਰਾਈ ਹੈ, ਟਿਕਾਉ ਹੈ—ਇਕ ਸ਼ਾਂਤ, ਗੰਭੀਰ ਟਿਕਾਉ, ਜਿਸ ਤੋਂ ਇਹ ਅਨੁਮਾਨ ਲਾਉਣਾ ਔਖਾ ਹੈ ਕਿ ਉਹ ਆਪਣੀ ਨਵੀਂ ਜ਼ਿੰਦਗੀ ਵਿਚ ਵਿਅਸਤ ਹੈ ਜਾਂ ਪ੍ਰਸੰਨ।

ਨਜ਼ਮ ਵਿਚ ਕਿਤੇ ਕਿਤੇ ਕਾਫ਼ੀਆ ਮੇਲਣ ਦੇ ਲੋਭ ਵਿਚ ਇਸ ਦੀ ਮਾਸੂਮੀਅਤ ਮਾਰ ਦਿੱਤੀ ਗਈ ਹੈ। ਪਰ ਅੰਤਲੇ ਤਿੰਨ ਬੰਦ ਇਹਸਾਸ ਤੇ ਗਹਿਰਾਈ ਦੀ ਇੰਤਹਾ ਹਨ।

---

## ਡੀ. ਪੀ. ਆਈ. ਪੰਜਾਬ ਵਲੋਂ, ਪੰਜਾਬ ਦੇ ਸਾਰੇ ਸਕੂਲਾਂ ਲਈ ਪ੍ਰਵਾਨਿਤ ਸਹਾਇਕ ਪੁਸਤਕਾਂ

ਡੀ. ਪੀ. ਆਈ. ਪੰਜਾਬ ਨੇ ਆਪਣੀ ਗਸ਼ਤੀ ਚਿੱਠੀ ਨੰਬਰ ੧/੮੯ (ਪੰਜਾਬੀ) ੬੧—ਬੀ. ਮਿਤੀ ੬ ਜੁਲਾਈ ੧੯੬੨ ਦੁਆਰਾ ਹੇਠ ਲਿਖੀਆਂ ਸਹਾਇਕ ਪੁਸਤਕਾਂ ਪੰਜਾਬ ਦੇ ਸਾਰੇ ਸਕੂਲਾਂ ਲਈ ਪ੍ਰਵਾਣ ਕੀਤੀਆਂ ਹਨ। ਅਤੇ ਇਹ ਭੀ ਹੁਕਮ ਕੀਤਾ ਹੈ ਕਿ ਹਰ ਇਕ ਸਕੂਲ ਇਨ੍ਹਾਂ ਪੁਸਤਕਾਂ ਦੇ ਘੱਟੋ ਘੱਟ ੧੫ ਸੈਟ ਆਪਣੇ ਸਕੂਲ ਵਿਚ ਖਰੀਦ ਕੇ ਰੱਖੇ :—

| | | | |
|---|---|---|---|
| ੧. | ਟੈਗੋਰ ਕਹਾਣੀਆਂ | ਮੁਲ | 1.68 |
| ੨. | ਕੌਰਵ ਪਾਂਡਵ | ,, | 1.80 |
| ੩. | ਅੱਗ ਦੀ ਕਹਾਂਣੀ | ,, | 0.60 |
| ੪. | ਮੇਰਾ ਬਚਪਨ | ,, | 0.90 |
| ੫. | ਮੋਤੀ ਦੀ ਕਹਾਣੀ | ,, | 0:50 |

ਮਿਲਣ ਦਾ ਪਤਾ :—

ਜਨਰਲ ਸਕੱਤ੍ਰ,
ਪੰਜਾਬੀ ਸਾਹਿੱਤ ਅਕਾਡਮੀ,
ਪੰਜਾਬੀ ਭਵਨ, ਲੁਧਿਆਣਾ

ਪ੍ਰਿੰਸੀਪਲ ਸਾਹਿਬ ਸਿੰਘ

# ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ

(ਪਿੱਛੇ ਤੋਂ ਅੱਗੇ)

## ਪੰਜਾ ਸਾਹਿਬ ਤੋਂ ਸੈਦਪੁਰ ਨੂੰ

ਪੰਜਾ ਸਾਹਿਬ (ਹਸਨ ਅਬਦਾਲ) ਜ਼ਿਲਾ ਅਟਕ ਵਿਚ ਹੈ। ਇੱਥੋਂ ਚਲ ਕੇ ਸਤਿਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਪਿੰਡਾਂ ਨਗਰਾਂ ਦੇ ਰਸਤੇ, ਥੋੜ੍ਹੀ ਥੋੜ੍ਹੀ ਮੰਜ਼ਿਲ ਕਰਦੇ, ਜ਼ਿਲਾ ਜਿਹਲਮ ਵਿਚ ਉਸ ਟਿੱਲੇ ਕੋਲ ਪਹੁੰਚੇ ਜਿੱਥੇ ਇਕ ਸਾਧੂ ਬਾਲਗੁਦਾਈ ਰਹਿੰਦਾ ਸੀ। ਉਸ ਸਾਧੂ ਦੇ ਨਾਮ ਉੱਤੇ ਹੀ ਟਿੱਲੇ ਦਾ ਨਾਮ "ਟਿੱਲਾ ਬਾਲ ਗੁਦਾਈ" ਹੈ। ਇਹ ਟਿੱਲਾ ਜਿਹਲਮ ਸ਼ਹਰ ਤੋਂ ਬਾਰਾਂ ਕੋਹ ਪੱਛਮ ਵਾਲੇ ਪਾਸੇ ਹੈ। ਬਾਲ ਗੁਦਾਈ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਬਣ ਗਿਆ। ਜਿੱਥੇ ਗੁਰੂ ਨਾਨਕ ਦੇਵ ਜੀ ਟਿਕੇ ਸਨ, ਉੱਥੇ ਉਹਨਾਂ ਦੇ ਚਰਨ-ਚਿਹਨ ਪੱਥਰ ਵਿਚ ਉੱਕਰ ਹੋਏ ਹਨ, ਅਤੇ ਛੋਟਾ ਜਿਹਾ ਗੁਰਦੁਆਰਾ ਭੀ ਬਣਿਆ ਹੋਇਆ ਹੈ।

ਟਿੱਲਾ ਰੇਲ ਦੇ ਸਟੇਸ਼ਨ ਦੀਨਾ ਤੋਂ ਤੇਰ੍ਹਾਂ ਮੀਲ ਪੱਛਮ ਵੱਲ ਹੈ।

ਬਾਲਗੁੰਦਾਈ ਦੇ ਟਿੱਲੇ ਤੋਂ ਸਤਿਗੁਰੂ ਜੀ ਰੋਹਤਾਸ ਅੱਪੜੇ। ਰੋਹਤਾਸ ਜ਼ਿਲਾ ਜਿਹਲਮ ਵਿਚ ਹੈ, ਜਿਹਲਮ ਤੋਂ ਦਸ ਕੋਹ ਉੱਤਰ-ਪੱਛਮ ਵਾਲੇ ਪਾਸੇ। ਜਦੋਂ ਗੁਰੂ ਨਾਨਕ ਦੇਵ ਜੀ ਰੋਹਤਾਸ ਗਏ ਸਨ, ਤਦੋਂ ਇਹ ਇਕ ਸਾਧਾਰਣ ਜਿਹੀ ਵੱਸੋਂ ਹੀ ਸੀ। ਸੰਨ ੧੫੪੨ ਵਿਚ ਸ਼ੇਰਸ਼ਾਹ ਸੂਰੀ ਨੇ ਇਥੇ ਇਕ ਵਡਾ ਕਿਲ੍ਹਾ ਬਣਵਾਇਆ। ਬੰਗਾਲ ਵਿਚ ਭੀ ਸ਼ੇਰਸ਼ਾਹ ਨੇ ਜ਼ਿਲਾ ਸ਼ਾਹਬਾਦ ਵਿਚ ਇਸੇ ਹੀ ਨਮੂਨੇ ਦਾ ਕਿਲ੍ਹਾ ਬਣਵਾਇਆ ਸੀ, ਉਸ ਦਾ ਨਾਮ ਭੀ ਰੋਹਤਾਸ ਹੀ ਹੈ।

ਰੋਹਤਾਸ ਦਾ ਚਸ਼ਮਾ 'ਚੋਹਾ ਸਾਹਿਬ' ਸਤਿਗੁਰੂ ਨਾਨਕ ਦੇਵ ਜੀ ਦੇ ਉਥੇ ਆਉਣ ਦੀ ਯਾਦ ਚੇਤੇ ਕਰਾਉਂਦਾ ਹੈ।

ਦਰਿਆ ਜਿਹਲਮ ਨੂੰ ਭੇਰੇ ਦੇ ਕੋਲੋਂ ਪਾਰ ਕਰ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਪਿੰਡਾਂ ਨਗਰਾਂ ਵਿੱਚੋਂ ਦੀ ਹੁੰਦੇ ਹੋਏ, ਕੀਰਤਨ ਰਾਹੀਂ ਲੋਕਾਂ ਨੂੰ ਪ੍ਰਮਾਤਮਾ ਦੀ ਸਿਫ਼ਤਿ-ਸਲਾਹ ਵੱਲ ਪ੍ਰੇਰਦੇ ਹੋਏ, ਜ਼ਿਲਾ ਗੁਜਰਾਤ ਦੇ ਪਿੰਡ ਜੈਸੁਖ ਪਹੁੰਚੇ ਜੋ ਹੁਣ ਰੇਲਵੇ ਅਸਟੇਸ਼ਨ ਚਿਲੀਆਂ ਵਾਲੇ ਤੋਂ ੬ ਮੀਲ ਉੱਤੇ ਹੈ।

**ਗੁਰਦੁਆਰਾ ਕੇਰ ਸਾਹਿਬ :**—ਪਾਕਿਸਤਾਨ ਬਣਨ ਤੋਂ ਪਹਿਲਾਂ ਇੱਥੇ ਉਸ ਗੁਰਦੁਆਰੇ ਵਿਚ, ਜੋ ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਬਣਾਇਆ ਗਿਆ, ਸਾਲ ਵਿਚ

ਤਿੰਨ ਮੇਲੇ ਲੱਗਦੇ ਸਨ—ਵੈਸਾਖੀ, ਚੇਤਰ ਚੌਦਸ ਅਤੇ ਭਾਦਰੋਂ ਦੀ ਮੱਸਿਆ। ਪਿੰਡ ਜੈਸੁਖ ਤੋਂ ਆਪ ਡਿੰਗੇ ਅੱਪੜੇ। ਡਿੰਗਾ ਜ਼ਿਲਾ ਗੁਜਰਾਤ ਦੀ ਖਾਰੀਆਂ ਤਸੀਲ ਵਿਚ ਹੈ। ਹੁਣ ਇਹ ਲਾਲਾ ਮੂਸਾ-ਮਲਕਵਾਲ ਰੇਲਵੇ ਲਾਈਨ ਉਤੇ ਰੇਲ ਦਾ ਸਟੇਸ਼ਨ ਹੈ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਚੇਤੇ ਕਰਾਉਣ ਵਾਸਤੇ ਨਗਰ ਤੋਂ ਉੱਤਰ-ਪੱਛਮ ਵਾਲੇ ਪਾਸੇ ਗੁਰਦੁਆਰਾ ਹੈ, ਜਿਸ ਦਾ ਨਾਮ 'ਨਾਨਕ ਸਰ' ਹੈ।

ਸਿੱਖ-ਇਤਿਹਾਸ ਅਨੁਸਾਰ ਹੇਠ-ਲਿਖੀ ਘਟਨਾ ਇੱਥੇ ਹੋਈ ਸੀ—

ਜਦੋਂ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਡਿੰਗਾ ਨਗਰ ਦੇ ਕੋਲ ਪਹੁੰਚੇ, ਤਾਂ ਨਗਰ ਤੋਂ ਬਾਹਰ ਇਕ ਕੁਟੀਆ ਦੇ ਸਾਹਮਣੇ ਇਕ ਆਦਮੀ ਢੋਲ ਵਜਾ ਰਿਹਾ ਸੀ। ਪੁੱਛਣ ਉੱਤੇ ਉਸ ਨੇ ਦੱਸਿਆ ਕਿ ਇਸ ਕੁਟੀਆ ਵਿਚ ਇਕ ਜੋਗੀ ਰਹਿੰਦਾ ਹੈ! ਕੁਟੀਆ ਦੇ ਭੋਹਰੇ ਵਿਚ ਉਹ ਚਲੀਹਾ ਕਟ ਰਿਹਾ ਹੈ। ਚਾਲੀ ਦਿਨ ਜੋਗੀ ਅੰਨ ਨਹੀਂ ਖਾਂਦਾ। ਹੁਣ ਭਲਕੇ ਉਸ ਨੇ ਚਾਲੀ ਦਿਨ ਪੂਰੇ ਕਰ ਕੇ ਭੋਹਰੇ ਵਿਚੋਂ ਬਾਹਰ ਨਿਕਲਣਾ ਹੈ। ਲੋਕਾਂ ਨੂੰ ਇਹ ਖ਼ਬਰ ਦੇਣ ਲਈ ਮੈਂ ਢੋਲ ਵਜਾ ਰਿਹਾ ਹਾਂ। ਨਗਰ-ਨਿਵਾਸੀ ਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਜੋਗੀ ਦਾ ਦਰਸ਼ਨ ਕਰਨ ਲਈ ਆ ਇਕੱਠੇ ਹੋਣਗੇ।

ਸਤਿਗੁਰੂ ਜੀ ਨੇ ਉਸ ਢੋਲ ਵਾਲੇ ਨੂੰ ਢੋਲ ਵਜਾਣ ਤੋਂ ਵਰਜ ਦਿੱਤਾ ਤੇ ਆਖਿਆ ਕਿ ਜਿਸ ਵੇਲੇ ਢੋਲ ਵਜਾਣ ਦੀ ਲੋੜ ਪਏਗੀ, ਤੈਨੂੰ ਤੇਰੇ ਘਰੋਂ ਸੱਦ ਲਵਾਂਗੇ। ਢੋਲ ਵਾਲਾ ਉਥੋਂ ਆਪਣੇ ਘਰ ਚਲਾ ਗਿਆ।

ਅਗਲੇ ਦਿਨ ਜੋਗੀ ਚਲੀਹਾ ਕੱਟ ਕੇ ਭੋਹਰੇ ਵਿੱਚੋਂ ਬਾਹਰ ਨਿਕਲਿਆ। ਪਰ ਢੋਲ ਨਾ ਵੱਜਣ ਕਰਕੇ ਜੋਗੀ ਦਾ ਦਰਸ਼ਨ ਕਰਨ ਲਈ ਕੋਈ ਆਦਮੀ ਨਾਂਹ ਪਹੁੰਚਿਆ। ਜੋਗੀ ਨੇ ਬੜਾ ਹਾਉਕਾ ਲਿਆ, ਤੇ ਗ਼ਸ਼ ਖਾ ਕੇ ਡਿੱਗ ਪਿਆ। ਸਤਿਗੁਰੂ ਦੀ ਆਗਿਆ ਅਨੁਸਾਰ ਭਾਈ ਮਰਦਾਨਾ ਢੋਲ ਵਾਲੇ ਨੂੰ ਲੈ ਆਇਆ। ਢੋਲ ਵੱਜਿਆ, ਲੋਕ ਹੁੰਮ-ਹੁੰਮਾ ਕੇ ਆ ਪਹੁੰਚੇ। ਜੋਗੀ ਨੂੰ ਭੀ ਹੋਸ਼ ਆ ਗਈ। ਚੁਫੇਰੇ ਸ਼ਰਧਾਲੂਆਂ ਦੀ ਭੀੜ ਵੇਖ ਕੇ ਜੋਗੀ ਦਾ ਦਿਲ ਥਾਵੇਂ ਆਇਆ।

ਗੁਰੂ ਨਾਨਕ ਦੇਵ ਜੀ ਨੇ ਜੋਗੀ ਨੂੰ ਉਸ ਦਾ ਭੁਲੇਖਾ ਸਮਝਾਇਆ ਕਿ ਤੈਨੂੰ ਰੋਟੀ ਦੀ ਥਾਂ ਲੋਕਾਂ ਦੀ ਵਾਹ ਵਾਹ ਦੀ ਖ਼ੁਰਾਕ ਮਿਲ ਰਹੀ ਸੀ। ਇਹ ਚਲੀਹੇ ਕੱਟਣ ਦਾ ਆਤਮਿਕ ਲਾਭ ਤਾਂ ਕੋਈ ਨਾਂਹ ਹੋਇਆ। ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਜੁੜਿਆ ਕਰ, ਤਾਂ ਜੋ ਚੇਲਿਆਂ ਤੇ ਸ਼ਰਧਾਲੂਆਂ ਦੀ ਵਾਹ-ਵਾਹ ਵੱਲੋਂ ਬੇ-ਮੁਥਾਜੀ ਹੋ ਜਾਏ, ਤੇ ਹਉਮੈਂ ਤੋਂ ਖਲਾਸੀ ਹੋ ਜਾਏ। ਇਹ ਹਉਮੈ ਪਰਮਾਤਮਾ ਨਾਲੋਂ ਵਿਥ ਪੁਆਈ ਜਾਂਦੀ ਹੈ, ਤੇ ਚਲੀਹੇ ਵਾਲੀ ਖੇਚਲ ਵਿਅਰਥ ਚਲੀ ਜਾ ਰਹੀ ਹੈ।

ਡਿੰਗੇ ਤੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਪਿੰਡਾਂ ਨਗਰਾਂ ਵਿੱਚੋਂ ਦੀ ਲੰਘਦੇ ਹੋਏ ਸੈਦਪੁਰ ਪਹੁੰਚੇ।

### ਸੈਦਪੁਰ (ਐਮਨਾਬਾਦ)—

ਸ਼ਹਿਰ ਦਾ ਪੁਰਾਣਾ ਨਾਮ ਸੈਦਪੁਰ ਸੀ। ਅੱਜ ਕਲ ਇਸ ਦਾ ਪ੍ਰਸਿੱਧ ਨਾਮ ਐਮਨਾਬਾਦ ਹੈ। ਹੁਣ ਇਹ ਗੁਜਰਾਂ ਵਾਲੇ ਤੋਂ ਲਾਹੌਰ ਨੂੰ ਆ ਰਹੀ ਰੇਲਵੇ ਲਾਈਨ ਦੇ

ਉੱਤੇ ਰੇਲ ਦਾ ਸਟੇਸ਼ਨ ਹੈ, ਪਰ ਸ਼ਹਿਰ, ਸਟੇਸ਼ਨ ਤੋਂ ੩ ਮੀਲਾਂ ਦੀ ਵਿੱਥ ਉੱਤੇ, ਚੜ੍ਹਦੇ ਪਾਸੇ ਵੱਲ ਹੈ।

ਪਹਿਲੀ 'ਉਦਾਸੀ' ਸਮੇਂ ਗੁਰੂ ਨਾਨਕ ਦੇਵ ਜੀ ਜਦੋਂ ਐਮਨਾਬਾਦ ਗਏ ਸਨ, ਤਦੋਂ ਸਰਾਧਾਂ ਦੇ ਦਿਨ ਸਨ। ਮਲਕ ਭਾਗੋ ਦੇ ਘਰ ਸਰਾਧ ਦੀ ਸਾਖੀ ਸਿੱਖ-ਇਤਿਹਾਸ ਵਿਚ ਪ੍ਰਸਿੱਧ ਚਲੀ ਆ ਰਹੀ ਹੈ। ਤਦੋਂ ਗੁਰੂ ਨਾਨਕ ਦੇਵ ਜੀ ਆਪਣੇ ਸਤਸੰਗੀ ਭਾਈ ਲਾਲੋ ਦੇ ਘਰ ਠਹਿਰੇ ਸਨ। ਭਾਈ ਲਾਲੋ ਤਰਖਾਣਾ ਕੰਮ ਕਰਦਾ ਸੀ।

ਜਦੋਂ ਦੂਜੀ ਵਾਰੀ ਸਤਿਗੁਰੂ ਜੀ ਐਮਨਾਬਾਦ ਆਏ, ਤਦੋਂ ਭੀ ਭਾਈ ਲਾਲੋ ਅਜੇ ਜੀਉਂਦਾ ਸੀ। ਹੁਣ ਭੀ ਉਸੇ ਦੇ ਪਾਸ ਠਹਿਰੇ ਸਨ।

ਉਹਨੀਂ ਹੀ ਦਿਨੀਂ ਬਾਬਰ ਭੀ ਕਾਬੁਲ ਵੱਲੋਂ ਮਾਰੋ-ਮਾਰ ਕਰਦਾ ਪੰਜਾਬ ਦੇ ਨਗਰਾਂ ਸ਼ਹਿਰਾਂ ਨੂੰ ਲੁੱਟਦਾ-ਉਜਾੜਦਾ ਆ ਰਿਹਾ ਸੀ।

**ਬਾਬਰ—**

ਬਾਬਰ ਤੈਮੂਰ ਦੇ ਖ਼ਾਨਦਾਨ ਵਿਚ (ਤੈਮੂਰ ਤੋਂ ਛੇਵੀਂ ਪੀੜ੍ਹੀ) ੧੫ ਜਨਵਰੀ ਸੰਨ ੧੪੮੩ ਨੂੰ ਜੰਮਿਆ ਸੀ। ਬਾਬਰ ਬੜਾ ਬਹਾਦਰ ਮੁਗ਼ਲ ਹੋਇਆ ਹੈ। ਇਸਨੇ ਸੰਨ ੧੫੦੪ ਵਿਚ ਕਾਬਲ ਉੱਤੇ ਕਬਜ਼ਾ ਕਰ ਕੇ ਓਥੋਂ ਹਿੰਦੋਸਤਾਨ ਉੱਤੇ ਕਈ ਹਮਲੇ ਕੀਤੇ।

ਬਾਬਰ ਨੇ ਪਹਿਲਾ ਹਮਲਾ ਸੰਨ ੧੫੧੯ ਵਿਚ ਕੀਤਾ। ੨੧ ਫ਼ਰਵਰੀ ਸੰਨ ੧੫੧੯ ਨੂੰ ਬਾਬਰ ਨੇ ਸ਼ਹਰ ਭੇਰਾ ਫ਼ਤਹ ਕੀਤਾ ਸੀ। 'ਭੇਰਾ' ਦਰਿਆ ਜਿਹਲਮ ਤੋਂ ਉਰਲੇ ਪਾਸੇ ਦਰਿਆ ਦੇ ਕੰਢੇ ਉੱਤੇ ਹੀ ਹੈ।

ਪਹਿਲਾਂ ਲਾਹੌਰ ਦਾ ਹਾਕਮ ਤਾਤਾਰ ਖ਼ਾਨ ਸੀ, ਤਾਤਾਰ ਖ਼ਾਨ ਦੀ ਮੌਤ ਉੱਤੇ ਸਿਕੰਦਰ ਲੋਦੀ ਨੇ ਸਰਹੰਦ ਤੋਂ ਲੈ ਕੇ ਸਰਹੱਦ ਤਕ ਦਾ ਸਾਰਾ ਇਲਾਕਾ ਸਿੱਧਾ ਆਪਣੇ ਕਬਜ਼ੇ ਵਿਚ ਲੈ ਲਿਆ। ਫੇਰ ਇਸ ਵਿੱਚੋਂ ਲਾਹੌਰ ਦਾ ਇਲਾਕਾ ਉਸ ਨੇ ਤਾਤਾਰ ਖ਼ਾਨ ਦੇ ਪੁੱਤਰ ਦੌਲਤ ਖ਼ਾਨ ਨੂੰ ਦੇ ਦਿੱਤਾ ਸੀ। ਉਹਨੀਂ ਦਿਨੀਂ ਬਾਬਰ ਨੇ ਕਾਬੁਲ ਉੱਤੇ ਕਬਜ਼ਾ ਕੀਤਾ ਸੀ।

ਭੇਰਾ ਫ਼ਤਹ ਕਰ ਕੇ ਬਾਬਰ ਨੇ ੨੪ ਫ਼ਰਵਰੀ ਸੰਨ ੧੫੧੯ ਨੂੰ ਸਿਕੰਦਰ ਲੋਦੀ ਦੇ ਪੁੱਤਰ ਸੁਲਤਾਨ ਇਬਰਾਹੀਮ ਲੋਦੀ ਵੱਲ ਆਪਣਾ ਏਲਚੀ (ਦੂਤ) ਭੇਜਿਆ। ਪਰ ਉਸ ਨੂੰ ਦੌਲਤ ਖ਼ਾਨ ਨੇ ਰਸਤੇ ਵਿਚ ਲਾਹੌਰ ਹੀ ਅਟਕਾਈ ਰੱਖਿਆ।

ਭੇਰੇ ਤਕ ਆਪਣੀ ਹਕੂਮਤ ਪੱਕੀ ਕਰਕੇ ਬਾਬਰ ਕਾਬੁਲ ਵਾਪਸ ਚਲਾ ਗਿਆ ਸੀ। ਭੇਰੇ ਤੋਂ ਅਗਾਂਹ ਵਧਣ ਵਾਸਤੇ ਬਾਬਰ ਨੇ ਫ਼ੌਜ ਆਪਣੇਂ ਨਾਲ ਲੈ ਕੇ ਸੰਨ ੧੫੨੧ ਵਿਚ ਫੇਰ ਹਿੰਦੋਸਤਾਨ ਉੱਤੇ ਹਮਲਾ ਕੀਤਾ। ਭੇਰੇ ਦੇ ਰਸਤੇ ਵਜ਼ੀਰਾਬਾਦ ਤੋਂ ਲੰਘ ਕੇ ਬਾਬਰ ਸ਼ਹਿਰ ਸਿਆਲਕੋਟ ਉੱਤੇ ਆ ਵੱਜਾ। ਪਰ ਉਥੋਂ ਦੇ ਹਾਕਮਾਂ ਤੇ ਲੋਕਾਂ ਨੇ ਈਨ ਮੰਨ ਲਈ। ਇਸ ਤਰ੍ਹਾਂ ਸ਼ਹਰ ਸਿਆਲਕੋਟ ਲੁਟੀਣ ਤੇ ਉੱਜੜਨ ਤੋਂ ਬਚ ਗਿਆ।

ਸਿਆਲਕੋਟ ਤੋਂ ਬਾਬਰ ਨੇ ਸੈਦਪੁਰ (ਐਮਨਾਬਾਦ) ਉੱਤੇ ਹਮਲਾ ਕੀਤਾ। ਤਦੋਂ ਗੁਰੂ ਨਾਨਕ ਦੇਵ ਜੀ ਭੀ ਭਾਈ ਮਰਦਾਨੇ ਸਮੇਤ ਐਮਨਾਬਾਦ ਵਿਚ ਹੀ ਸਨ। ਪਠਾਣ ਹਾਕਮਾਂ ਨੇ ਸ਼ਹਰ ਨੂੰ ਬਚਾਣ ਲਈ ਫ਼ੌਜੀ ਤਿਆਰੀ ਤਾਂ ਠੀਕ ਨਾਂਹ ਕੀਤੀ ਪਰ ਬਾਬਰ ਦਾ

ਟਾਕਰਾ ਕਰਨ ਵਾਸਤੇ ਬਹੁਤ ਸਾਰੇ ਮੁਲਾਣੇ ਲਿਆ ਬਿਠਾਏ, ਜਿਨ੍ਹਾਂ ਨੇ ਕਲਮਾਂ ਪੜ੍ਹਨ ਉੱਤੇ ਹੀ ਜ਼ੋਰ ਦਿੱਤਾ। ਬਣਨਾ ਕੀਹ ਸੀ ? ਰਣ-ਭੂਮੀ ਵਿਚ ਪਠਾਣ ਫ਼ੌਜੀਆਂ ਦੀਆਂ ਬੰਦੂਕਾਂ ਤਾਂ ਹਵਾ ਵਿਚ ਹੀ ਚਿੜ-ਚਿੜ ਕਰਦੀਆਂ ਰਹੀਆਂ, ਤੇ ਓਧਰੋਂ ਬਾਬਰ ਦੇ ਸਿਪਾਹੀ ਤੱਕ ਤੱਕ ਕੇ ਨਿਸ਼ਾਨੇ ਮਾਰਦੇ ਰਹੇ। ਬਾਬਰ ਦੀ ਜਿੱਤ ਹੋਈ। ਹੋਣੀ ਹੀ ਸੀ। ਜਿੱਤ ਦੇ ਨਸ਼ੇ ਵਿਚ ਬਾਬਰ ਦੀ ਫ਼ੌਜ ਨੂੰ ਖੁੱਲ੍ਹੀ ਛੁੱਟੀ ਹੋ ਗਈ, ਸ਼ਹਰ ਉੱਤੇ ਅੱਤਿਆਚਾਰ ਕਰਨ ਦੀ। ਲੁੱਟ, ਕਤਲ ਤੇ ਇਸਤ੍ਰੀ ਜਾਤੀ ਉੱਤੇ ਅੱਤਿਆਚਾਰ—ਚੁਫੇਰੇ ਹਾਹਾਕਾਰ ਮਚ ਗਈ। ਪਲਾਂ ਵਿਚ ਹੀ ਸ਼ਹਿਰ ਤਬਾਹ ਹੋ ਗਿਆ। ਜਿਹੜੇ ਮਰਦ ਇਸਤ੍ਰੀ ਜਾਨੋਂ ਬਚ ਗਏ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਬਾਬਰ ਦੀ ਫ਼ੌਜ ਵਾਸਤੇ ਆਟਾ ਪੀਹਣ ਲਈ ਉਨ੍ਹਾਂ ਨੂੰ ਚੱਕੀਆਂ ਦਿੱਤੀਆਂ ਗਈਆਂ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਭੀ ਕੈਦ ਕੀਤੇ ਗਏ।

ਬਾਬਰ ਸੈਦਪੁਰ ਤੋਂ ਅਗਾਂਹ ਵਧਿਆ। ਕੈਦੀ ਭੀ ਨਾਲ ਹੀ। ਪਿੰਡ ਅਵਾਣ ਦੇ ਨੇੜੇ ਡੇਰਾ ਕੀਤਾ ਗਿਆ। ਪਿੰਡ ਅਵਾਣ ਦਰਿਆ ਰਾਵੀ ਦੇ ਕੰਢੇ ਜ਼ਿਲਾ ਸਿਆਲਕੋਟ ਵਿਚ ਹੀ ਸੀ।

ਕੈਦੀਆਂ ਦੇ ਅੱਗੇ ਫੇਰ ਚੱਕੀਆਂ ਰੱਖੀਆਂ ਗਈਆਂ। ਆਪਣੇ ਸ਼ਹਿਰ ਦੀ ਲੁੱਟ, ਕਤਲ, ਸਾੜ-ਫੂਕ ਤੇ ਬੇ-ਪਤੀ ਦੇ ਅੱਤਿਆਚਾਰ ਹੱਡੀਂ ਵਰਤੇ, ਅੱਖੀਂ ਵੇਖ ਕੇ, ਸਹਮੇ ਹੋਏ ਕੈਦੀ ਨਾਲੇ ਭੁੱਬਾਂ ਮਾਰ ਮਾਰ ਰੋਂਦੇ ਸਨ ਨਾਲੇ ਚੱਕੀਆਂ ਪੀਂਹਦੇ ਸਨ। ਪਰ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਇਹ ਸਭ ਕੁੱਝ ਰੱਬ ਦੀ ਰਜ਼ਾ ਜਾਣ ਕੇ ਪੂਰੇ ਜਿਗਰੇ ਤੇ ਗੰਭੀਰਤਾ ਨਾਲ ਕੈਦੀਆਂ ਵਾਲੀ ਕਾਰ ਕਰ ਰਹੇ ਸਨ। ਬਾਬਰ ਦੇ ਹਾਕਮ ਇਹ ਵੇਖ ਕੇ ਬੜੇ ਹੀ ਹੈਰਾਨ ਹੋਏ। ਤੁਰਤ ਬਾਬਰ ਤਕ ਖ਼ਬਰ ਅਪੜਾਈ ਗਈ। ਬਾਬਰ ਸਤਿਗੁਰੂ ਜੀ ਨੂੰ ਮਿਲਿਆ। ਸਤਿਗੁਰੂ ਜੀ ਨੇ ਉਸਨੂੰ ਨਿਰਭੈਤਾ ਨਾਲ ਇਨਸਾਨੀਅਤ ਦਾ ਰਸਤਾ ਸਮਝਾਇਆ। ਅਜੇ ਸਨ ਭੀ ਹਾਜੀਆਂ ਵਾਲੇ ਫ਼ਕੀਰੀ ਬਾਣੇ ਵਿਚ ਹੀ। ਬਾਬਰ ਨੇ ਸਾਰੇ ਹੀ ਕੈਦੀ ਛੱਡ ਦਿੱਤੇ। ਪਰ ਸਹਿਮੇ ਹੋਏ ਲੋਕ ਆਪਣੇ ਲੁੱਟੇ ਪੁੱਟੇ ਜਾ ਚੁੱਕੇ ਸ਼ਹਿਰ ਵੱਲ ਮੂੰਹ ਕਰਨੋਂ ਡਰਦੇ ਸਨ। ਗੁਰੂ ਨਾਨਕ ਦੇਵ ਜੀ ਪਿੰਡ ਅਵਾਣ ਤੋਂ ਫੇਰ ਉਹਨਾਂ ਦੇ ਨਾਲ ਐਮਨਾਬਾਦ ਵਾਪਸ ਆਏ।

ਓਧਰੋਂ ਬਾਬਰ ਨੂੰ ਆਪਣੇ ਵਤਨ ਤੋਂ ਖ਼ਬਰ ਆ ਗਈ ਕਿ ਸ਼ਾਹ ਬੇਗ ਨੇ ਕੰਧਾਰ ਉੱਤੇ ਹਮਲਾ ਕਰ ਦਿੱਤਾ ਹੈ। ਬਾਬਰ ਅਵਾਣ ਤੋਂ ਹੀ ਪਿਛਾਂਹ ਕਾਬੁਲ ਨੂੰ ਮੁੜ ਗਿਆ। ਬਾਬਰ ਦੀ ਹਕੂਮਤ ਹਿੰਦੋਸਤਾਨ ਵਿਚ ਦਰਿਆ ਰਾਵੀ ਦੇ ਕੰਢਿਆਂ ਤਕ ਪੱਕੀ ਹੋ ਗਈ।

## ਐਮਨਾਬਾਦ ਦੀ ਤਰਸ ਯੋਗ ਹਾਲਤ

ਸੈਦਪੁਰ-ਨਿਵਾਸੀ ਬਾਬਰ ਦੀ ਕੈਦ ਵਿੱਚੋਂ ਨਿਕਲ ਕੇ ਡਰ-ਸਹਿਮ ਦੇ ਮਾਰੇ ਲੱਤਾਂ ਧੂੰਹਦੇ ਗੁਰੂ ਨਾਨਕ ਸਾਹਿਬ ਦੇ ਨਾਲ ਮੁੜ ਆਪਣੇ ਪਿਆਰੇ ਘਰਾਂ ਵਲ ਮੁੜ ਪਏ। ਭਾਈ ਮਰਦਾਨਾ ਭੀ ਨਾਲ ਹੀ ਸੀ। ਸ਼ਹਿਰ ਦੇ ਸੜ ਰਹੇ ਘਰਾਂ ਦਾ ਧੂੰਆਂ ਦੂਰੋਂ ਹੀ ਵੇਖਕੇ ਉਹਨਾਂ ਦੇ ਦਿਲ ਢਹਿੰਦੇ ਜਾ ਰਹੇ ਸਨ। ਪਰ ਸ਼ਹਿਰ ਵਿਚ ਪਹੁੰਚ ਕੇ ਭੀ ਉਹਨਾਂ ਕੀ ਵੇਖਿਆ ? ਘਰਾਂ ਵਿਚ ਜੁਆਨ ਧੀਆਂ ਦੀਆਂ ਲਾਸ਼ਾਂ, ਜੋ ਮੁਗ਼ਲ ਬੁਰਛਿਆਂ ਦੀ ਕਾਮ-

ਵਾਸ਼ਨਾ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋ ਚੁੱਕੀਆਂ ਸਨ । ਗਲੀਆਂ ਬਾਜ਼ਾਰਾਂ ਵਿਚ ਕਤਲ ਹੋ ਚੁੱਕੇ ਗੱਭਰੂ ਪੁੱਤਰਾਂ ਦੀਆਂ ਕਾਵਾਂ, ਗਿਰਝਾਂ, ਕੁੱਤਿਆਂ, ਗਿੱਦੜਾਂ, ਬਘਿਆੜਾਂ ਦੇ ਪੈਰਾਂ ਹੇਠ ਰੁਲਦੀਆਂ ਲੋਥਾਂ । ਕੈਦ ਤੋਂ ਵਾਪਸ ਆਏ ਸੈਦਪੁਰੀਆਂ ਦੀਆਂ ਭੁੱਬਾਂ ਨਿਕਲ ਗਈਆਂ । ਚੁਫੇਰੇ ਕੁਰਲਾਹਟ ਮੱਚ ਗਿਆ ।

ਦੁਖੀਆਂ ਦਾ ਦਰਦ ਵੰਡਣ ਆਏ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਸਾਰਾ ਹੀ ਘੱਲੂਘਾਰਾ ਸ਼ੁਰੂ ਤੋਂ ਅਖ਼ੀਰ ਤਕ ਅੱਖੀਂ ਵੇਖਿਆ । ਕਤਲੋਂ ਬਚ ਰਹੇ ਦੇਸ-ਵਾਸੀਆਂ ਦੇ ਨਾਲ ਬਾਬਰ ਦੀ ਜੇਲ੍ਹ ਵਿਚ ਚੱਕੀਆਂ ਭੀ ਪੀਹ ਆਏ । ਬਿਪਤਾ-ਮਾਰੇ ਬੰਦਿਆਂ ਦੇ ਇਸ ਅੱਤ ਦਰਜੇ ਦੇ ਭਿਆਨਕ ਦੁੱਖੜੇ ਵਿਚ ਭੀ ਹੁਣ ਸਤਿਗੁਰੂ ਜੀ ਘਰ ਘਰ ਪਹੁੰਚ ਕੇ ਉਹਨਾਂ ਨੂੰ ਢਾਰਸ ਦੇਣ ਦੇ ਜਤਨ ਕਰਦੇ ਰਹੇ । ਪਰ ਕਹਿਰ ਭੀ ਕੋਈ ਸਾਧਾਰਣ ਜਿਹਾ ਕਹਿਰ ਨਹੀਂ ਸੀ ਹੋਇਆ । ਦੁਖੀਆਂ ਨੂੰ ਆਪਣੇ ਕੋਲ ਬਿਠਾ ਕੇ ਸਿਰਜਣਹਾਰ ਕਰਤਾਰ ਦੇ ਦਰ ਉੱਤੇ ਫ਼ਰਿਆਦ ਕਰਨ ਲੱਗ ਪਏ । ਮਰਦਾਨੇ ਨੇ ਰਬਾਬ ਹਿਲਾਈ, ਤੇ ਗੁਰੂ ਪਾਤਿਸ਼ਾਹ ਨੇ ਖਲਕਤ ਦੇ ਰਾਖੇ ਖ਼ਾਲਕ ਨਾਲ ਦਰਦ-ਭਰੇ ਗਲੇ ਰਾਹੀਂ ਇਉਂ ਗਿਲਾ ਕਰਨਾ ਸ਼ੁਰੂ ਕੀਤਾ :—

"ਏਤੀ ਮਾਰ ਪਈ ਕੁਰਲਾਣੇ"
"ਏਤੀ ਮਾਰ ਪਈ ਕੁਰਲਾਣੇ"

ਹੇ ਪਾਤਿਸ਼ਾਹ !

"ਤੈਂ ਕੀ ਦਰਦ ਨ ਆਇਆ"?

ਪਾਤਿਸ਼ਾਹ

"ਤੈਂ ਕੀ ਦਰਦ ਨ ਆਇਆ"?

ਜੇ ਰਣ-ਭੂਮੀ ਵਿਚ ਤਲਵਾਰ ਫੜ ਕੇ ਸੂਰਮੇ ਸੂਰਮੇ ਲਹੂ ਦੀ ਹੋਲੀ ਖੇਡਣ ਤਾਂ ਇਸ ਵਿਚ ਇਤਨਾ ਗਿਲ੍ਹਾ ਨਹੀਂ । ਪਰ ਜੇ ਸ਼ੇਰ ਗਾਈਆਂ ਦੇ ਵੱਗ ਉਤੇ ਆ ਪਏ ਤਾਂ ਉਸ ਵੇਲੇ ਗੁੱਜਰ ਨੇ ਆਪਣਾ ਫ਼ਰਜ਼ ਨਿਬਾਹੁਣਾ ਹੁੰਦਾ ਹੈ ।

ਜੇ ਸਕਤਾ ਸਕਤੇ ਕਉ ਮਾਰੈ, ਤਾਂ ਮਨਿ ਰੋਸੁ ਨ ਹੋਈ ॥
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈਂ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀਂ; ਮੁਇਆ ਸਾਰ ਨ ਕਾਈ" ॥

ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਠਰ੍ਹੰਮੇ ਨਾਲ ਸਹਿਜੇ ਸਹਿਜੇ ਇਕ ਇਕ ਲਫ਼ਜ਼ ਉੱਤੇ ਅਟਕ ਕੇ ਪੜ੍ਹੋ । ਇਹ ਓਥੇ ਉਚਾਰੇ ਗਏ, ਜਿੱਥੇ ਚੁਫੇਰੇ ਲੋਥਾਂ ਦੇ ਢੇਰ ਲਗੇ ਹੋਏ ਸਨ, ਇਹ ਉਸ ਸੈਦਪੁਰ ਵਿਚ ਉਚਾਰੇ ਗਏ ਜਿਹੜਾ ਹੁਣ "ਮਾਸਪੁਰੀ" ਬਣ ਚੁੱਕਿਆ ਸੀ, ਜਿਹੜਾ ਲਾਸ਼ਾਂ ਦਾ ਸ਼ਹਿਰ ਬਣ ਚੁੱਕਿਆ ਸੀ; ਇਹ ਓਥੇ ਉਚਾਰੇ ਗਏ ਜਿੱਥੇ ਮੁਗ਼ਲ ਬੁਚੜਿਆਂ ਦੀ ਨਿਰਦਈ ਤਲਵਾਰ ਨਾਲ ਗਲੀਆਂ ਤੇ ਬਾਜ਼ਾਰ ਨਿਹੱਥੇ ਹਿੰਦੁਸਤਾਨੀਆਂ ਦੇ ਲਹੂ ਨਾਲ ਚਿਪਚਿਪ ਕਰ ਰਹੇ ਸਨ । ਕਿਤਨਾ ਭਿਆਨਕ ਦ੍ਰਿਸ਼ ਸੀ । ਸ਼ਬਦ ਇਹ ਹਨ :

੧. ਆਸਾ ਮਹਲਾ ੧

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ ॥ [ਬੀੜ ਪੰਨਾ ੩੬੦]

੨. ਆਸਾ ਮਹਲਾ ੧ ਅਸਟਪਦੀਆ

ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ ॥ [ਬੀੜ ਪੰਨਾ ੪੧੭]

੩. ਆਸਾ ਮਹਲਾ ੧ ਅਸਟਪਦੀਆ

ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ ॥ [ਬੀੜ ਪੰਨਾ ੪੧੭]

ਜੇ ਸੈਦਪੁਰ ਦਾ ਘੱਲੂਘਾਰਾ ਅੱਖਾਂ ਅੱਗੇ ਲਿਆਉਣਾ ਹੈ ਤਾਂ ਇਹਨਾਂ ਸ਼ਬਦਾਂ ਨੂੰ ਗਹੁ ਨਾਲ ਮੁੜ ਮੁੜ ਪੜ੍ਹੋ, ਧਿਆਨ ਨਾਲ ਪੜ੍ਹੋ ।

ਜਦੋਂ ਗੁਰੂ ਨਾਨਕ ਦੇਵ ਜੀ ਸੈਦਪੁਰ ਅੱਪੜੇ ਸਨ, ਤਦੋਂ ਬਾਬਰ ਭੀ ਮਾਰੋ-ਮਾਰ ਕਰਦਾ ਕਾਬਲ ਵੱਲੋਂ ਫ਼ੌਜ ਲੈ ਕੇ ਚੜ੍ਹੀ ਆ ਰਿਹਾ ਸੀ । ਸਿਆਲਕੋਟ ਪਹੁੰਚ ਗਿਆ, ਪਰ ਸੈਦਪੁਰ ਦੇ ਪਠਾਣ ਹਾਕਮਾਂ ਦੇ ਕੰਨਾਂ ਉੱਤੇ ਜੂੰ ਭੀ ਨਾਂਹ ਸਰਕੀ । ਨਿੱਤ ਸ਼ਰਾਬਾਂ ਵਿਚ ਮਸਤ ਹਾਕਮਾਂ ਨੇ ਆਪਣੇ ਅਤੇ ਸ਼ਹਿਰ ਦੇ ਬਚਾਓ ਲਈ ਕੋਈ ਫ਼ੌਜੀ ਤਿਆਰੀ ਨਾਂਹ ਕੀਤੀ । ਪ੍ਰਤੱਖ ਦਿਸ ਰਹਿਆ ਸੀ ਕਿ ਸੈਦਪੁਰ ਦੇ ਮੰਦੇ ਦਿਨ ਆ ਰਹੇ ਸਨ । ਜੇ ਗੁਰੂ ਨਾਨਕ ਦੇਵ ਜੀ ਚਾਹੁੰਦੇ ਤਾਂ ਆ ਰਹੀ ਬਿਪਤਾ ਤੋਂ ਬਚਣ ਲਈ ਸ਼ਹਿਰੋਂ ਲਾਂਭੇ ਦੁਰੇਡੇ ਚਲੇ ਜਾਂਦੇ । ਪਰ ਇਸ ਨੂੰ ਦੁਖੀਆਂ ਦਾ ਦਰਦ ਵੰਡਣਾ ਨਾਂਹ ਕਿਹਾ ਜਾ ਸਕਦਾ । ਸਤਿਗੁਰੂ ਜੀ ਭਾਈ ਮਰਦਾਨੇ ਸਮੇਤ ਸ਼ਹਿਰ ਵਿਚ ਹੀ ਭਾਈ ਲਾਲੋ ਦੇ ਘਰ ਟਿਕੇ ਰਹੇ । ਉਂਞ ਉਹਨਾਂ ਸਾਰੇ ਸ਼ਹਿਰ-ਵਾਸੀਆਂ ਨੂੰ ਖ਼ਬਰਦਾਰ ਕਰਨ ਲਈ ਭਾਈ ਮਰਦਾਨੇ ਦੀ ਰਬਾਬ ਉੱਤੇ ਉੱਚੀ ਪੁਕਾਰ ਕੇ ਇਉਂ ਆਖ ਦਿੱਤਾ ਸੀ :—

ਤਿਲੰਗੁ ਮਹਲਾ ੧ "ਜੈਸੀ ਮੈ ਆਵੈ ਖਸਮ ਕੀ ਬਾਣੀ

ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ

ਜੋਰੀ ਮੰਗੈ ਦਾਨੁ ਵੇ ਲਾਲੋ ॥' [ਪੰਨਾ ੭੨੨]

**ਕਰਤਾਰਪੁਰ—**

ਉੱਜੜੇ-ਪੁੱਜੜੇ ਹੋਏ, ਸਹਿਮੇ ਹੋਏ ਡੌਰ-ਭੌਰੇ ਲੋਕਾਂ ਨੂੰ ਢਾਰਸ ਦੇਣ ਵਾਸਤੇ ਇਹ ਜ਼ਰੂਰੀ ਸੀ ਕਿ ਦਿਲ ਵਿਚ ਦੁਖੀਆਂ ਵਾਸਤੇ ਦਰਦ ਰੱਖਣ ਵਾਲਾ ਗੁਰੂ ਨਾਨਕ ਕੁਝ ਦਿਨ ਉਹਨਾਂ ਕੋਲ ਟਿਕਿਆ ਰਹੇ ।

ਲੋਥਾਂ ਨਾਲ ਸ਼ਹਿਰ ਦਾ ਵਾਯੂ-ਮੰਡਲ ਗੰਦਾ ਹੋ ਚੁੱਕਾ ਸੀ । ਇਸ ਦੀ ਸਫ਼ਾਈ ਭੀ ਜ਼ਰੂਰੀ ਸੀ । ਇਹ ਸਭ ਕੁਝ ਕਰਨ ਕਰਾਣ ਵਾਸਤੇ ਲੋੜ ਅਨੁਸਾਰ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਸੈਦਪੁਰ ਵਿਚ ਕੁਝ ਦਿਨ ਹੋਰ ਟਿਕੇ ਰਹੇ ।

ਸੰਸਾਰਕ ਦੁੱਖਾਂ ਦੀਆਂ ਸੱਟਾਂ ਭਾਵੇਂ ਕਿਤਨੇ ਹੀ ਡੂੰਘੇ ਜ਼ਖਮ ਕਰ ਦੇਣ, ਸਮਾ ਉਹਨਾਂ ਫੱਟਾਂ ਨੂੰ ਮੇਲਣ ਵਿਚ ਬੜੀ ਸਹਾਇਤਾ ਕਰਦਾ ਹੈ । ਇਕ ਦੂਜੇ ਦੇ ਦੁਖ ਸੁਣ ਵੇਖ ਕੇ ਢਾਰਸ ਬੱਝਣੀ ਸ਼ੁਰੂ ਹੋ ਜਾਂਦੀ ਹੈ । ਸੈਦਪੁਰੀ ਲੋਕ ਸਹਿਜੇ ਸਹਿਜੇ ਆਪਣੇ ਕਾਰ-

ਵਿਹਾਰ ਵੱਲ ਧਿਆਨ ਦੇਣ ਲੱਗ ਪਏ। ਤੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਪਿੰਡਾਂ ਵਿਚੋਂ ਦੀ ਸਹਿਜੇ ਸਹਿਜੇ ਲੰਘਦੇ ਹੋਏ ਕਰਤਾਰਪੁਰ ਆ ਪਹੁੰਚੇ। ਉੱਘੇ ਨਗਰ ਰਸਤੇ ਵਿਚ ਪਸਰੂਰ ਤੇ ਨਾਰੋਵਾਲ ਹੀ ਸਨ।

ਰੁੱਤ ਗਰਮੀਆਂ ਦੀ ਲੰਘ ਰਹੀ ਸੀ। ਸੰਨ ੧੫੧੮ ਦੀ ਵਰਖਾ-ਰੁੱਤ ਲੰਘਾ ਕੇ ਸਤਿਗੁਰੂ ਜੀ ਭਾਈਮਰਦਾਨੇ ਨੂੰ ਨਾਲ ਲੈ ਕੇ ਮੱਕੇ ਦੇ ਲੰਮੇ ਪੈਂਡਿਆਂ ਵਾਸਤੇ ਕਰਤਾਰਪੁਰ ਤੋਂ ਤੁਰੇ ਸਨ। ਸੰਨ ੧੫੨੧ ਦੀਆਂ ਗਰਮੀਆਂ ਲੰਘਾ ਕੇ ਵਾਪਸ ਆ ਅੱਪੜੇ। ਤਿੰਨ ਸਾਲਾਂ ਦੀ ਇਹ ਤੀਜੀ 'ਉਦਾਸੀ' ਸੀ। ਸਿੱਖ-ਇਤਿਹਾਸ ਅਨੁਸਾਰ ਸਤਿਗੁਰੂ ਜੀ, ਮੱਘਰ ਸੰਮਤ ੧੫੭੮ (ਨਵੰਬਰ ੧੫੨੧) ਨੂੰ ਵਾਪਸ ਕਰਤਾਰਪੁਰ ਪਹੁੰਚੇ।

ਸੰਨ ੧੫੧੬ ਦੇ ਸ਼ੁਰੂ ਵਿਚ ਪਿੰਡ ਕਰਤਾਰਪੁਰ ਵਸਾਇਆ ਗਿਆ ਸੀ। ਪਰ ਅਜੇ ਤਕ ਸਤਿਗੁਰੂ ਜੀ ਨੂੰ ਓਥੇ ਟਿਕ ਕੇ ਬੈਠਣ ਦਾ ਮੌਕਾ ਨਹੀਂ ਸੀ ਮਿਲਿਆ। ਸੰਨ ੧੫੨੧ ਦੀਆਂ ਗਰਮੀਆਂ ਲੰਘ ਗਈਆਂ। ਸਤਿਗੁਰੂ ਜੀ ਦੀ ਉਮਰ ਉਸ ਵੇਲੇ ਤਕ ਬਵੰਜਾ ਸਾਲਾਂ ਤੋਂ ਟੱਪ ਚੁੱਕੀ ਸੀ। ਹਿੰਦੂ-ਤੀਰਥ, ਜੋਗੀਆਂ ਦੇ ਮੱਠ, ਇਸਲਾਮੀ ਧਰਮ-ਕੇਂਦਰ—ਇਹੀ ਸਨ ਤਿੰਨ ਵੱਡੇ ਵੱਡੇ ਟਿਕਾਣੇ, ਜਿੱਥੇ ਅੱਪੜ ਕੇ ਧਾਰਮਿਕ ਆਗੂਆਂ ਨੂੰ ਅਤੇ ਆਮ ਲੋਕਾਂ ਨੂੰ, ਜੀਵਨ-ਸਫ਼ਰ ਦੀਆਂ ਉਕਾਈਆਂ ਵੱਲੋਂ, ਠੇਡਿਆਂ ਵੱਲੋਂ, ਸੁਚੇਤ ਕੀਤਾ ਜਾ ਸਕਦਾ ਸੀ। ਇਹ ਮਹਾਨ ਕੰਮ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਸਮੇਤ ਬਾਰਾਂ ਸਾਲ ਪੈਂਡੇ ਮਾਰ ਕੇ ਗਿਆਰਾਂ ਬਾਰਾਂ ਹਜ਼ਾਰ ਮੀਲਾਂ ਦੇ ਲੰਮੇ ਸਫ਼ਰ ਝਾਗੇ।

ਹੁਣ ਕਰਤਾਰਪੁਰ ਵਿਚ ਕੁਝ ਚਿਰ ਟਿਕ ਕੇ ਬੈਠਣਾ ਭੀ ਜ਼ਰੂਰੀ ਸੀ।

ਮੇਲਿਓਂ ਬਾਬਾ ਉੱਠਿਆ ਮੁਲਤਾਨੇ ਦੀ ਜ਼ਿਆਰਤ ਜਾਈ। (ਭਾਈ ਗੁਰਦਾਸ)

**ਅਚਲ ਵਟਾਲਾ**

ਜ਼ਿਲਾ ਗੁਰਦਾਸਪੁਰ ਵਿਚ ਵਟਾਲੇ ਤੋਂ ਦੱਖਣ ਵਾਲੇ ਪਾਸੇ ਜਾਣ ਵਾਲੀ ਸੜਕ ਉੱਤੇ ਵਟਾਲੇ ਤੋਂ ਤਿੰਨਾਂ ਮੀਲਾਂ ਦੇ ਫ਼ਾਸਲੇ ਉੱਤੇ ਮਹਾਦੇਵ ਦਾ ਮੰਦਿਰ ਹੈ। ਮੰਦਿਰ ਦਾ ਨਾਮ 'ਅਚਲ' ਹੈ ਜੋ ਸੜਕ ਤੋਂ ਖੱਬੇ ਪਾਸੇ ਦੋ ਕੁ ਫਰਲਾਂਗਾਂ ਦੀ ਵਿੱਥ ਉੱਤੇ ਹੈ। ਮੰਦਿਰ ਦੇ ਨਾਮ ਉੱਤੇ ਹੀ ਪਿੰਡ ਦਾ ਨਾਮ ਭੀ 'ਅਚਲ' ਹੀ ਹੈ। ਮੰਦਰ ਇਕ ਛੋਟੇ ਜਿਹੇ ਤਾਲਾਬ ਦੇ ਵਿਚਕਾਰ ਬਣਿਆ ਹੋਇਆ ਹੈ।

ਇੱਥੇ ਹਰ ਸਾਲ ਸ਼ਿਵਰਾਤ੍ਰੀ ਦੇ ਮੌਕੇ ਉੱਤੇ ਮੇਲਾ ਲਗਦਾ ਹੈ। ਜਦੋਂ ਦੇਸ਼ ਵਿਚ ਜੋਗੀਆਂ ਸਿੱਧਾਂ ਦਾ ਬੜਾ ਪ੍ਰਭਾਵ ਸੀ, ਤਦੋਂ ਜੋਗੀ--ਲੋਕ, ਸਿੱਧ--ਲੋਕ ਦੂਰੋਂ ਦੂਰੋਂ ਇਸ ਮੇਲੇ ਉੱਤੇ ਆਇਆ ਕਰਦੇ ਸਨ। ਸ਼ਿਵਰਾਤ੍ਰੀ ਫੱਗਣ ਵਦੀ ੧੪ ਨੂੰ ਆਉਂਦੀ ਹੈ।

ਕਰਤਾਰਪੁਰ ਤੋਂ ਅਚਲ ਪੰਝੀ ਕੁ ਮੀਲ ਉੱਤੇ ਹੈ। 'ਮਹਾਨਕੋਸ਼ ਦੇ ਕਰਤਾ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਸੰਮਤ ੧੫੮੬ ਦੀ ਸ਼ਿਵਰਾਤ੍ਰੀ ਸਮੇਂ 'ਅਚਲ' ਗਏ ਸਨ (ਮਾਰਚ ਸੰਨ ੧੫੩੦ ਨੂੰ)। ਤਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ ੬੧ ਸਾਲ ਸੀ।

ਦੂਜੀ 'ਉਦਾਸੀ' ਸਮੇਂ ਗੁਰੂ ਨਾਨਕ ਦੇਵ ਜੀ ਵੈਸ਼ਨੋਦੇਵੀ ਵਾਲੇ ਪਹਾੜ ਤੋਂ ਅਗਾਂਹ ਲੰਘ ਕੇ ਸਿੱਧਾਂ ਜੋਗੀਆਂ ਨੂੰ ਜਦੋਂ ਸੁਮੇਰ ਪਰਬਤ ਉੱਤੇ ਮਿਲੇ ਸਨ, ਤਦੋਂ ਥੋੜੇ ਹੀ ਦਿਨਾਂ ਪਿਛੋਂ ਸ਼ਿਵਰਾਤ੍ਰੀ ਦਾ ਮੇਲਾ ਆਉਣ ਵਾਲਾ ਸੀ। ਪਹਾੜੀ ਇਲਾਕੇ ਵਿਚ ਅਜੇ ਕਾਫ਼ੀ ਸਰਦੀ ਸੀ। ਗੁਰੂ ਨਾਨਕ ਦੇਵ ਜੀ ਨੂੰ ਅਤੇ ਭਾਈ ਮਰਦਾਨੇ ਨੂੰ ਸਾਧਾਰਣ ਜਿਹੇ ਫ਼ਕੀਰੀ ਕਪੜਿਆਂ ਵਿਚ ਵੇਖਕੇ ਉਨ੍ਹਾਂ ਸਿੱਧਾਂ ਨੂੰ ਪਹਿਲੀ ਹੈਰਾਨੀ ਇਹੀ ਹੋਈ ਸੀ ਕਿ ਇਤਨੇ ਠੰਡੇ ਥਾਂ ਉਹ ਭਾਰੇ ਗਰਮ ਕਪੜਿਆਂ ਤੋਂ ਬਿਨਾਂ ਕਿਵੇਂ ਜਾ ਪਹੁੰਚੇ ਸਨ, ਫੇਰ, ਰਸਤੇ ਭੀ ਬੜੇ ਬਿਖੜੇ, ਜਿੱਥੋਂ ਦੀ ਇਕੱਲੇ ਦੁਕੱਲੇ ਦਾ ਲੰਘਣਾ ਖ਼ਤਰਿਆ ਤੋਂ ਖਾਲੀ ਨਹੀਂ ਸੀ। ਤੀਜੀ ਉਦਾਸੀ ਮੁਕਾ ਕੇ ਸਤਿਗੁਰੂ ਜੀ ਨੇ ਫ਼ਕੀਰੀ ਕਪੜੇ ਉਤਾਰ ਦਿੱਤੇ ਸਨ; ਲੋੜ ਨਹੀਂ ਸੀ ਰਹੀ। 'ਉਦਾਸੀਆਂ' ਦੇ ਲੰਮੇ ਪੈਂਡਿਆਂ ਵਿਚ ਤਾਂ ਇਹ ਜ਼ਰੂਰੀ ਸੀ ਕਿ ਘੱਟ ਤੋਂ ਘੱਟ ਸਾਮਾਨ ਆਪਣੇ ਨਾਲ ਰੱਖਣ।

ਸ਼ਿਵਰਾਤ੍ਰੀ ਦਾ ਮੇਲਾ ਜੋਗੀਆਂ ਵਾਸਤੇ ਧਾਰਮਿਕ ਸਮਾਗਮ ਸੀ। ਮੇਲਿਆਂ ਦੇ ਮੌਕੇ ਉੱਤੇ ਇਲਾਕੇ ਦੀ ਆਮ ਜਨਤਾ ਦਾ ਇਕੱਠਾ ਹੋ ਜਾਣਾ ਭੀ ਕੁਦਰਤੀ ਗੱਲ ਸੀ। ਮਠਿਆਈ ਆਦਿਕ ਵੇਚਣ ਵਾਲੇ ਦੁਕਾਨਦਾਰਾਂ ਨੇ ਭੀ ਅੱਪੜਨਾ ਹੀ ਹੋਇਆ। ਹੋਰ ਭੀ ਕਈ ਕਿਸਮ ਦੇ ਤਮਾਸ਼ੇ ਵਿਖਾਲਣ ਵਾਲੇ ਲੋਕ ਆਪਣੀ ਰੋਜ਼ੀ ਦੀ ਖ਼ਾਤਿਰ ਆ ਪਹੁੰਚਦੇ ਹਨ।

ਗੁਰੂ ਨਾਨਕ ਦੇਵ ਜੀ ਨੂੰ ਕਰਤਾਰਪੁਰ ਵਿਚ ਟਿਕਿਆਂ ਨੌ ਕੁ ਸਾਲ ਹੋ ਗਏ ਸਨ। ਰਾਵੀ ਤੋਂ ਉਰਲੇ ਪਾਸੇ ਇਤਨੇ ਚਿਰ ਵਿਚ ਕਈ ਚੱਕਰ ਲਾ ਚੁੱਕੇ ਸਨ। ਸਤਿਗੁਰੂ ਜੀ ਦੀ ਦੱਸੀ ਹੋਈ ਸਿੱਧੀ-ਪੱਧਰੀ ਜੀਵਨ-ਮਰਯਾਦਾ ਨੇ ਲੋਕਾਂ ਦੇ ਦਿਲਾਂ ਵਿਚ ਆਪਣਾ ਘਰ ਬਣਾ ਲਿਆ ਹੋਇਆ ਸੀ।

ਜਦੋਂ ਆਲੇ ਦੁਆਲੇ ਦੇ ਪਿੰਡਾਂ ਵਿਚ ਲੋਕਾਂ ਨੂੰ ਪਤਾ ਲੱਗਾ ਕਿ ਐਤਕੀ ਸ਼ਿਵਰਾਤ੍ਰੀ ਦੇ ਮੇਲੇ ਤੇ ਗੁਰੂ ਨਾਨਕ ਦੇਵ ਜੀ ਭੀ ਆਏ ਹਨ ਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤੇ ਲੋਕ ਉਨ੍ਹਾਂ ਵਾਲੇ ਪਾਸੇ ਹੀ ਆ ਇਕੱਠੇ ਹੋਏ। ਜੋਗੀਆਂ ਵਾਲੇ ਪਾਸੇ ਬਹੁਤੀ ਭੀੜ ਨਾ ਬਣ ਸਕੀ। ਸਿੱਧਾਂ ਜੋਗੀਆਂ ਨੂੰ ਇਸ ਦੀ ਚੋਭ ਲੱਗਣੀ ਹੀ ਸੀ। ਉਹ ਬੜੇ ਖਿਝੇ। ਗੁਰੂ ਨਾਨਕ ਦੇਵ ਜੀ ਦੇ ਟਿਕਾਣੇ ਤੋਂ ਨੇੜੇ ਹੀ ਰਾਸਧਾਰੀ ਭੀ ਤਮਾਸ਼ਾ ਵਿਖਾ ਰਹੇ ਸਨ। ਜੋਗੀ ਆਪਣੇ ਵਲ ਲੋਕਾਂ ਦੀ ਅਰੁਚੀ ਵੇਖ ਕੇ ਉਥੇ ਆ ਪਹੁੰਚੇ ਜਿੱਥੇ ਸਤਿਗੁਰੂ ਜੀ ਬੈਠੇ ਹੋਏ ਸਨ। ਨੇੜੇ ਹੀ ਸਨ ਰਾਸਧਾਰੀਏ, ਤਮਾਸ਼ਾ ਵਿਖਾ ਰਹੇ। ਲੋਕਾਂ ਉੱਤੇ ਦਬਾਉ ਪਾਣ ਲਈ ਜੋਗੀਆਂ ਕੋਲ ਇਕੋ ਇਕ ਹਥਿਆਰ ਸੀ—ਕਰਾਮਾਤਾਂ। ਕਰਾਮਾਤ ਦੇ ਜ਼ੋਰ ਜੋਗੀਆਂ ਨੇ ਉਨ੍ਹਾਂ ਗਰੀਬ ਰਾਸਧਾਰੀਆਂ ਦਾ ਲੋਟਾ ਲੁਕਾ ਦਿੱਤਾ, ਜਿਸ ਵਿਚ ਉਹ ਤਮਾਸ਼ਬੀਨਾਂ ਤੋਂ ਮਿਲੇ ਪੈਸੇ-ਟਕੇ ਇਕੱਠੇ ਕਰੀ ਜਾ ਰਹੇ ਸਨ। ਲੋਟਾ ਗੁੰਮ ਹੋ ਜਾਣ ਤੇ ਵਿਚਾਰਿਆਂ ਦੀ ਹੈਰਤ ਗੁੰਮ ਹੋ ਗਈ। ਪਰ ਗਰੀਬਾਂ ਦੇ ਸਦਾ ਦਰਦੀ ਗੁਰੂ ਨਾਨਕ ਪਾਤਿਸ਼ਾਹ ਨੇ ਉਨ੍ਹਾਂ ਦਾ ਗੁੰਮ ਹੋਇਆ ਲੋਟਾ ਮਾਇਆ ਸਮੇਤ ਉਸੇ ਵੇਲੇ ਲੱਭ ਕੇ ਉਨ੍ਹਾਂ ਦੇ ਹੱਥ ਫੜਾਇਆ। ਗਰੀਬ ਰਾਸਧਾਰੀਏ ਗੁਰੂ ਨਾਨਕ ਪਾਤਿਸ਼ਾਹ ਨੂੰ ਅਸੀਸਾਂ ਦੇਣ ਲਗ ਪਏ, ਸਿਰ ਨਿਵਾਣ ਲਗ ਪਏ। ਤਮਾਸ਼ਾ ਵੇਖ ਰਹੇ ਲੋਕਾਂ ਨੇ ਜੋਗੀਆਂ ਦੀ ਕਰਤੂਤ ਉੱਤੇ ਹਾਸਾ ਉਡਾਇਆ। ਜੋਗੀ ਬੜੇ ਠਿੱਠ ਹੋਏ।

ਇਸ ਕਰਾਮਾਤ ਦੇ ਰਾਹੀਂ ਜੋਗੀ ਬਾਜ਼ੀ ਹਾਰ ਗਏ। ਲੋਕਾਂ ਉੱਤੇ ਸਗੋਂ ਉਲਟਾ ਅਸਰ ਹੋਇਆ। ਹੁਣ ਉਨ੍ਹਾਂ ਦੂਜਾ ਹਥਿਆਰ ਵਰਤਿਆ—ਬਹਿਸ ਦਾ, ਸ਼ਾਸਤ੍ਰਾਰਥ ਦਾ। ਭਰੇ ਮੇਲੇ ਵਿਚ ਲੋਕਾਂ ਉੱਤੇ ਪ੍ਰਭਾਵ ਪਾਣ ਲਈ ਇਕ ਜੋਗੀ ਨੇ ਇਕ ਤਰਕ ਕੀਤੀ ਕਿ ਇਕ ਵਾਰੀ ਫ਼ਕੀਰੀ ਧਾਰਨ ਕਰਕੇ ਮੁੜ ਗ੍ਰਿਹਸਤੀ ਜਾ ਬਣਨਾ ਕੋਝਾ ਰਸਤਾ ਹੈ। ਇਹ ਤਾਂ ਦੁੱਧ ਵਿਚ ਕਾਂਜੀ ਪਾਕੇ ਦੁੱਧ ਨੂੰ ਖ਼ਰਾਬ ਕਰ ਲੈਣ ਵਾਲੀ ਗੱਲ ਹੋਈ।ਸਤਿਗੁਰੂ ਜੀ ਨੇ ਠਰ੍ਹੰਮੇ ਨਾਲ ਜੋਗੀ ਨੂੰ ਸਮਝਾਇਆ ਕਿ ਗ੍ਰਿਹਸਤ ਛੱਡ ਕੇ ਫਿਰ ਗ੍ਰਿਹਸਤੀਆਂ ਦੇ ਘਰੀਂ ਹੀ ਰੋਟੀ ਵਾਸਤੇ ਰੁਲਦੇ ਫਿਰਨਾ ਹਾਸੋ-ਹੀਣੀ ਫ਼ਕੀਰੀ ਹੈ। ਇਹ ਕਾਹਦਾ ਹੋਇਆ ਤਿਆਗ ?

ਨਿਰੁੱਤਰ ਹੋ ਕੇ ਜੋਗੀ ਫਿਰ ਰਿੱਧੀਆਂ ਸਿੱਧੀਆਂ ਵਿਖਾਣ ਲਗ ਪਏ। ਵਿਚਾਰੇ ਅੰਦਰੋਂ ਖਿੱਝੇ ਹੋਏ ਕਿ ਲੋਕਾਂ ਦੇ ਦਿਲਾਂ ਵਿਚੋਂ ਉਨ੍ਹਾਂ ਦੀ ਕਦਰ ਜਾਂਦੀ ਰਹੀ। ਆਖ਼ਰ ਥਕ-ਟੁੱਟ ਕੇ ਗੁਰੂ ਨਾਨਕ ਦੇਵ ਜੀ ਨੂੰ ਵੰਗਾਰਿਓ ਨੇ ਕਿ ਹੁਣ ਤੁਸੀਂ ਭੀ ਕੋਈ ਕਰਾਮਾਤ ਵਿਖਾਓ। ਸਤਿਗੁਰੂ ਜੀ ਨੇ ਸ਼ਾਂਤ-ਚਿੱਤ ਰਹਿ ਕੇ ਸਿਰਫ਼ ਇਹ ਹੀ ਆਖਿਆ ਕਿ ਸਾਧ ਸੰਗਤਿ ਅਤੇ ਗੁਰਬਾਣੀ ਦਾ ਆਸਰਾ ਲੈਣਾ ਹੀ ਜ਼ਿੰਦਗੀ ਦਾ ਠੀਕ ਰਸਤਾ ਹੈ। ਸਭ ਤੋਂ ਵੱਡੀ ਕਰਾਮਾਤ ਹੈ ਹੀ ਇਹ ਕਿ ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਇਆ ਜਾਏ। ਪਰਮਾਤਮਾ ਦੇ ਨਾਮ ਤੋਂ ਸੁੰਞੇ ਰਹਿ ਕੇ ਲੋਕਾਂ ਉਤੇ ਦਬਾਉ ਪਾਣ ਵਾਲੀਆਂ ਕਰਾਮਾਤਾਂ ਤਾਂ ਬਦਲਾਂ ਦੀ ਛਾਂ ਵਰਗੀਆਂ ਹੀ ਹਨ।

ਵੇਖਣ ਸੁਣਨ ਵਾਲੇ ਲੋਕਾਂ ਦੇ ਮਨ ਲੱਗੀ ਇਹ ਗੱਲ। ਹਠ ਛਡ ਕੇ ਵਿਚਾਰ ਕਰਨ ਵਾਲੇ ਸਿੱਧਾਂ ਜੋਗੀਆਂ ਨੂੰ ਭੀ ਇਹੀ ਰਸਤਾ ਸਹੀ ਜਾਪਿਆ।

ਸ਼ਿਵਰਾਤ੍ਰੀ ਦੇ ਮੌਕੇ ਤੇ ਸਿਧਾਂ ਨਾਲ ਅਚਲ-ਵਟਾਲੇ ਜਿਹੜੀ ਚਰਚਾ ਹੋਈ ਸੀ, ਸਤਿਗੁਰੂ ਜੀ ਨੇ ਉਹ ਸਾਰੀ ਕਰਤਾਰਪੁਰ ਵਾਪਸ ਆ ਕੇ ਬਾਣੀ ਦੇ ਰੂਪ ਵਿਚ ਲਿਖ ਦਿੱਤੀ। ਉਸ ਬਾਣੀ ਦਾ ਨਾਮ ਹੈ "ਸਿਧ ਗੋਸਟਿ"। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਦਰਜ ਹੈ। [ਪੜ੍ਹੋ ਮੇਰਾ ਟੀਕਾ]।

ਭਾਈ ਗੁਰਦਾਸ ਜੀ ਨੇ ਉਸ ਸਾਰੀ ਵਾਰਤਾ ਨੂੰ ਆਪਣੀ ਪਹਿਲੀ 'ਵਾਰ' ਦੀਆਂ ਪਉੜੀਆਂ ਨੰ: ੩੯, ੪੦, ੪੧, ੪੨, ੪੩ ਵਿਚ ਇਉਂ ਬਿਆਨ ਕੀਤਾ ਹੈ :—

'ਮੇਲਾ ਸੁਣਿ ਸ਼ਿਵਰਾਤਿ ਦਾ, ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣ ਕਾਰਣੇ, ਸਗਲੀ ਉਲਟਿ ਪਈ ਲੋਕਾਈ।
ਲੱਗੀ ਬਰਸਣਿ ਲਛਮੀ, ਰਿੱਧਿ ਸਿੱਧਿ ਨਉ ਨਿਧਿ ਸਵਾਈ।
ਜੋਗੀ ਵੇਖਿ ਚਲਿਤ੍ਰ ਨੋ, ਮਨ ਵਿਚਿ ਰਿਸਕ ਘਨੇਰੀ ਖਾਈ।
ਭਗਤੀਆਂ ਪਾਈ ਭਗਤਿ ਆਨਿ, ਲੋਟਾ ਜੋਗੀ ਲਇਆ ਛਪਾਈ।
ਭਗਤੀਆਂ ਗਈ ਭਗਤਿ ਭੁੱਲਿ, ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣੁ ਪੁਰਖੁ, ਕੱਢਿਆ ਲੋਟਾ ਜਹਾਂ ਲੁਕਾਈ।
ਵੇਖਿ ਚਲਿਤ੍ਰ ਜੋਗੀ ਖੁਣਸਾਈ ।੩੯।
ਖਾਧੀ ਖੁਣਸ ਜੋਗੀਸਰਾਂ, ਗੋਸ਼ਟਿ ਕਰਨ ਸਭੇ ਉਠਿ ਆਈ।
ਪੁੱਛੇ ਜੋਗੀ ਭੰਗਰਨਾਥੁ, ਤੁਹਿ ਦੂਧਿ ਵਿਚਿ ਕਿਉਂ ਕਾਂਜੀ ਪਾਈ।

ਫਿੱਟਿਆ ਚਾਟਾ ਦੁੱਧ ਦਾ, ਰਿੜਕਿਆ ਮੱਖਣੁ ਹੱਥਿ ਨਾ ਆਈ!
ਭੇਖੁ ਉਤਾਰਿ ਉਦਾਸ ਦਾ, ਵਤ ਕਿਉਂ ਸੰਸਾਰੀ ਰੀਤਿ ਚਲਾਈ।
ਨਾਨਕੁ ਆਖੈ, ਭੰਗ੍ਰਨਾਥ, ਤੇਰੀ ਮਾਂਉ ਕੁਚੱਜੀ ਆਈ।
ਭਾਂਡਾ ਧੋਇ ਨਾ ਜਾਤਿਓਨੁ, ਭਾਇ ਕੁਚੱਜੈ ਫੁੱਲੁ ਸੜਾਈ।
ਹੋਇ ਅਤੀਤੁ ਗ੍ਰਿਹਸਤੁ ਤਜਿ, ਫਿਰਿ ਉਨਹੂ ਕੇ ਘਰ ਮੰਗਣ ਜਾਈ।
ਬਿਨੁ ਦਿੱਤੇ ਕਿਛੁ ਹੱਥਿ ਨ ਆਈ।੪੦।

ਏਹੁ ਸੁਣਿ ਬਚਨੁ, ਜੋਗੀਸ਼ਰਾਂ ਮਾਰਿ ਕਿਲਕ ਬਹੁ ਰੂਅ ਉਠਾਈ।
ਖਟ ਦਰਸਨ ਕਉ ਖੇਟਿਆ, ਕਲਿਜੁਗਿ ਬੇਦੀ ਨਾਨਕਿ ਆਈ।
ਸਿੱਧ ਬੋਲਨ ਸਭਿ ਅਉਖਧੀਆ, ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪੁ ਵਟਾਇਆ ਜੋਗੀਆਂ, ਸਿੰਘ ਬਾਘ ਬਹੁ ਚਲਿਤ ਦਿਖਾਈ।
ਇਕਿ ਪਰ ਕਰਿ ਕੈ ਉੱਡਰਨਿ, ਪੰਖੀ ਜਿਵੇਂ ਰਹੇ ਲੀਲਾਈ।
ਇਕਿ ਨਾਗ ਹੋਏ ਪਵਨੁ ਛੋਡਿ, ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗ੍ਰਨਾਥਿ, ਇਕਿ ਚੜਿ ਮਿਰਗਾਣੀ ਜਲਿ ਤਰਿ ਜਾਈ।
ਸਿੱਧਾਂ ਅਗਨਿ ਨ ਬੁਝੈ ਬੁਝਾਈ।੪੧।

ਸਿੱਧ ਬੋਲੇ, ਸੁਣਿ ਨਾਨਕਾ! ਤੁਹਿ ਜਗ ਨੂੰ ਕਰਾਮਾਤ ਦਿਖਲਾਈ।
ਕੁਝ ਦਿਖਾਇ ਅਸਾਨੂੰ ਭੀ, ਤੂੰ ਕਿਉਂ ਢਿੱਲ ਅਜੇਹੀ ਲਾਈ।
ਬਾਬਾ ਬੋਲੇ, ਨਾਥ ਜੀ! ਅਸਾਂ ਵੇਖੇ ਜੋਗੀ ਵਸਤੁ ਨ ਕਾਈ।
[ਜੋਗੀਆਂ ਨੂੰ ਵਿਖਾਲਣ ਲਈ ਸਾਡੇ ਪਾਸ ਕਰਾਮਾਤ ਆਦਿਕ ਕੋਈ ਵਸਤੂ ਨਹੀਂ]
ਗੁਰਸੰਗਤਿ ਬਾਣੀ ਬਿਨਾ, ਦੂਜੀ ਓਟ ਨਹੀਂ ਹੈ ਰਾਈ।
ਸ਼ਿਵ ਰੂਪੀ ਕਰਤਾ ਪੁਰਖੁ, ਚੱਲੈ ਨਾਹੀ ਧਰਤ ਚਲਾਈ।
ਸਿੱਧ ਤੰਤ੍ਰ ਮੰਤ੍ਰ ਕਰਿ ਝੜ ਪਏ, ਸਬਦਿ ਗੁਰੂ ਕੈ ਕਲਾ ਛਪਾਈ।
ਦੱਦੈ ਦਾਤਾ ਇਕੁ ਹੈ, ਕੱਕੈ ਕੀਮਤਿ ਕਿਨੈ ਨ ਪਾਈ।
ਸੋ ਦੀਨ ਨਾਨਕ ਸਤਿਗੁਰੁ ਸਰਣਾਈ।੪੨।

ਬਾਬਾ ਬੋਲੈ, ਨਾਥ ਜੀ! ਸਬਦ ਸੁਣਹੁ ਸੱਚੁ ਮੁਖਹੁ ਅਲਾਈਂ।
ਬਾਝਹੁ ਸੱਚੇ ਨਾਮ ਦੇ, ਹੋਰ ਕਰਾਮਾਤਿ ਅਸਾਥੈ ਨਾਹੀਂ।
ਬਸਤ੍ਰ ਪਹਿਰਉਂ ਅਗਨਿ ਕੇ, ਬਰਫ਼ ਹਿਮਾਲੈ ਮੰਦਰੁ ਛਾਈਂ।
ਕਰਉਂ ਰਸੋਈ ਸਾਰ ਦੀ, ਸਗਲੀ ਧਰਤੀ ਨੱਥਿ ਚਲਾਈ।
ਏਵਡੁ ਕਰੀਂ ਵਿਥਾਰ ਕਉ, ਸਗਲ਼ੀ ਧਰਤੀ ਹੱਕੀ ਜਾਈ।
ਤੋਲੀਂ ਧਰਤਿ ਅਕਾਸੁ ਦੁਇ, ਪਿੱਛੈ ਛਾਬੈ ਟੰਕੁ ਚੜ੍ਹਾਈ।
ਏਹੁ ਬਲੁ ਰੱਖਾਂ ਆਪ ਵਿਚਿ, ਜਿਸੁ ਅੱਖਾਂ ਤਿਸੁ ਪਾਰਿ ਕਰਾਈਂ।
ਸਤਿਨਾਮ ਬਿਨੁ ਬਾਦਰ ਛਾਈ।੪੩।

ਮੁਲਤਾਨ ਦੀ ਜ਼ਿਆਰਤ

ਜਿਉਂ ਜਿਉਂ ਹਿੰਦੁਸਤਾਨ ਵਿਚ ਪਠਾਣ ਮੁਸਲਮਾਨਾਂ ਦਾ ਰਾਜ ਕਾਇਮ ਹੁੰਦਾ

ਗਿਆ, ਅਰਬ, ਈਰਾਨ ਅਫ਼ਗਾਨਿਸਤਾਨ ਦੇ ਕਈ ਸੱਯਦ-ਜ਼ਾਦੇ ਪੀਰ ਫ਼ਕੀਰ ਇਸਲਾਮ ਦਾ ਪਰਚਾਰ ਕਰਨ ਵਾਸਤੇ ਹਿੰਦੁਸਤਾਨ ਦੇ ਕਈ ਸ਼ਹਿਰਾਂ ਵਿਚ ਆ ਕੇ ਟਿਕਦੇ ਗਏ। ਸਭ ਤੋਂ ਪਹਿਲਾਂ ਇਸਲਾਮੀ ਹਕੂਮਤ ਸਿੰਧ ਵਾਲੇ ਪਾਸੇ ਤੋਂ ਸ਼ੁਰੂ ਹੋਈ ਸੀ। ਇਸ ਵਾਸਤੇ ਸ਼ਹਿਰ ਮੁਲਤਾਨ ਸ਼ੁਰੂ ਤੋਂ ਹੀ ਪੀਰਾਂ ਫ਼ਕੀਰਾਂ ਦਾ ਗੜ੍ਹ ਬਣਦਾ ਗਿਆ। ਸੋ, ਢੇਰ ਪੁਰਾਣੇ ਸਮੇਂ ਤੋਂ ਇਸ ਸ਼ਹਿਰ ਬਾਰੇ ਇਹ ਗੱਲ ਮਸ਼ਹੂਰ ਚਲੀ ਆ ਰਹੀ ਹੈ ਕਿ

**ਚਾਰ ਚੀਜ਼ਸ ਤੁਹਫ਼ਾਇ ਮੁਲਤਾਨ। ਗਰਦ ਗਰਮਾ ਗ਼ਦਾ ਉ ਗੋਰਸਤਾਨ।**

ਭਾਵ ਸ਼ਹਿਰ ਮੁਲਤਾਨ ਦੀਆਂ ਚਾਰ ਸੁਗਾਤਾਂ ਹਨ:—

੧. ਹਨੇਰੀਆਂ ਦਾ ਗਰਦਾ ੨. ਗਰਮੀ ੩. ਫ਼ਕੀਰ, ਅਨੇਕਾਂ ਹੀ ਫ਼ਕੀਰ ੪. ਕਬਰਾਂ।

ਮੁਸਲਮਾਨ ਖ਼ੁਦਾ ਪ੍ਰਸਤ ਹਨ, ਸਿਰਫ਼ ਇਕ ਖ਼ੁਦਾ ਦੀ ਬੰਦਗੀ ਕਰਦੇ ਹਨ। ਹਿੰਦੂ-ਕੌਮ ਵਿਚ ਲੱਖਾਂ ਕਰੋੜਾਂ ਬੰਦੇ ਵੱਖ-ਵੱਖ ਦੇਵਤਿਆਂ ਦੀਆਂ ਮੂਰਤੀਆਂ ਪੂਜਦੇ ਹਨ। ਮੁਸਲਮਾਨ, ਹਿੰਦੂਆਂ ਨੂੰ ਬੁਤ-ਪ੍ਰਸਤ ਆਖਦੇ ਹਨ, ਕਾਫ਼ਰ ਆਖਦੇ ਹਨ। ਤੇ, ਹਿੰਦੂਆਂ ਦੀ ਮੂਰਤੀ ਪੂਜਾ ਨੂੰ ਬੁਤ-ਪ੍ਰਸਤੀ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ। ਪਰ ਆਤਮਕ ਜੀਵਨ ਵਲੋਂ ਥੋੜੀ ਜਿਹੀ ਅਣਗਹਿਲੀ ਭੀ ਮਨੁੱਖ ਨੂੰ ਸਹੀ ਨਿਸ਼ਾਨੇ ਤੋਂ ਦੂਰ ਜਾ ਸੁੱਟਦੀ ਹੈ।

ਜਗਤ ਵਿਚ ਜੋ ਭੀ ਜੰਮਿਆ, ਹਰੇਕ ਉੱਤੇ ਆਖ਼ਰ ਉਹ ਦਿਨ ਭੀ ਅਉਂਦਾ ਹੈ ਜਦੋਂ ਮੌਤ ਉਸ ਦੀ ਜਿੰਦ ਨੂੰ ਉਸ ਦੇ ਸਰੀਰ ਵਿਚੋਂ ਵੱਖ ਕਰ ਲੈਂਦੀ ਹੈ, ਤੇ ਜਿੰਦ ਤੋਂ ਬਿਨਾਂ ਸ਼ਰੀਰ ਟਿਕਿਆ ਨਹੀਂ ਰਹਿ ਸਕਦਾ। ਹਿੰਦੂ ਸ਼ੁਰੂ ਤੋਂ ਹੀ ਆਪਣੇ ਵਿੱਛੁੜੇ ਸੱਜਣਾਂ ਦੇ ਮਿਰਤਕ ਸਰੀਰਾਂ ਨੂੰ ਅੱਗ ਦੀ ਭੇਟਾ ਕਰਦੇ ਆ ਰਹੇ ਹਨ। ਸਾੜਦੇ ਆ ਰਹੇ ਹਨ। ਇਸ ਦੇਸ਼ ਵਿਚ ਅਨੇਕਾਂ ਜੰਗਲ ਸਨ, ਲਕੜ ਦੀ ਕੋਈ ਥੁੜ ਨਹੀਂ ਸੀ। ਪਰ ਜਿਸ ਦੇਸ਼ ਵਿਚੋਂ ਜੰਮਿਆ ਇਸਲਾਮ, ਉਥੇ ਮੀਲਾਂ ਤਕ ਰੇਤ ਹੀ ਰੇਤ, ਨਾ ਉਥੇ ਪਾਣੀ ਨਾਂਹ ਜੰਗਲ। ਉਥੇ ਲੋਕਾਂ ਵਾਸਤੇ ਇਹੀ ਸਿੱਧਾ ਰਸਤਾ ਸੀ ਕਿ ਉਹ ਆਪਣੇ ਵਿੱਛੁੜੇ ਅਜ਼ੀਜ਼ਾਂ ਦੇ ਮੁਰਦੇ ਨੂੰ ਜ਼ਮੀਨ ਵਿਚ ਦੱਬਣ। ਸੋ, ਹਿੰਦੂ ਮੁਰਦੇ ਨੂੰ ਸਾੜਦੇ ਹਨ, ਮੁਸਲਮਾਨ ਦਫ਼ਨ ਕਰਦੇ ਹਨ।

ਪਰ ਮੋਹ ਮੋਹ ਹੀ ਹੈ। ਹਿੰਦੂ ਆਪਣੇ ਵਿਛੁੱੜੇ ਸੱਜਣ ਦੀ ਆਤਮਾ ਵਾਸਤੇ ਉਸ ਦੇ ਮਰਨ ਪਿਛੋਂ ਅਨੇਕਾਂ ਉਪਰਾਲੇ ਕਰਦੇ ਰਹਿੰਦੇ ਹਨ। ਮੁਸਲਮਾਨ ਭੀ ਆਖ਼ਰ ਇਨਸਾਨੀ ਦਿਲ ਰੱਖਦੇ ਹਨ। ਉਹ ਭੀ ਦਫ਼ਨ ਕੀਤੇ ਆਪਣੇ ਪਿਆਰੇ ਦੀ ਰੂਹ ਵਾਸਤੇ ਕਈ ਉਦਮ ਕਰਦੇ ਹਨ। ਜਿੱਥੇ ਉਸ ਦੇ ਸਰੀਰ ਨੂੰ ਦੱਬਦੇ ਹਨ, ਉਥੇ ਚਿਰਾਗ ਬਾਲਦੇ ਹਨ। ਸਰਦੇ- ਪੁਜਦੇ ਮੁਸਲਮਾਨ ਆਪਣੇ ਅਜ਼ੀਜ਼ ਦੀ ਕਬਰ ਪੱਕੀਆਂ ਇੱਟਾਂ ਦੀ ਬਣਾਂਦੇ ਹਨ। ਬਹੁਤੇ ਅਮੀਰ ਲੋਕਾਂ ਦੇ, ਬਾਦਸ਼ਾਹਾਂ ਦੇ, ਮਕਬਰੇ ਬਣਾਏ ਜਾਂਦੇ ਹਨ। ਪੀਰਾਂ ਫ਼ਕੀਰਾਂ ਵਲੀਆਂ ਦੇ ਵੱਡੇ ਵੱਡੇ ਰੋਜ਼ੇ ਬਣਾਏ ਜਾਂਦੇ ਹਨ। ਉਨ੍ਹਾਂ ਰੋਜ਼ਿਆਂ ਤੇ, ਉਨ੍ਹਾਂ ਮਕਬਰਿਆਂ ਤੇ, ਉਨ੍ਹਾਂ ਕਬਰਾਂ ਤੇ, ਚਿਰਾਗ ਬਾਲੇ ਜਾਂਦੇ ਹਨ। ਪੀਰਾਂ ਫ਼ਕੀਰਾਂ ਦੇ ਰੋਜ਼ਿਆਂ ਤੇ ਸਾਲ ਦੇ ਸਾਲ ਮੇਲੇ ਲਗਦੇ ਹਨ। ਮੁਰੀਦ ਲੋਕ ਆ ਕੇ ਜ਼ਿਆਰਤ ਕਰਦੇ ਹਨ, ਦੀਦਾਰ ਕਰਦੇ ਹਨ, ਸਿਜਦੇ ਕਰਦੇ ਹਨ, ਸਿਰ ਨਿਵਾਂਦੇ ਹਨ; ਨਿਆਜ਼ਾਂ ਦੇਂਦੇ ਹਨ, ਤੇ, ਅਨੇਕਾਂ ਦੁਨਿਆਵੀ ਬਰਕਤਾਂ ਮੰਗਦੇ ਹਨ।

(ਬਾਕੀ ਫਿਰ)

# ਸ਼ਿਵ ਦੀ ਲੂਣਾਂ

—ਰਪਕ ਹਰਿ

ਜਦੋਂ ਸ਼ਿਵ ਕੁਮਾਰ ਨੇ ੧੯੬੫ ਵਿਚ "ਪੂਰਨ ਭਗਤ" ਦੀ ਕਥਾ ਨੂੰ 'ਲੂਣਾਂ' ਦੀ ਕਥਾ ਬਣਾ ਕੇ ਪੇਸ਼ ਕੀਤਾ ਤਾਂ ਸਾਰੇ ਸਾਹਿੱਤ ਜਗਤ ਵਿਚ ਝੁਣਝੁਣੀ ਜਹੀ ਫੈਲ ਗਈ ਸੀ । ਇਸ ਮਹਾਂ-ਕਾਵਿ ਨੂੰ ਨਾਟਕੀ ਰੂਪ ਦੇ ਕੇ ਅਤੇ ਵਿਸ਼ੇਸ਼ ਤੌਰ ਉੱਤੇ ਇਸ ਵਿਚ ਕਲਾਸਕੀ ਪਰੰਪਰਾ ਵਾਂਗ ਸੂਤਰ-ਧਾਰ ਅਤੇ ਉਸ ਦੇ ਨਾਲ ਨਟੀ ਦੇ ਪਾਤਰ ਲਿਆ ਕੇ ਸ਼ਿਵ ਨੇ ਪੰਜਾਬੀ ਨਾਟਕ-ਖੇਤਰ ਵਿਚ ਵੀ ਸਰਸਰਾਹਟ ਪੈਦਾ ਕਰ ਦਿੱਤੀ ਸੀ ।



ਸ਼ਿਵ ਕੁਮਾਰ

ਇਸ ਸਾਲ ਸਾਹਿੱਤ ਅਕਾਡਮੀ ਦਾ ਪੁਰਸਕਾਰ ਜਿੱਤ ਕੇ ਸ਼ਿਵ ਦੀ ਲੂਣਾਂ ਨੇ ਕਲਾਸਕੀ ਸਾਹਿੱਤ ਵਾਂਗ ਹੀ ਲੋਕਾਂ ਦਾ ਧਿਆਨ ਖਿੱਚਿਆ ਹੈ । ਉਹ ਸਾਰੇ ਭਾਰਤ ਦਾ, ਸਭ ਤੋਂ ਛੋਟੀ ਉਮਰ ਵਿਚ, ਇਹ ਸਨਮਾਨ ਜਿੱਤਣ ਵਾਲਾ ਸਾਹਿੱਤਕਾਰ ਬਣ ਗਿਆ ਹੈ । ਇਸ ਖੁਸ਼ੀ ਵਿਚ ਉਸ ਦਾ ਸਾਥ ਦੇਣ ਵਾਸਤੇ ਅਤੇ ਉਸ ਦੇ ਸਤਿਕਾਰ ਵਜੋਂ ਖ਼ਾਲਸਾ ਕਾਲਜ, ਦਿੱਲੀ ਵੱਲੋਂ ਡਾਕਟਰ ਸਵਿੰਦਰ ਸਿੰਘ ਉੱਪਲ ਦੇ ਉਦਮ ਨਾਲ "ਲੂਣਾਂ" ਨੂੰ ਰੰਗ ਮੰਚ ਉੱਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ।

੨੭ ਫ਼ਰਵਰੀ ੧੯੬੮ ਨੂੰ ਖ਼ਾਲਸਾ ਕਾਲਜ ਦੇ ਮੰਚ ਉੱਤੇ ਇਸ ਦੇ ਕੇਵਲ ਪਹਿਲੇ ਦੋ ਅੰਕ ਖੇਡੇ ਗਏ ਜਾਂ ਦੂਜੇ ਸ਼ਬਦਾਂ ਵਿਚ ਪਹਿਲੇ ਦੋ ਅੰਕਾਂ ਦਾ ਪਾਠ ਕੀਤਾ ਗਿਆ ।

"ਲੂਣਾਂ" ਨੂੰ ਰੰਗ-ਮੰਚ ਉੱਤੇ ਖੇਡਣ ਵਾਸਤੇ ਇਸ ਵਿਚ ਬਹੁਤ ਸਾਰੀ ਕਾਂਟ ਛਾਂਟ ਦੀ ਲੋੜ ਹੈ । ਸ਼ਿਵ ਕਵੀ ਹੈ, ਨਾਟਕਕਾਰ ਨਹੀਂ । ਲੂਣਾਂ ਨੂੰ ਰੰਗ-ਮੰਚ ਦੀਆਂ ਮੰਗਾਂ ਅਨੁਸਾਰ ਢਾਲਣਾ ਨਿਰਦੇਸ਼ਕ ਦਾ ਕੰਮ ਹੈ ।

ਸ਼ਿਵ ਤਾਂ ਆਪਣੇ ਪਾਤਰਾਂ ਬਾਰੇ ਵੀ ਸਪਸ਼ਟ ਨਹੀਂ ਹੈ । ਨਟੀ ਬਾਰੇ ਉਹ ਲਿਖਦਾ ਹੈ : "ਇੰਦਰ ਦੇ ਅਖਾੜੇ ਦੀ ਇਕ ਗੰਧਰਵ ਨਾਇਕਾ, ਜਿਹੜੀ ਸੂਤਰਧਾਰ ਦੀ ਪ੍ਰੇਮਕਾ ਸਮਝੀ ਜਾਂਦੀ ਹੈ ਤੇ ਕਈ ਇਸ ਨੂੰ ਸੂਤਰਧਾਰ ਦੀ ਪਤਨੀ ਵੀ ਕਹਿੰਦੇ ਹਨ, ਪਰ ਏਸ

ਗੱਲ ਵਿਚ ਮੱਤ-ਭੇਦ ਹੈ'' ।

ਸ਼ਿਵ ਨੇ ਸੂਤਰਧਾਰ ਬਾਰੇ ਕੁਝ ਵਧੇਰੇ ਸਪਸ਼ਟ ਲਿਖਿਆ ਹੈ : "ਇੰਦਰ ਦੇ ਅਖਾੜੇ ਦਾ ਇਕ ਗੰਧਰਵ ਨਾਇਕ ਹੈ, ਜਿਹੜਾ ਹਰ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਪ੍ਰੇਮਕਾ ਨਟੀ ਸੰਗ ਮੰਚ ਉੱਤੇ ਪ੍ਰਵੇਸ਼ ਕਰਦਾ ਹੈ ਅਤੇ ਨਾਟਕ ਦਾ ਅਰੰਭ ਕਰਦਾ ਹੈ ।''

ਭਾਵੇਂ ਨਿਰਮਾਤਾ ਸਵਿੰਦਰ ਸਿੰਘ ਉੱਪਲ ਅਤੇ ਨਿਰਦੇਸ਼ਕ ਹਰਮਿੰਦਰ ਸਿੰਘ ਨੇ ਚੰਬੇ ਦਾ ਵਾਯੂ ਮੰਡਲ ਉਸਾਰਨ ਵਾਸਤੇ ਚਿਤਰਿਆ ਹੋਇਆ ਪਰਦਾ ਪਿਛਲੀ ਦੀਵਾਰ ਵਾਸਤੇ ਬਣਵਾਇਆ, ਪਰ ਸੂਤਰਧਾਰ ਅਤੇ ਨਟੀ ਦਾ ਪਹਿਰਾਵਾ ਤੇ ਸ਼ਿੰਗਾਰ ਬਹੁਤ ਨਾਕਿਸ ਸੀ । ਉਹ ਸ਼ਾਦੀ ਦੇ ਮੰਡਪ ਵਿੱਚੋਂ ਨਿਕਲੇ ਛੋਹਰਾ-ਛੋਹਰੀ ਪ੍ਰਤੀਤ ਹੁੰਦੇ ਸਨ । ਉਨ੍ਹਾਂ ਦੀ ਉਮਰ ਅਠਾਰਾਂ ਵੀਹ ਵੀਹ ਸਾਲ ਲਗਦੀ ਸੀ । ਸੂਤਰਧਾਰ ਦੇ ਪੈਰ ਨੰਗੇ ਸਨ ਅਤੇ ਨਟੀ ਨੇ ਸਫ਼ੈਦ ਫ਼ਲੀਟ ਸ਼ੂ ਪਹਿਨੇ ਹੋਏ ਹਨ (ਵੇਖੋ ਤਸਵੀਰ) ·

ਸੂਤਰਧਾਰ ਦੇ ਸਿਹਰੇ ਅਤੇ ਨਟੀ ਦਾ ਮੁਕਟ ਅਤਿਅੰਤ ਅਢੁਕਵਾਂ ਸੀ । ਉਨ੍ਹਾਂ ਦੇ ਪਹਿਰਾਵੇ ਅਤੇ ਮੇਕਅੱਪ ਤੋਂ ਨਾ ਪ੍ਰੌੜ੍ਹਤਾ ਪ੍ਰਗਟ ਹੁੰਦੀ ਹੈ ਅਤੇ ਨਾ ਹੀ ਉਹ ਕਲਾਕਾਰ ਲਗਦੇ ਹਨ ।

ਨਾਟਕ ਦੇ ਮਤਨ ਅਨੁਸਾਰ ਚੰਬਿਆਲਣਾਂ ਦੇ ਪ੍ਰਵੇਸ਼ ਉੱਤੇ ਸੂਤਰਧਾਰ ਅਤੇ ਨਟੀ ਨੂੰ ਰੂਪ ਵਟਾ ਲੈਣਾ ਚਾਹੀਦਾ ਸੀ, ਪਰ ਉਨ੍ਹਾਂ ਵਟਾਇਆ ਕੋਈ ਨਾ । ਚੰਬਿਆਲਣਾਂ ਦਾ ਵੀ ਪਹਿਰਾਵਾ ਅਤੇ ਹਾਰ ਸ਼ਿੰਗਾਰ ਸ਼ਿਵ ਅਨੁਸਾਰ ਇਸ ਪ੍ਰਕਾਰ ਹੈ :

"ਹੰਸ, ਹਮੇਲਾਂ, ਬੁਗੁਤੀਆਂ, ਗਲ ਵਿਚ ਕੰਠੇ ਪਾ;
ਛਾਪਾਂ, ਛੱਲੇ, ਆਰਸੀਆਂ, ਗੋਰੇ ਹੱਥ ਅੜਾ;
ਚੀਚੀ ਵਿਚ ਕਲੀਚੜੀ, ਪੈਰੀਂ ਸਗਲੇ ਪਾ;
ਕੋਹ ਕੋਹ ਵਾਲ ਗੁੰਦਾਇ ਕੇ, ਫੁੱਲ ਤੇ ਚੌਂਕ ਸਜਾ;
ਕੰਨੀਂ ਝੁਮਕੇ ਝੂਲਦੇ, ਲੌਂਗ ਤੀਲੀਆਂ ਪਾ;
ਸਿਰ ਸੋਭਣ ਫੁਲਕਾਰੀਆਂ, ਅਤਲਸ ਪੱਟ ਹੰਢਾ......।''

ਈਗਾ ਨੇ ਵੱਡਾ ਸਾਰਾ ਘੱਗਰਾ ਪਹਿਨ ਰੱਖਿਆ ਸੀ, ਜਿਸ ਵਿਚ ਗੋਟੇ ਦੀਆਂ ਧਾਰੀਆਂ ਸਨ । ਉਸ ਦੇ ਸਿਰ ਉੱਤੇ ਚੌਂਕ ਜ਼ਰੂਰ ਰੱਖਿਆ ਗਿਆ । ਹੋਰ ਕਿਸੇ ਕੁੜੀ ਨੇ ਕੋਈ ਗਹਿਣਾ ਗੱਟਾ ਨਹੀਂ ਸੀ ਪਾਇਆ ਹੋਇਆ । ਅਸਲ ਵਿਚ ਇਨ੍ਹਾਂ ਕੁੜੀਆਂ ਨੂੰ ਚੰਬਿਆਲਣਾਂ ਕਹਿਣਾ ਜਾਂ ਸਮਝਣਾ ਅਸੰਭਵ ਸੀ । ਇਹ ਸਾਰੀਆਂ ਦਿੱਲੀ ਦੇ ਕਾਲਜ ਦੀਆਂ ਕੁੜੀਆਂ ਸਨ, ਜਿਨ੍ਹਾਂ ਵਿਚ ਕੁੱਝ ਨੇ ਘੁੱਟਵਿਆਂ ਪਜਾਮਿਆਂ ਉੱਪਰ ਸੈਕ-ਸ਼ਰਟ ਪਾਏ ਹੋਏ ਸਨ, ਬਾਕੀਆਂ ਨੇ ਸਲਵਾਰਾਂ ਕਮੀਜ਼ਾਂ ਵਿਚ ਆਉਣਾ ਹੀ ਠੀਕ ਸਮਝਿਆ ਸੀ । ਇਕ ਨੇ ਤਾਂ ਸਾੜ੍ਹੀ ਵੀ ਪਹਿਣ ਰੱਖੀ ਸੀ । ਚੁੰਨੀਆਂ ਦੇ ਕਿਨਾਰਿਆਂ ਨੂੰ ਗੋਟਾ ਲਾ ਲੈਣ ਨਾਲ ਭਲਾ ਕੋਈ ਚੰਬਿਆਲਣ ਬਣ ਜਾਂਦੀ ਹੈ ? ਕੌਣ ਸਮਝਾਵੇ ਇਨ੍ਹਾਂ ਅਭਿਨੇਤਰੀਆਂ ਨੂੰ ਅਤੇ ਨਿਰਦੇਸ਼ਕ ਮਹੋਦਯ ਨੂੰ !

ਰਾਜਾ ਸਲਵਾਨ ਅਤੇ ਵਰਮਨ ਦੀ ਮੇਕਅੱਪ ਉੱਤੇ ਕਾਫ਼ੀ ਮਿਹਨਤ ਕੀਤੀ



ਸੂਤਰਧਾਰ ਤੇ ਨਟੀ



ਲੂਣਾਂ ਤੇ ਜਨ-ਗਨ-ਮਨ ਗਾਉਣ ਵਾਲੀ ਪਾਰਟੀ



ਲੂਣਾਂ ਖੇਡਣ ਵਾਲੀ ਪਾਰਟੀ (ਖਾਲਸਾ ਕਾਲਜ ਦਿੱਲੀ)

ਗਈ ਪ੍ਰਤੀਤ ਹੁੰਦੀ ਸੀ। ਉਨ੍ਹਾਂ ਲਈ ਛਤ੍ਰ ਅਤੇ ਬੰਦ ਗਲੇ ਵਾਲੇ ਚਿੱਟੇ ਕੋਟ ਸ਼ਾਇਦ ਉਚੇਚੇ ਭਾਲ ਕੇ ਮੰਗੇ ਗਏ ਸਨ, ਜੋ ਬਹੁਤ ਖੁੱਲ੍ਹੇ ਸਨ । ਪਰ ਹੱਥਾਂ ਵਿਚ ਕਿਰਪਾਨਾਂ ਵੀਹਵੀਂ ਸਦੀ ਦੀਆਂ ਸਨ ਅਤੇ ਚਿੱਟੀਆਂ ਦਾੜ੍ਹੀਆਂ ਦੇ ਬਾਵਜੂਦ ਮੂੰਹਾਂ ਉੱਤੇ ਕੋਈ ਝੁਰੜੀ ਨਹੀਂ ਸੀ। ਸਲਵਾਨ ਦਾ ਤਾਂ ਮੁਕਟ ਵੀ ਨਟੀ ਵਾਲਾ ਹੀ ਸੀ। ਕਿੰਨੇ ਸੰਜਮ ਤੋਂ ਕੰਮ ਲਿਆ ਸੀ, ਨਿਰਦੇਸ਼ਕ ਨੇ!

ਪਹਿਲੇ ਦੋ ਅੰਕਾਂ ਵਿਚ ਲੂਣਾਂ ਦਾ ਪ੍ਰਵੇਸ਼ ਕਿਤੇ ਨਹੀਂ ਸੀ। ਸਮੱਸਿਆ ਪੈਦਾ ਹੋ ਗਈ ਕਿ ਨਾਟਕ ਖੇਡਿਆ ਜਾਵੇ "ਲੂਣਾਂ" ਦਾ ਅਤੇ ਲੂਣਾਂ ਮੰਚ ਤੇ ਨਾ ਆਵੇ?

ਨਿਰਦੇਸ਼ਕ ਨੂੰ ਆਖ਼ਰ ਵਿਉਂਤ ਸੁੱਝੀ। ਨਾਟਕ ਦੀ ਸਮਾਪਤੀ ਉੱਤੇ "ਜਨ ਗਨ ਮਨ" ਗਾਉਣ ਵਾਲੀਆਂ ਕੁੜੀਆਂ ਵਿਚ ਲੂਣਾਂ ਨੂੰ ਨੰਗੇ ਪੈਰੀਂ ਖੜਾ ਕਰ ਦਿੱਤਾ ਗਿਆ। ਕੁਮਾਰੀ ਵੀਣਾ, ਜੋ ਦੋ ਘੰਟੇ ਦੀ ਮਿਹਨਤ ਉਪਰੰਤ ਲੂਣਾਂ ਬਣ ਕੇ ਦੋ ਘੰਟੇ ਹੋਰ ਦੜ ਵੱਟੀ ਪਰਦੇ ਪਿਛੇ ਬੈਠੀ ਰਹੀ ਸੀ, ਉਸ ਦੀ ਘਾਲ ਥਾਏਂ ਪਈ। ਇਹ ਵੱਖਰੀ ਗੱਲ ਹੈ ਕਿ ਉਹ ਰਾਜੇ ਸਲਵਾਨ ਦੀ ਰਾਣੀ ਦੀ ਥਾਂ ਰਾਜੌਰੀ ਗਾਰਡਨ ਦਿੱਲੀ ਦੀ ਸੱਜ-ਵਿਆਹੀ ਮੁਟਿਆਰ ਲੱਗ ਰਹੀ ਸੀ। ਆਖ਼ਰ ਲੂਣਾਂ ਮੰਚ ਉੱਤੇ ਆ ਤਾਂ ਗਈ। ਅਸੀਂ ਨਿਰਦੇਸ਼ਕ ਤੇ ਨਿਰਮਾਤਾ ਨੂੰ ਵਧਾਈ ਦੇਂਦੇ ਹਾਂ ਕਿਉਂਜੋ ਉਨ੍ਹਾਂ ਨੇ ਨਾਇਕਾ ਨੂੰ ਇਸ ਤਰ੍ਹਾਂ ਮੰਚ ਉੱਤੇ ਲਿਆ ਕੇ ਸੰਸਾਰ ਦੇ ਮੰਚ-ਇਤਿਹਾਸ ਵਿਚ ਨਵਾਂ ਰੀਕਾਰਡ ਕਾਇਮ ਕਰ ਦਿੱਤਾ ਹੈ।

## ਚੰਨ ਬੱਦਲਾਂ ਦਾ

ਸ਼ਿਵ ਦੀ ਲੂਣਾਂ ਵਾਂਗ ਸ਼ੀਲਾ ਭਾਟੀਆ ਦੀ ਰਚਨਾ "ਚੰਨ ਬੱਦਲਾਂ ਦਾ" ਨਾਟਕ ਨਹੀਂ। ਨਾ ਹੀ ਇਸ ਦੀ ਬਣਤਰ ਉਸ ਦੇ ਪਹਿਲੇ ਸੰਗੀਤ-ਨਾਟਾਂ ਵਰਗੀ ਗੁੰਦਵੀਂ ਜਾਂ ਪਲਾਟ ਵਾਲੀ ਹੈ। ਉਸ ਦੀਆਂ ਪਹਿਲੀਆਂ ਕਿਰਤਾਂ ਵਿਚ ਸੰਗੀਤ ਦੇ ਪੱਲੇ ਵਿਚ ਨਾਟਕੀਅਤਾ ਹੁੰਦੀ ਸੀ। ਐਤਕੀਂ ਉਸ ਨੇ ਨਾਟਕੀਅਤਾ ਤੋਂ ਸੁਤੰਤਰ ਹੋ ਕੇ ਗੀਤਾਂ ਵਿਚ ਕਿਤੇ ਕਿਤੇ ਅਭਿਨੈ ਦੀਆਂ ਛੋਹਾਂ ਲਾਈਆਂ ਹਨ! "ਚੰਨ ਬੱਦਲਾਂ ਦਾ" ਕਈ ਪ੍ਰਕਾਰ ਦੇ ਲੋਕ-ਗੀਤਾਂ ਦੀਆਂ ਛੋਟੀਆਂ ਛੋਟੀਆਂ ਬਦਲੋਟੀਆਂ ਵਿਚੋਂ ਝਾਕਦਾ ਹੈ। ਇਹ ਬਦਲੋਟੀਆਂ ਆਉਂਦੀਆਂ ਹਨ ਤੇ ਖਿੰਡ ਜਾਂਦੀਆਂ ਹਨ। ਇਨ੍ਹਾਂ ਨੂੰ ਇਕ ਲੜੀ ਵਿਚ ਪਰੋਣ ਨਾਲ ਵੀ ਰੂਪ ਅਨਾਟਕੀ ਰਹਿੰਦਾ ਹੈ। ਫਿਰ ਵੀ ਇਸ ਸਾਲ ਦੇ ਆਰੰਭ ਵਿਚ ਇਨ੍ਹਾਂ ਗੀਤਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿਚ ਬਹੁਤ ਦਰਸ਼ਕਾਂ ਨੂੰ ਪ੍ਰਸੰਨ ਕੀਤਾ ਹੈ। ਸ਼ੀਲਾ ਭਾਟੀਆ ਦੀ ਪੇਸ਼ਕਾਰੀ ਦਾ ਜੋ ਪੱਧਰ ਬਣ ਚੁੱਕਾ ਹੈ, ਅਨਾਟਕੀ ਸ਼ੋ ਵਿਚ ਉਸ ਨੂੰ ਬਰਕਰਾਰ ਰੱਖਿਆ ਗਿਆ ਹੈ।

"ਚੰਨ ਬੱਦਲਾਂ ਦਾ" ਵਿਚ ਸ਼ੀਲਾ ਭਾਟੀਆ ਨੇ ਮੰਚ-ਵਿਉਂਤ ਕੇਵਲ ਸੁਝਾਊ ਰੱਖੀ ਹੈ। ਪਰਦੇ ਦੇ ਬਾਹਰਵਾਰ ਮੰਚ ਦੀਆਂ ਦੋਹਾਂ ਗੁੱਠਾਂ ਵਿਚ ਉੱਚੇ ਮੂੜ੍ਹੇ ਉੱਤੇ ਇਕ ਅੱਧਖੜ ਪੰਜਾਬੀ ਬੈਠ ਜਾਂਦਾ ਹੈ ਅਤੇ ਖੱਬੇ ਉੱਤੇ ਅੱਧਖੜ ਪੰਜਾਬਣ। ਇਹ ਦੋਵੇਂ ਵਰਣਨਕਾਰ

(ਨੈਰੇਟਰ) ਹਨ ਜੋ ਵਾਰੋ ਵਾਰੀ ਖਲੋ ਕੇ ਮੰਚ ਉੱਤੇ ਪੇਸ਼ ਹੋਣ ਵਾਲੇ ਦ੍ਰਿਸ਼ ਬਾਰੇ ਟਿੱਪਣੀ ਵਜੋਂ ਦਰਸ਼ਕਾਂ ਨੂੰ ਕੁੱਝ ਸ਼ਬਦ ਆਖਦੇ ਹਨ। ਦ੍ਰਿਸ਼ ਉੱਡਦੇ ਬੱਦਲਾਂ ਵਾਂਗ ਰੰਗ ਮੰਚ ਉੱਤੇ ਆਉਂਦੇ ਹਨ। ਅਤੇ ਚਾਨਣ ਨੂੰ ਆਪਣੀ ਬੁੱਕਲ ਵਿਚ ਸਮੇਟ ਕੇ ਲੋਪ ਹੋ ਜਾਂਦੇ ਹਨ।

ਚੰਨ ਤੇ ਬੱਦਲਾਂ ਦੀ ਇਸ ਲੁਕਣਮੀਚੀ ਵਿਚ ਸਾਰੇ ਦਾ ਸਾਰਾ ਪੰਜਾਬ—ਨੱਚਦਾ ਪੰਜਾਬ; ਹੱਸਦਾ, ਗਾਉਂਦਾ ਪੰਜਾਬ ਤੇ ਉਦਾਸ ਪੰਜਾਬ—ਦਰਸ਼ਕਾਂ ਦੀ ਕਲਪਣਾ ਵਿਚ ਉੱਸਰਦਾ, ਮਿਟਦਾ, ਉਨ੍ਹਾਂ ਨੂੰ ਕੀਲੀ ਰੱਖਦਾ ਹੈ।

ਪੰਜਾਬ ਦੀਆਂ ਕੁੜੀਆਂ ਅਤੇ ਮੁੰਡਿਆਂ ਦੇ ਪਿਆਰੇ ਲੋਕ-ਗੀਤ ਢੋਲਕੀ-ਗੀਟੇ, ਅਲਗੋਜ਼ੇ, ਇਕਤਾਰੇ ਆਦਿ ਦੀਆਂ ਸੰਗੀਤ ਧੁਨਾਂ ਨਾਲ ਲਰਜ਼ ਕੇ ਦਰਸ਼ਕਾਂ ਦੇ ਹਿਰਦੇ ਦੀਆਂ ਤਰਬਾਂ ਛੇੜਦੇ ਅਤੇ ਉਨ੍ਹਾਂ ਨੂੰ ਤਾਲ-ਮੁਗਧ ਕਰ ਲੈਂਦੇ ਹਨ।

ਲੋਰੀਆਂ ਦੇ ਗੀਤ, ਛੱਲਾ, ਕਿੱਕਲੀ, ਕਲੀਰੇ ਦੇ ਗੀਤ, ਸੁਹਾਗ, ਸਿੱਠਣੀਆਂ, ਟੱਪੇ; ਬੋਲੀਆਂ, ਛੰਦ, ਢੋਲਾ, ਜਿੰਦੂਆ, ਮਾਹੀਆ, ਹੀਰ; ਮਿਰਜ਼ਾ, ਭੰਗੜਾ, ਝੂੰਮਰ ਤੇ ਗਿੱਧਾ ਆਦਿ ਕੋਈ ਵੀ ਲੋਕ ਗੀਤ ਜਾਂ ਨਾਚ ਅਜਿਹਾ ਨਹੀਂ ਜੋ ਬੱਦਲਾਂ ਦੇ ਪੱਲੇ ਵਿਚ ਬੱਝ ਕੇ ਮੰਚ ਦੇ ਚਾਨਣੇ ਫ਼ੋਕਸ ਵਿੱਚੋਂ ਨਾ ਲੰਘਾਇਆ ਗਿਆ ਹੋਵੇ।

ਵਰਣਨਕਾਰਾਂ ਦੇ ਬੋਲਾਂ ਨਾਲ ਗੀਤਾਂ ਦੇ ਇਹ ਅੱਡ ਅੱਡ ਮਣਕੇ ਇੱਕੋ ਮਾਲਾ ਵਿਚ ਨਹੀਂ ਪਰੁੱਚਦੇ। ਨਾ ਹੀ ਮੰਚ ਦੇ ਅਗਲੇ ਪਾਸੇ ਗਡਿਆ ਹੋਇਆ ਦਰਖ਼ਤ, ਨਾ ਹੀ ਪਿਛਲੇ ਪਾਸੇ ਉਸਾਰਿਆ ਹੋਇਆ ਥੜ੍ਹਾ, ਉਸ ਦੀਆਂ ਪੌੜੀਆਂ, ਜਾਂ ਹੋਰ ਪਿਛੋਕੜ ਵਾਲਾ ਜੰਗਲਾ, ਇਨ੍ਹਾਂ ਲੋਕ-ਗੀਤਾਂ ਦੀ ਪਕੜ ਵਿਚ ਵਾਧਾ ਕਰਦਾ ਹੈ। ਗੀਤਾਂ ਦੀ ਚੋਣ ਸ਼ੀਲਾ ਭਾਟੀਆ ਨੇ ਅਤਿਅੰਤ ਸੁਚੱਜੀ ਕੀਤੀ ਹੈ। ਬੋਲ ਆਪ-ਮੁਹਾਰੇ ਹਿਰਦੇ ਵਿਚ ਧਸਦੇ ਹਨ। ਕਾਲਜੇ ਨੂੰ ਤਣੁੱਕੇ ਮਾਰਦੇ ਹਨ। ਹਰ ਪੰਜਾਬੀ ਇਨ੍ਹਾਂ ਗੀਤਾਂ ਵਿਚ ਆਪਣਾ ਬਚਪਨ, ਆਪਣੀ ਜਵਾਨੀ, ਆਪਣੇ ਬੋਲ, ਆਪਣੀ ਕਹਾਣੀ ਮਹਿਸੂਸ ਕਰਦਾ ਇਨ੍ਹਾਂ ਵਿਚ ਗਵਾਚ ਜਾਂਦਾ ਹੈ। ਹਰ ਦਰਸ਼ਕ ਮੰਚ ਉੱਤੇ ਵਿਚਰਦੇ ਪਾਤਰਾਂ ਦੇ ਹਿਰਦੇ ਵਿਚ ਜਾ ਬੈਠਦਾ ਹੈ। ਦਰਸ਼ਕ ਅਤੇ ਅਦਾਕਾਰ ਦੀ ਵਿੱਥ ਮਿਟ ਜਾਂਦੀ ਹੈ। ਸਹਿਜ-ਸੁਭਾ ਉਗਮੀ ਇਸ ਇਕਸੁਰਤਾ ਦਾ ਅਨੋਖਾ ਜਾਦੂ ਨਾਟਕ-ਕਲਾ, ਮੰਚ-ਕਲਾ ਅਤੇ ਅਭਿਨੈ-ਕਲਾ ਦੇ ਨਿਯਮਾਂ ਨੂੰ ਨਿਰਾਰਥਕ ਕਰ ਦੇਂਦਾ ਹੈ।

"ਜੁਗਨੀ ਜਾ ਵੜੀ ਮਦਰੱਸੇ
ਮੁੰਡੇ ਲੈ ਕਤਾਬਾਂ ਨੱਸੇ......"
"ਸੁੰਦਰੀਏ ਨੀ ਮੁੰਦਰੀਏ,
ਤੇਰਾ ਕੌਣ ਵਿਚਾਰਾ ?
ਦੁੱਲਾ ਭੱਟੀ ਵਾਲਾ......"

ਆਦਿ ਅਲ੍ਹੜ ਮਾਸੂਮ ਬੱਚਿਆਂ ਦੇ ਗੀਤਾਂ ਤੋਂ ਲੈ ਕੇ ਮੁਟਿਆਰਾਂ ਦੇ ਗੀਤਾਂ ਤਕ ਝੱਟ ਪੱਟ ਪਿੜ ਬਦਲਦਾ ਹੈ :

"ਸੁਰਮਾ ਵਿਕਣ ਆਇਆ
ਇਕ ਲੱਪ ਸੁਰਮੇ ਦੀ,

ਹੋਰਾਂ ਪਾਈ ਇਕ ਸਲਾਈ
ਸੱਸ ਨੇ ਲੱਪੜਾ ਪਾਇਆ,
ਇਕ ਲੱਪ ਸੁਰਮੇ ਦੀ......"

ਇਸ ਗੀਤ ਵਿਚ ਪੰਜ ਕੁੜੀਆਂ ਇਕ ਪਾਸੇ ਖਲੋ ਜਾਂਦੀਆਂ ਹਨ ਅਤੇ ਪੰਜ ਦੂਜੇ ਪਾਸੇ, ਸੁਰਮੇ ਵਾਲੀ ਵਿਚਕਾਰ ਖਲੋ ਕੇ ਇਕ ਉਂਗਲੀ ਨਾਲ ਅੱਖਾਂ ਵਿਚ ਸੁਰਮਾ ਪਾਉਣ ਦਾ ਅਭਿਨੈ ਕਰਦੀ ਅਤੇ ਅੱਖਾਂ ਮਟਕਾਉਂਦੀ ਹੈ, ਬਾਕੀ ਸਾਰੀਆਂ ਗਾਉਂਦੀਆ ਤਾਲੀਆ ਵਜਾਂਦੀਆਂ ਹਨ, ਫੇਰੀ ਲਾ ਕੇ ਥਾਂ ਬਦਲਦੀਆਂ ਹਨ ।

ਕਾਲੇ ਪਤੀ ਦਾ ਮਜ਼ਾਕ ਉਡਾਉਣ ਵਾਸਤੇ ਇਕ ਜਣੀ ਬੋਲਦੀ ਹੈ :

ਕਾਲਾ ਅੰਦਰ ਵੜਿਆ ਨੀ ਮਾਂ,
ਡੰਗਰ : ਵੱਛਾ ਡਰਿਆ ਨੀ ਮਾਂ
ਹਾਏ ਮੈਂ ਮਰ ਗਈ......"

ਸਾਰੀਆਂ ਕੁੜੀਆਂ "ਹਾਏ ਮੈਂ ਮਰ ਗਈ" ਆਖਦੀਆਂ ਡਰਨ ਦਾ ਅਭਿਨੈ ਕਰਦੀਆਂ ਨੱਚਦੀਆਂ ਹਨ ।

ਇਕ ਗਭਰੂ ਸਿਹਰਾ ਬੰਨ੍ਹੀ ਨੱਚਦਾ ਆ ਜਾਂਦਾ ਹੈ । ਇਕ ਕੁੜੀ ਬੋਲ ਬਦਲਦੀ ਹੈ :

"ਫੇਰੀ ਲੈ ਲੈ ਨੀ ਨੀਂਗਰ ਦੀਏ ਮਾਏ,
ਫੇਰੀ ਲੈ ਲੈ.........

ਫੇਰੀ ਨਾਲ ਗਿੱਧਾ ਸ਼ੁਰੂ ਹੋ ਜਾਂਦਾ ਹੈ :

ਬੱਲੇ ਬੱਲੇ, ਬਈ ਜੇ ਤੂੰ ਮੇਰੀ ਟੋਰ ਵੇਖਣੀ,
ਜੁੱਤੀ ਲੈ ਦੇ ਘੁੰਗਰੂਆਂ ਵਾਲੀ............
"ਬੱਲੇ ਬੱਲੇ ਬਈ ਹੱਸ ਕੇ ਨਾ ਲੰਘ ਵੈਰੀਆ,
ਮੇਰੀ ਸੱਸ ਭਰਮਾਂ ਦੀ ਮਾਰੀ........."

ਸਿਹਰਿਆਂ ਵਾਲਾ ਗਭਰੂ ਦਰਸ਼ਕਾਂ ਵਾਲੇ ਪਾਸਿਓਂ ਮੰਚ ਉੱਤੇ ਚੜ੍ਹਦਾ ਹੈ । ਇਕ ਹੋਰ ਆਦਮੀ ਹੱਥ ਵਿਚ ਛਤਰ ਫੜੀ ਉਸ ਦੇ ਨਾਲ ਨਾਲ ਟੁਰਦਾ ਹੈ । ਦੋ ਚਾਰ ਹੋਰ ਬਰਾਤੀ ਉਨ੍ਹਾਂ ਦੇ ਮਗਰੇ ਹੀ, ਮਰਦ ਵਰਣਨਕਾਰ ਦੇ ਅੱਗੋਂ ਲੰਘ ਕੇ, ਮੰਚ ਵੱਲ ਵਧਦੇ ਹਨ । ਕੁੜੀਆ ਸੱਜੇ ਪਾਸਿਓਂ ਦੌੜ ਕੇ ਮੰਚ ਉੱਤੇ ਜਾਂਦੀਆਂ ਹਨ ਅਤੇ ਦਰਸ਼ਕਾਂ ਦੇ ਸਿਰ ਉੱਤੇ ਬਣੀ ਹੋਈ ਬਾਲਕੋਨੀ ਵਿਚ ਖਲੋ ਕੇ ਸਿੱਠਣੀਆਂ ਦਾ ਮੀਂਹ ਵਰ੍ਹਾਂਦੀਆਂ ਹਨ :

"ਸਾਡੇ ਤੇ ਵਿਹੜੇ ਮੁੱਢ ਮਕੱਈ ਦਾ,
ਦਾਣੇ ਤਾਂ ਮੰਗਦਾ, ਉੱਧਲ ਗਈ ਦਾ;
ਭੱਠੀ ਤੇ ਤਪਦੀ ਨਹੀਂ
ਨਿਲੱਜਿਓ ਲੱਜ ਤੁਹਾਨੂੰ ਨਹੀਂ......"

ਮੰਚ ਤੇ ਧੋਤਿਆਂ ਪੁਤੇਤਿਆਂ ਦੀ ਮਿਲਣੀ ਹੁੰਦੀ ਹੈ । ਇਕ ਪਾਸਿਓਂ ਸਜੀ ਹੋਈ

ਵਹੁਟੀ ਆਉਂਦੀ ਹੈ। ਤੇ ਦ੍ਰਿਸ਼ ਬਾਬਲ ਦੇ ਘਰੋਂ ਧੀ ਦੀ ਵਦਾਇਗੀ ਵਿਚ ਬਦਲ ਜਾਂਦਾ ਹੈ। ਕੁੜੀਆਂ ਕਰੁਣਾ ਭਰਿਆ ਗੀਤ ਗਾਉਂਦੀਆਂ ਹਨ :

"ਤੇਰੇ ਮਹਿਲਾਂ ਦੇ ਵਿਚ ਵਿਚ ਵੇ
ਬਾਬਲ ਮੇਰਾ ਅੜਿਆ ਡੋਲਾ........."

ਮਾਂ-ਬਾਪ ਗਲੇਡੂ ਭਰਦੇ ਹਨ। ਧੀ ਦੇ ਸਿਰ ਉੱਤੇ ਪਿਆਰ ਦੇਂਦੇ ਹਨ। ਡੋਲੀ ਦੀ ਥਾਂ ਇਕ ਲਾਲ ਜਹੇ ਤਿਕੋਣੇ ਚੌਖਟੇ ਦੇ ਪਿੱਛੇ ਖਲੋ ਕੇ ਸਰੀਰ ਨੂੰ ਹੁਜਕੇ ਮਾਰਦੀ ਧੀ ਇਸ ਚੌਖਟੇ ਨੂੰ ਚੁੱਕੀ ਜਾਂਦੇ ਕਹਾਰਾਂ ਦੇ ਨਾਲ ਟੁਰ ਪੈਂਦੀ ਹੈ।

"ਮੈਨੂੰ ਰੱਖ ਲੈ ਅੱਜ ਦੀ ਰਾਤ ਬਾਬਲ..."

ਹਿਰਦਿਆਂ ਨੂੰ ਚੀਰਨ ਵਾਲੇ ਗੀਤ ਦੇ ਬੋਲ ਦਰਸ਼ਕਾਂ ਨੂੰ ਸੁੰਨ ਕਰ ਦੇਂਦੇ ਹਨ। ਡੋਲੀ ਮੰਚ ਤੋਂ ਲੋਪ ਹੁੰਦਿਆਂ ਸਾਰ ਹਾਲ ਵਿਚ ਚਾਨਣ ਪੱਸਰਦਾ ਹੈ ਅਤੇ ਦਸ ਮਿੰਟ ਅੰਤਰਾਲ ਕਰਨ ਦਾ ਐਲਾਨ ਹੋ ਜਾਂਦਾ ਹੈ। ਪਰਦਾ ਨਹੀਂ ਗਿਰਦਾ।

ਪ੍ਰੋਗਰਾਮ ਦੋਬਾਰਾ ਸ਼ੁਰੂ ਹੋ ਜਾਣ ਦੀ ਸੂਚਨਾ ਪਿਛੋਕੜ ਵਿਚ ਢੋਲ ਵਜਾ ਕੇ ਦਿੱਤੀ ਜਾਂਦੀ ਹੈ। ਇਕ ਜੱਟੀ ਮੰਚ ਉਤੋਂ ਲੰਘਦੀ ਹੈ। ਇਕ ਛੇਂਜੇ ਵਾਲਾ ਝਾਕ ਕੇ ਚਲਾ ਜਾਂਦਾ ਹੈ। ਇਕ ਅੰਨ੍ਹਾ ਮੰਗਤਾ ਗਾਉਂਦਾ ਰੁੱਖ ਹੇਠ ਆ ਖਲੋਂਦਾ ਹੈ, ਥੜ੍ਹੇ ਉਤੇ ਬੈਠਦਾ ਹੈ। ਇਕ ਔਰਤ ਛੱਜ ਵਿਚ ਦਾਣੇ ਛੱਟਦੀ ਉਹਦੇ ਕੋਲ ਆਉਂਦੀ ਹੈ। ਪੱਲੇ ਤੋਂ ਪੈਸੇ ਖੋਲ੍ਹ ਕੇ ਦੇਂਦੀ ਹੈ ਤੇ ਚਲੀ ਜਾਂਦੀ ਹੈ, ਮੰਗਤਾ ਵੀ ਚਲਾ ਜਾਂਦਾ ਹੈ। ਇਹ ਸਭ ਕੁੱਝ ਦਰਸ਼ਕਾਂ ਨੂੰ ਦੋਬਾਰਾ ਥਾਂ ਸਿਰ ਬੈਠ ਜਾਣ ਲਈ ਸਮਾਂ ਦੇਣ ਵਾਸਤੇ ਕੀਤਾ ਜਾਂਦਾ ਹੈ। ਅੰਤਰਾਲ ਤੋਂ ਬਾਦ ਦੇ ਸਾਰੇ ਗੀਤ ਪਿਆਰ ਦੇ ਗੀਤ ਹਨ। ਇਨ੍ਹਾਂ ਵਿਚੋਂ ਮਿਲਣ ਦੀ ਤੀਬਰ ਤਾਂਘ, ਬਿਰਹਾ ਦੇ ਸੱਲ, ਪਿਆਰ ਕਰਨ ਵਾਲਿਆਂ ਦੀ ਮਜਬੂਰੀ ਅਤੇ ਜੇਰੇ ਦੀ ਝਲਕ ਮਿਲਦੀ ਹੈ ਜਿਸ ਵਿਚ ਨਿਰੋਲ ਪੰਜਾਬੀਅਤ ਦੀ ਰੰਗਣ ਨਹੀਂ ਰਹਿ ਜਾਂਦੀ। ਪਹਾੜੀ ਮਰਦ, ਔਰਤ ਵੀ ਇਨ੍ਹਾਂ ਪਿਆਰ-ਝਲਕੀਆਂ ਦੇ ਪਾਤਰ ਵਿਖਾਏ ਜਾਂਦੇ ਹਨ। ਪਿਆਰਾਂ ਦੇ ਦੋਖੀ, ਕੈਦੋ ਸਰਮਾਏਦਾਰ, ਪ੍ਰੇਮੀਆਂ ਨੂੰ ਘੂਰਦੇ, ਲਲਕਾਰਦੇ ਅਤੇ ਡਰਾਉਂਦੇ ਹਨ ਪ੍ਰੰਤੂ ਉਨ੍ਹਾਂ ਦੀ ਦ੍ਰਿੜ੍ਹਤਾ ਵਿਚ ਫ਼ਰਕ ਨਹੀਂ ਆਉਂਦਾ। ਸਭ ਤੋਂ ਵਧੀਆ ਨਾਟਕੀ-ਛੁਹ, ਗ਼ਮ ਦੀ ਕਾਲੀ ਡਾਇਣ ਦੇ ਰੂਪ ਵਿਚ ਪੇਸ਼ ਹੁੰਦੀ ਹੈ ਜੋ ਪਿਆਰ-ਕੁੱਠੀ ਜਿੰਦੜੀ ਦੁਆਲੇ ਝੁਰਮਟ ਪਾ ਕੇ ਹਨੇਰੇ ਵਿਚ ਲੋਪ ਹੋ ਜਾਂਦੀ ਹੈ।

ਬਿਰਹਾ ਦੇ ਗੀਤਾਂ ਵਿੱਚੋਂ ਬਹੁਤੀ ਧੂਹ ਪਾਉਣ ਵਾਲਾ ਗੀਤ ਸੀ :

"ਅੱਖੀਆਂ ਵੇ ਰਾਤੀਂ ਸੌਣ ਨਾ ਦੇਂਦੀਆਂ
ਸੌਣ ਨਾ ਦੇਂਦੀਆਂ, ਬੜਾ ਦੁਖ ਦੇਂਦੀਆਂ........."

ਇਸ ਗੀਤ ਦੇ ਨਾਲ ਮੱਧਮ ਚਾਨਣ ਅਤੇ ਬਿਰਹਨ ਦੇ ਹੱਥ ਵਿਚ ਲਾਲਟੈਣ ਢੁੱਕਵਾਂ ਵਾਤਾਵਰਣ ਉਸਾਰਣ ਵਾਸਤੇ ਸੁਚੱਜੀਆਂ ਵਿਉਂਤਾਂ ਸਨ।

ਬਿਰਹਾ ਦੇ ਹੋਰ ਗੀਤਾਂ ਵਿੱਚੋਂ :

"ਪਾਂਧੇ ਕੋਲੋਂ ਪੱਤਰੀ ਪੜ੍ਹਾਈ
ਸੌਣ ਮਹੀਨੇ ਵੀ ਨਾ ਆਇਆ

ਦਾਖਾਂ ਬੂਰੀਆਂ.........
''ਕਣਕਾਂ ਨਿੱਸਰੀਆਂ,
ਧੀਆਂ ਕਿਉਂ ਵਿੱਸਰੀਆਂ, ਨੀ ਮਾਏ.........
''ਰਾਹੇ ਰਾਹੇ ਜਾਂਦਿਆ,
ਪੀਲੂ ਖਾਂਦਿਆ,
ਢੋਲੇ ਨੂੰ ਆਖੀਂ ਜਾ.........
''ਛੋਟੀ ਉਮਰ ਵਿਛੋੜਾ ਸਾਡੇ ਪੇਸ਼ ਪਿਆ''
''ਨਾ ਕਰੀਏ ਗੋਰੀਏ ਮੈਲੀਆਂ ਅੱਖੀਆਂ
ਪਰਦੇਸੀਆਂ ਟੁਰ ਜਾਣਾ.........

ਬਹੁਤ ਚੰਗੇ ਗੀਤ ਸਨ। ਮਿਲਣੀ ਦੇ ਗੀਤਾਂ ਵਿੱਚੋਂ ਇਹ ਗੀਤ ਬਹੁਤ ਪਸੰਦ ਕੀਤੇ ਗਏ :

''ਸੂਹੇ ਵੇ ਚੀਰੇ ਵਾਲਿਆ,
ਮੈਂ ਕਹਿਨੀ ਆਂ,
ਕਰ ਛਤਰੀ ਦੀ ਛਾਂ
ਮੈਂ ਛਾਵੇਂ ਬਹਿਨੀ ਆਂ......''
''ਚੰਨ ਮਾਹੀ ਜੇ ਚਲਿਓਂ ਕਰਨਾਲ
ਸਾਨੂੰ ਲੈ ਚਲ ਆਪਣੇ ਨਾਲ......''
''ਮੈਂ ਨਾ ਜੰਮਦੀ ਤੂੰ ਕਿੱਥੋਂ ਵਿਆਹੀਦਾ ?''

ਅੰਤ ਵਿਚ ਜੱਟਾਂ ਦਾ ਵਸਾਖੀ ਦਾ ਭੰਗੜਾ ਅਤੇ ਮੇਲੇ ਦਾ ਗੀਤ :

''ਤੂੜੀ ਤੰਦ ਸਾਂਭ
ਹਾੜੀ ਵੇਚ ਵੱਟ ਕੇ......
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ''

ਅਤੇ ਕੁੜੀਆਂ ਦਾ ਗਿੱਧਾ :

''ਨੱਚ ਲੈ ਨਸੀਬ ਕੁਰੇ
ਬਣ ਕੇ ਗਿੱਧੇ ਦੀ ਰਾਣੀ''

ਅਤਿਅੰਤ ਪ੍ਰਭਾਵਸ਼ਾਲੀ ਮੱਦਾਂ ਸਨ।


**ਲਿਓ ਟਾਲਸਟਾਇ**

ਦੀ ਸੰਸਾਰ ਪ੍ਰਸਿਧ ਪੁਸਤਕ

**ਕਲਾ ਕੀ ਹੈ ?**

ਦਾ ਪੰਜਾਬੀ ਅਨੁਵਾਦ
(ਅਨੁਵਾਦਕ : ਪ੍ਰੋ: ਜੋਗਿੰਦਰ ਸਿੰਘ ਛਾਬੜਾ)
ਛੱਪ ਕੇ ਤਿਆਰ ਹੋ ਗਿਆ ਹੈ।

ਮੁੱਲ ੬ ਰੁਪਏ

**ਪ੍ਰਕਾਸ਼ਕ : ਪੰਜਾਬੀ ਸਾਹਿਤ ਅਕਾਡਮੀ**
ਪੰਜਾਬੀ ਭਵਨ, ਲੁਧਿਆਣਾ।

ਨੂਤਨ ਮਣੀ

# *ਹਿੰਦੀ ਦੀ ਤਿਮਾਹੀ*

ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਚੋਣਵੇਂ ਫ਼ੈਸਲੇ ਹਿੰਦੀ ਵਿੱਚ ਛਾਪਣ ਲਈ ਕੇਂਦਰੀ ਕਾਨੂੰਨ ਮੰਤ੍ਰਾਲਯ ਨੇ 'ਨਿਰਣਯ ਪਤ੍ਰਿਕਾ' ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।

* * *

ਨਵੀਂ ਦਿੱਲੀ ਤੋਂ ਇਕ ਪਾਖਿਕ ਪੱਤਰ 'ਪਖਵਾੜਾ' ਪ੍ਰਕਾਸ਼ਿਤ ਹੋਣ ਲਗ ਪਿਆ ਹੈ। ਇਸ ਦੇ ਸੰਪਾਦਕ ਹਨ ਸ੍ਰੀ ਇਕ਼ਬਾਲ ਕ੍ਰਿਸ਼ਣ ਸ਼ਰਮਾ 'ਭੂਦੇਵ'।

* * *

ਨਵੀਂ ਦਿੱਲੀ ਤੋਂ ਸ੍ਰੀ ਰਮੇਸ਼ ਬਖ਼ਸ਼ੀ ਦੇ ਸੰਪਾਦਨ ਹੇਠ 'ਆਵੇਸ਼' ਪਤ੍ਰਿਕਾ ਛਪਣੀ ਸ਼ੁਰੂ ਹੋ ਗਈ ਹੈ। ਇਸ ਦੇ ਸਾਲ ਵਿੱਚ ਤਿੰਨ ਅੰਕ ਛਪਿਆ ਕਰਨਗੇ : 'ਮਹੂਰਤ ਅੰਕ' (ਜਨਵਰੀ-ਅਪ੍ਰੈਲ) ਅਤੇ 'ਦੂਸਰਾ ਅੰਕ' (ਮਈ-ਅਗਸਤ) ਹਿੰਦੀ ਵਿੱਚ ਹੋਣਗੇ। ਸਾਲ ਦਾ ਤੀਜਾ ਅੰਕ 'ਲਿੰਕ ਇਸ਼ੂ' (ਸਿਤੰਬਰ-ਦਿਸੰਬਰ) ਅੰਗ੍ਰੇਜ਼ੀ ਵਿੱਚ ਛਪੇਗਾ। ਇਸ ਪਤ੍ਰਿਕਾ ਨੂੰ ਇਕ ਅਵਿਅਵਸਾਇਕ ਪ੍ਰਯਤਨ ਦੱਸਿਆ ਗਿਆ ਹੈ। ਇਸ ਵਿੱਚ ਨਾ ਤਾਂ ਕੋਈ ਇਸ਼ਤਿਹਾਰ ਛਪੇਗਾ ਨਾ ਸਰਕਾਰ ਜਾਂ ਕਿਸੇ ਸੰਸਥਾ ਕੋਲੋਂ ਕੋਈ ਅਨੁਦਾਨ (ਗ੍ਰਾਂਟ) ਲਈ ਜਾਵੇਗੀ। ਵਾਰਸ਼ਕ ਚੰਦਾ ੧੫) ਰੁਪਏ ਰੱਖਿਆ ਗਿਆ ਹੈ।

* *

ਹਿੰਦੀ ਦੇ ਪ੍ਰਗਤੀਵਾਦੀ ਕਵੀ ਸ੍ਰੀ ਸੂਰਜ ਕਾਂਤ ਤ੍ਰਿਪਾਠੀ 'ਨਿਰਾਲਾ' ਦੇ ਸ਼ਰਧਾਲੂ ਸ੍ਰੀ ਰਿਸ਼ੀ ਜੈਮਿਨਿ ਕੌਸ਼ਿਕ ਬਰੂਆ ਨੇ ਨਿਰਾਲਾ ਜੀ ਦੇ ਜੀਵਨ-ਕਾਲ ਵਿੱਚ ਇਕ ਅਭਿਨੰਦਨ ਗ੍ਰੰਥ ਤਿਆਰ ਕਰ ਕੇ ਅਤੇ ਉਨ੍ਹਾਂ ਦੇ ਸੰਸਮਰਣ ਛਾਪ ਕੇ ਉਨ੍ਹਾਂ ਦਾ ਸਨਮਾਨ ਕੀਤਾ ਸੀ। ਹੁਣ ਨਿਰਾਲਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਰੂਆ ਜੀ ਨੇ ਉਨ੍ਹਾਂ ਦਾ ਆਦਮ-ਆਕਾਰ ਚਿਤਰ ਕਲਕੱਤੇ ਦੀ ਨੈਸ਼ਨਲ ਲਾਇਬਰੇਰੀ ਨੂੰ ਭੇਂਟ ਕੀਤਾ ਹੈ।

* * *

ਸੰਸਕ੍ਰਿਤ ਦੇ ਕਵੀ ਕਾਲੀਦਾਸ ਅਤੇ ਉਰਦੂ ਦੇ ਕਵੀ ਮਿਰਜ਼ਾ ਗ਼ਾਲਿਬ ਉਤੇ ਬਣੀਆਂ ਹੋਈਆਂ ਫ਼ਿਲਮਾਂ ਦੀ ਲੜੀ ਵਿੱਚ 'ਮਹਾ ਕਵੀ ਨਿਰਾਲਾ' ਫ਼ਿਲਮ ਭੀ ਤਿਆਰ ਕੀਤੀ ਗਈ ਹੈ। ਹਿੰਦੀ ਦੇ ਕਿਸੇ ਆਧੁਨਿਕ ਵਿਦਵਾਨ ਬਾਰੇ ਬਣਿਆ ਹੋਇਆ ਇਹ ਪਹਿਲਾ ਚਲ-ਚਿੱਤਰ ਅੱਠ ਮਿਲੀਮੀਟਰ ਦਾ ਹੈ। 'ਮਹਾ ਪ੍ਰਾਣ' ਅਤੇ 'ਮਹਾ ਮਾਨਵ' ਦੇ

ਵਿਸ਼ੇਸ਼ਣਾਂ ਨਾਲ ਯਾਦ ਕੀਤੇ ਜਾਂਦੇ ਨਿਰਾਲਾ ਜੀ ਨੂੰ ਇਹ ਮਾਣ ਭੀ ਬਰੂਆ ਜੀ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਹੀ ਫਲ ਹੈ।

ਇਸ ਫ਼ਿਲਮ ਦੇ ਨਾਇਕ ਨਿਰਾਲਾ ਜੀ ਦਾ ਜਨਮ ਸੰਨ ੧੮੯੬ ਵਿਚ ਮਹਿਸ਼ਾਂਦਲ ਰਾਜ ਮੇਦਿਨੀ ਪੁਰ (ਬੰਗਾਲ) ਵਿੱਚ ਹੋਇਆ। ਆਪ ਦੀ ਸਾਹਿੱਤ ਸੇਵਾ ਦਾ ਵੇਰਵਾ ਇਹ ਹੈ :

੧. ਅਨੁਵਾਦ :—ਆਨੰਦ ਮਠ, ਕਪਾਲ ਕੁੰਡਲਾ, ਚੰਦ੍ਰ ਸ਼ੇਖਰ, ਦੁਰਗੇਸ਼ ਨੰਦਿਨੀ, ਕ੍ਰਿਸ਼ਣ ਕਾਂਤ ਕਾ ਦਿਲ, ਯੁਗਲਾਂਗੁਲ ਦੇ, ਰਜਨੀ, ਦੇਵੀ ਚੌਧਰਾਨੀ, ਰਾਧਾ ਰਾਨੀ, ਵਿਸ਼ ਵ੍ਰਿਕਸ਼, ਰਾਜ ਸਿੰਹ, ਮਹਾਭਾਰਤ, ਪਰਿਵ੍ਰਾਜਕ ਸ਼੍ਰੀ ਰਾਮ ਕ੍ਰਿਸ਼ਣ ਕਥਾਮ੍ਰਿਤ (ਚਾਰ ਭਾਗਾਂ ਵਿੱਚ), ਵਿਵੇਕਾਨੰਦ ਜੀ ਕੇ ਵਯਾਖਯਾਨ।

੨. ਸਮੀਖਿਆ : ਰਵੀਂਦ੍ਰ-ਕਵਿਤਾ-ਕਾਨਨ।

੩. ਕਹਾਨੀ ਸੰਗ੍ਰਹਿ : ਲਿਲੀ, ਚਤੁਰੀ ਚਮਾਰ, ਸੁਕੁਲ ਕੀ ਬੀਬੀ, ਸਖੀ।

੪. ਕਵਿਤਾ ਸੰਗ੍ਰਹਿ : ਪਰਿਮਲ, ਗੀਤਿਕਾ, ਤੁਲਸੀ ਦਾਸ, ਅਨਾਮਿਕਾ, ਕੁਕੁਰਮੁੱਤਾ, ਅਣਿਆ, ਬੇਲਾ, ਨਏ ਪੱਤੇ, ਅਰਚਨਾ, ਆਰਾਧਨਾ।

੫. ਜੀਵਨੀ : ਧ੍ਰੁਵ, ਭੀਸ਼ਮ, ਰਾਣਾ ਪ੍ਰਤਾਪ।

੬. ਨਾਵਲ : ਅਪਸਰਾ, ਅਲਕਾ, ਪ੍ਰਭਾਵਤੀ, ਨਿਰੁਪਮਾ, ਚੋਟੀ ਕੀ ਪਕੜ, ਕਾਲੇ ਕਾਰਨਾਮੇ।

੭. ਨਿਬੰਧ : ਪ੍ਰਬੰਧ ਪਦਮ, ਪ੍ਰਬੰਧ ਪ੍ਰਤਿਮਾ, ਚਾਬੁਕ।

੮. ਪਤ੍ਰਿਕਾ ਸੰਪਾਦਨ : 'ਸਮਨਵਯ', 'ਮਤਵਾਲਾ' (ਰਾਮ ਕ੍ਰਿਸ਼ਣ ਮਿਸ਼ਨ ਕਲਕੱਤਾ ਤੋਂ ਪ੍ਰਕਾਸ਼ਤ)।

੯. ਫੁਟਕਲ . ਹਿੰਦੀ-ਬੰਗਲਾ ਸ਼ਿਕਸ਼ਾ, ਰਸ ਅਲੰਕਾਰ, ਵਾਤਸਯਾਯਨ ਕਾਮ ਸੂਤ੍ਰ, ਤੁਲਸੀ ਕ੍ਰਿਤ ਰਾਮਾਇਣ ਕੀ ਟੀਕਾ।

੧੦. ਰੇਖਾ ਚਿਤ੍ਰ : ਕੁੱਲੀ ਭਾਟ, ਬਿੱਲੇਸੁਰ ਬਕਰਿਹਾ।

ਹਿੰਦੀ ਸਾਹਿੱਤ ਵਿੱਚ ਨਿਰਾਲਾ ਜੀ ਮੁਖ ਰੂਪ 'ਚ ਕਵੀ ਹੀ ਪ੍ਰਸਿੱਧ ਹਨ। ਉਨ੍ਹਾਂ ਦੀ ਸ਼ਖਸੀਅਤ ਅਤੇ ਸਾਹਿੱਤਿਕ ਪ੍ਰਤਿਭਾ ਨੂੰ ਪਦਮ ਭੂਸ਼ਣ ਸੁਮਿਤ੍ਰਾ ਨੰਦਨ ਪੰਤ (ਇਨ੍ਹਾਂ ਦੀ ਜਾਣ ਪਛਾਣ ਅਸੀਂ ਪਿਛਲੇ ਅੰਕਾਂ ਵਿਚ ਕਰਵਾ ਚੁੱਕੇ ਹਾਂ) ਨੇ ਕਵਿਤਾ ਰਾਹੀਂ ਇਸ ਪ੍ਰਕਾਰ ਉਲੀਕਿਆ ਹੈ :

"ਛੰਦ ਬੰਧ ਧਰੁਵ ਤੋੜ, ਫੋੜ ਕਰ ਪਰਵਤ ਕਾਰਾ,
ਅਚਲ ਰੂੜ੍ਹਿਯੋਂ ਕੀ, ਕਵਿ, ਤੇਰੀ ਕਵਿਤਾ ਧਾਰਾ,
ਮੁਕਤ, ਅਗਾਧ, ਅਮੰਦ, ਰਜਤ, ਨਿਰਝਰ-ਸੀ ਨਿਸਰਿਤ,
ਗਲਿਤ, ਲਲਿਤ ਆਲੋਕ ਰਾਸ਼ਿ, ਚਿਰ ਅਕਲੁਸ਼ ਅਵਿਜਿਤ,
ਸਫਟਿਕ ਸ਼ਿਲਾਓਂ ਸੇ ਤੂ ਨੇ ਵਾਣੀ ਕਾ ਮੰਦਿਰ,
ਸ਼ਿਲਪਿ ਬਨਾਯਾ, ਜਯੋਤਿ ਕਲਸ਼ ਨਿਜ ਯਸ਼ੁ ਕਾ ਘਰ ਚਿਰ।
... ... ... ...

ਅਮ੍ਰਿਤ ਪੁਤ੍ਰ ਕਵਿ, ਯਸ : ਕਾਯ ਤਵ ਜਰਾ ਮਰਣ ਜਿਤ,
ਸ੍ਵਯੰ ਭਾਰਤੀ ਸੇ ਤੇਰੀ ਹ੍ਰਿਤ ਤੰਤ੍ਰੀ ਝੰਕ੍ਰਿਤ ।''

*           *           *           *

'ਮਹਾਕਵਿ ਨਿਰਾਲਾ' ਫ਼ਿਲਮ ਦੇ ਨਿਰਮਾਤਾ ਸ੍ਰੀ ਰਿਸ਼ੀ ਜੈਮਿਨਿ ਕੌਸ਼ਿਕ ਬਰੂਆ ਦਾ ਜਨਮ ੧੯ ਜੁਲਾਈ ੧੯੧੯ ਵਿਚ ਹੋਇਆ । ਉਨ੍ਹਾਂ ਦੀ ਪਹਿਲੀ ਰਚਨਾ ੧੯੪੨ ਈ. ਵਿੱਚ ਛਪੀ । ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ: ਸੈਲੇ, ਕਲਕਤਾ ਕੇ ਉਰਦੂ ਕਥਾਕਾਰ, ਕਲਕੱਤਾ ਕੇ ਹਿੰਦੀ ਕਥਾਕਾਰ, ਨਿਰਾਲਾ ਅਭਿਨੰਦਨ ਗ੍ਰੰਥ, ਰਾਜਾ ਬਲਦੇਵ ਦਾਸ ਬਿੜਲਾ, ਅੰਖਿਯਾ ਨਿਹਾਰ ਕੇ ਪਗ-ਧੋਰੀ ਝਾਰ ਕੇ, ਜਰਜਰ ਹਥੌੜੇ, ਮਾਖਨ ਲਾਲ ਚਤੁਰਵੇਦੀ (ਸੈਸ਼ਵ ਕੀ ਜੀਵਨੀ), ਰਾਸ਼ਟਰ ਕਵਿ ਮੈਥਿਲੀ ਸ਼ਰਣ ਗੁਪਤ ਅਭਿਨੰਦਨ ਗ੍ਰੰਥ, ਨਾਦ-ਨਿਨਾਦਸ੍ਰੀ, ਵਰਿੰਦਾ ਵਣੀ ਹਥੇਲੀ ਨਗਰੀ ਕਲਕੱਤਾ ਕੀ, ਸ੍ਰੀ ਜਮੁਨਾ ਪ੍ਰਸਾਦ ਪਾਂਡੇਯ ਅਭਿਨੰਦਨ-ਬੀਥੀ, 'ਆਨੰਦੀ ਲਾਲ ਪੋਦੱਾਰ-ਸਮ੍ਰਿਤੀ ਪੁਸ਼ਪਿ', ਆਦਿ ।

*           *           *           *

ਹਰਜੀ ਮਲ ਡਾਲਮੀਯਾ ਟ੍ਰਸਟ ਨੇ ੧੯੬੭ ਦੇ ਸਾਹਿੱਤਿਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ । ਇਹ ਪੁਰਸਕਾਰ ੨੧੦੦ ਰੁਪੈ ਦਾ ਹੈ । ਹੇਠ-ਲਿਖੇ ਵਿਦਵਾਨਾਂ ਨੂੰ ਉਨ੍ਹਾਂ ਦੇ ਨਾਂ ਅੱਗੇ ਲਿਖੀਆਂ ਪੁਸਤਕਾਂ ਉੱਤੇ ਦਿੱਤਾ ਗਿਆ ਹੈ :

੧. ਡਾ: ਗਣਿਪਤ ਚੰਦ੍ਰ ਗੁਪਤ : ਸਾਹਿਤਯ ਵਿਗਿਆਨ; ਇਹ ਡਾਕਟਰ ਸਾਹਿਬ ਦਾ ਡੀ. ਲਿਟ. (ਪੰਜਾਬ ਯੂਨੀਵਰਸਿਟੀ) ਦਾ ਥੀਸਿਸ ਹੈ । ਹਿੰਦੀ ਵਿੱਚ ਗੁਪਤ ਜੀ ਨੂੰ ਹੀ ਸਭ ਤੋਂ ਪਹਿਲਾਂ ਡੀ. ਲਿਟ. ਦੀ ਉਪਾਧੀ ਮਿਲੀ ਹੈ । ਇਹ ਅੱਜ ਕਲ ਪੋਸਟ ਗ੍ਰੈਜੂਏਟ ਰੀਜਨਲ ਸੈਂਟਰ, ਸ਼ਿਮਲਾ ਵਿਚ ਹਿੰਦੀ ਵਿਭਾਗ ਵਿੱਚ ਰੀਡਰ ਹਨ ।

੨. ਡਾ: ਪ੍ਰਤਾਪ ਨਾਰਾਯਣ ਟੰਡਨ : ਸਮੀਕਸ਼ਾ ਕੇ ਮਾਨ ਔਰ ਹਿੰਦੀ ਸਮੀਕਸ਼ਾ ਕੀ ਵਿਸ਼ਿਸ਼ਟ ਪ੍ਰਵ੍ਰਿੱਤੀਯਾਂ, ਆਪ ਅੱਜ ਕਲ ਲਖਨਊ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਵਿੱਚ ਪੜ੍ਹਾ ਰਹੇ ਹਨ । 'ਹਿੰਦੀ ਉਪਨਯਾਸ ਮੇਂ ਕਥਾ ਸ਼ਿਲਪ ਕਾ ਵਿਕਾਸ' (ਪੀ. ਐਚ. ਡੀ. ਦੇ ਸ਼ੋਧ-ਪ੍ਰਬੰਧ) ਉੱਤੇ ਇਨ੍ਹਾਂ ਨੂੰ ਉੱਤਰ ਪ੍ਰਦੇਸ਼ ਸਰਕਾਰ ਵਲੋਂ ੫੦੦ ਰੁਪਏ ਦਾ ਅਤੇ 'ਅੰਧੀ ਦ੍ਰਿਸ਼ਟੀ' ਉੱਤੇ ੩੦੦ ਰੁਪਏ ਦਾ ਇਨਾਮ ਮਿਲ ਚੁੱਕਿਆ ਹੈ ।

੩. ਡਾ: ਭੋਲਾ ਨਾਥ ਤਿਵਾੜੀ: ਭਾਸ਼ਾ ਵਿਗਿਆਨ; ਹਿੰਦੀ ਕੋਸ਼-ਕਲਾ ਅਤੇ ਭਾਸ਼ਾ-ਵਿਗਿਆਨ ਦੇ ਖੇਤਰ ਵਿੱਚ ਇਨ੍ਹਾਂ ਦੀ ਖ਼ਾਸ ਥਾਂ ਹੈ । ਆਪ ਰਸ ਦੀ ਯਾਤਰਾ ਭੀ ਕਰ ਚੁੱਕੇ ਹਨ । ਡਾਕਟਰ ਸਾਹਿਬ ਦੀ ਇਸੇ ਪੁਸਤਕ ਉੱਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ੧੫੦੦ ਰਪਏ ਦਾ ਇਨਾਮ ਇਸੇ ਸਾਲ ਦਿੱਤਾ ਗਿਆ ਹੈ ।

*           *           *           *

ਉੱਤਰ ਪ੍ਰਦੇਸ਼ ਸਰਕਾਰ ਦੀ ਪੁਰਸਕਾਰ ਯੋਜਨਾ ਸਮਿਤੀ ਵੱਲੋਂ ਇਸ ਤਰ੍ਹਾਂ ਪੁਰਸਕਾਰ ਦਿੱਤੇ ਗਏ ਹਨ :

| ਲੇਖਕ ਅਤੇ ਨਿਵਾਸ ਥਾਂ | ਪੁਸਤਕ | ਪੁਰਸਕਾਰ ਦਾ ਨਾਂ | ਰਕਮ |
|---|---|---|---|
| ੧. ਡਾ. ਹਰਿਵੰਸ਼ ਰਾਯ ਬੱਚਨ (ਨਵੀਂ ਦਿੱਲੀ) | 'ਨਾਗਰ ਗੀਤ' | ਬਾਲ ਕ੍ਰਿਸ਼ਨ ਸ਼ਰਮਾ ਨਵੀਨ ਪੁਰਸਕਾਰ | ੨੫੦੦ ਰੁਪਏ |

| | | | |
|---|---|---|---|
| ੨. ਡਾ. ਲਕਸ਼ਮੀ ਨਾਰਾਯਣ ਲਾਲ (ਨਵੀਂ ਦਿੱਲੀ) | 'ਮਨ ਵਰਿੰਦਾਵਨ' | ਪ੍ਰੇਮ ਚੰਦ ਪੁਰਸਕਾਰ | ੨੫੦੦ ਰੁਪਏ |
| ੩. ਸ਼੍ਰੀ ਸ਼੍ਰੀ ਪ੍ਰਕਾਸ਼ (ਬਨਾਰਸ) | ਪਾਕਿਸਤਾਨ ਕੇ ਪ੍ਰਾਰੰਭਿਕ ਦਿਨ' | ਆਚਾਰਯ ਨਰੇਂਦ੍ਰ ਦੇਵ ਪੁਰਸਕਾਰ | ੨੫੦੦ ਰੁਪਏ |
| ੪. ਸ੍ਰੀ ਪ੍ਰਭੁ ਦਯਾਲ ਮਿੱਤਲ | 'ਬ੍ਰਜ ਕਾ ਸਾਂਸਕ੍ਰਿਤਿਕ ਇਤਿਹਾਸ' | ਹਿੰਦੀ ਸਾਹਿੱਤ ਦੇ ਵਿਕਾਸ ਲਈ | ੧੫੦੦ ਰੁਪਏ |

* * * *

ਭਾਰਤ ਸਰਕਾਰ ਦੇ ਸਾਮੁਦਾਇਕ ਵਿਕਾਸ ਅਤੇ ਸਹਿਕਾਰਤਾ ਵਿਭਾਗ ਵਲੋਂ ਪੰਜਵੀਂ ਅਖਿਲ ਭਾਰਤੀ ਬੁਨਿਆਦੀ ਸਾਹਿੱਤ ਪ੍ਰਤੀਯੋਗਤਾ ਦੇ ਅਧਾਰ ਉੱਤੇ ਹੇਠ-ਲਿਖੇ ਰਚਨਾਕਾਰਾਂ ਦੀਆਂ ਰਚਨਾਵਾਂ ਉੱਤੇ ਇੱਕ ਇਕ ਹਜ਼ਾਰ ਰੁਪਏ ਦਾ ਇਨਾਮ ਦਿੱਤਾ ਗਿਆ ਹੈ:

| ਰਚਨਾਕਾਰ | ਰਚਨਾ |
|---|---|
| ੧. ਸ੍ਰੀ ਸ਼ਕਿਤ ਤ੍ਰਿਵੇਦੀ | ਰੇਗਿਸਤਾਨ ਕੇ ਭਗੀਰਥ |
| ੨. ਸ੍ਰੀ ਰਾਮੇਂਦ੍ਰ ਕੁਮਾਰ ਬਾਜਪੇਈ | ਸ੍ਵਸਤ ਕੈਸੇ ਰਹੇਂ ? |
| ੩. ਸ੍ਰੀਮਤੀ ਵਿਭਾ ਦੇਵੇਸਰ | ਪਾਂਚ ਦੇਵਤਾ ਏਕ ਮੰਦਿਰ। |
| ੪. ਸ੍ਰੀ ਵੇਦ ਮਿਤ੍ਰ | ਕੋਈ ਖੇਤ ਨ ਸੂਖੇ। |

## ਪੰਜਾਬੀ ਸਾਹਿੱਤ ਅਕਾਡਮੀ ਦੀਆਂ ਚੋਣਵੀਆਂ ਪੁਸਤਕਾਂ

| | | | |
|---|---|---|---|
| ੧. | ਯਥਾਰਥਵਾਦ | ਪ੍ਰੋ: ਕਿਸ਼ਨ ਸਿੰਘ ਐਮ. ਏ. | ੨.੦੦ |
| ੨. | ਮੇਰਾ ਬਚਪਨ | ਰਵੀਂਦ੍ਰ ਨਾਥ ਟੈਗੋਰ | ੨.੬੦ |
| ੩. | ਟੈਗੋਰ ਕਹਾਣੀਆਂ | — ,, | ੩.੦੦ |
| ੪. | ਦੋ ਭੈਣਾਂ | — ,, | ੨.੪੦ |
| ੫. | ਭਾਰਤੀ ਸੰਸਕ੍ਰਿਤੀ ਦਾ ਕੇਂਦਰ | — ,, | ੧.੫੦ |
| ੬. | ਰਾਸ਼ਟਰ-ਵਾਦ | — ,, | ੨.੫੦ |
| ੭. | ਸੁਨਹਰੀ ਨੌਕਾ | — ,, | ੨.੦੦ |
| ੮. | ਟੈਗੋਰ ਡਰਾਮੇ | — ,, | ੨.੫੦ |
| ੯. | ਓਹ | — ,, | ੨.੫੦ |
| ੧੦. | ਕੌਰਵ-ਪਾਂਡਵ | — ,, | ੩.੦੦ |
| ੧੧. | ਵਿਸ਼ਵ-ਪਰਿਚਯ | — ,, | ੨.੦੦ |
| ੧੨. | ਚੋਣਵੇਂ ਨਿਬੰਧ | — ,, | ੨.੪੦ |
| ੧੩. | ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ | —ਡਾ: ਗੰਡਾ ਸਿੰਘ | |
| | ਦੋ ਭਾਗ: (੧) ਡਾ: ਭਾ: ਜੋਧ ਸਿੰਘ (ਜੀਵਨੀ) | —,, | ੬.੦੦ |
| | (੨) ਪੰਜਾਬ (੧੮੬੦-੧੯੬੨) | —,, | ੧੫.੦੦ |

ਮਿਲਣ ਦਾ ਪਤਾ:

**ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ**

# ਕਵੀ ਜੈ ਸਿੰਘ ਦੀ ਰਚਨਾ

/ਪਿੱਛੇ ਤੋਂ ਅੱਗੇ/

ਪ੍ਰੀਤਮ ਸਿੰਘ

ੴ ਸਤਿਗੁਰ ਪ੍ਰਸਾਦਿ ॥

ਪੱਤਰਾ ੨੦੭ (ੳ) **ਸੀਹਰਫੀ ਅਲਫ਼ ਬੇ**

ਅਲਫ਼ ਇਲਾਹੀ ਸੁਬ ਸਮਾਹੀ ਏਕੋ ਏਕੀ ਮਉਲਾ ਰੇ ॥
ਅੰਤਰ ਬਾਹਰਿ ਗ਼ਾਇਬ ਜ਼ਾਹਰਿ ਸਮਝੇ ਦੇਖੈ ਸੋ ਅਉਲਾ ਰੇ ॥
ਪੀਰ ਪਛਾਨੇ ਆਪ ਕੋ ਜਾਨੇ ਮਨ ਮੂਏ ਮਨੁ ਜਾਨਾ ਰੇ ॥
ਜਬ ਆਪਾ ਬੂਝਿਆ ਅਨਸੂਝਤ ਸੂਝਿਆ ਤਬ ਏਕ ਕੋ ਕਰ ਮਾਨਿਆ ਰੇ ॥੧॥

ਬੇ ਬਾਕੀ ਅਲਾ ਹੀ ਕਹੀਏ ਅਉਰ ਦੀਸੇ ਸਭ ਫ਼ਾਨੀ ਰੇ ॥
ਫ਼ਾਨੀ ਮੋ ਜੋ ਉਰਝ ਪਰੇ ਤਾਹੂ ਹੋਤ ਹੈਵਾਨੀ ਰੇ ॥
ਪੱਤਰਾ ੨੦੭ (ਅ) ਹੈਵਾਨ ਕੋ ਕਾ/ਮੁ ਨਹੀਂ ਪੀਰ ਪਾਵਨ ਪੀਰ ਬਿਨਾ ਨਹੀਂ ਛੂਟੇ ਰੇ ॥
ਬੇਪੀਰ ਕੋ ਪੀਰੁ ਕਹਾ ਹੈ ਹੋਵਤ ਪੀਰ ਬਿਨਾ ਸਭ ਲੂਟੇ ਰੇ ॥੨॥

ਤੇ ਤਨ ਤਾਵੋ ਪ੍ਰੇਮੁ ਅਗਨ ਸੋ ਤਪੁ ਬੂਝੇ ਹੋ ਪਾਕਾ ਰੇ ॥
ਪਾਕ ਜਾਇ ਮੋ ਪਾਕ ਕਾ ਬਾਸਾ ਨਾਮੁ ਜਪਤ ਥਾ ਜਾਕਾ ਰੇ ॥
ਪਾਕ ਹੋਇ ਬਿਨੁ ਪਾਕ ਨ ਪਾਏ ਸਮਝ ਦੇਖੋ ਸਭੁ ਕੋਈ ਰੇ ॥
ਮੁਹਬਤਿ ਦੂਨੀਆ ਮਹਾ ਪਲੀਤੀ ਦਿਲ ਮੇ ਜਾ ਕੇ ਹੋਈ ਰੇ ॥੩॥

ਸੇ ਸਾਲਸ ਹੋਇ ਕਰੋ ਬੀਚਾਰਾ ਦੂਨੀਆ ਖ਼ਾਬ ਖਿਆਲਾ ਰੇ ॥
ਹੜ ਕੋ ਜਲੁ ਜੈਸੇ ਹੈ ਆਵਤ ਛਿਨ ਮੋ ਜਾਇ ਪਇਆਲਾ ਰੇ ॥
ਪੱਤਰਾ ੨੦੮ (ੳ) ਤ੍ਰਿਨ ਕੀ ਅਗਨ ਮੇਘ ਕੀ ਛਾਇਆ ਦੇਖਤ ਹੀ/ਬਿਨਸਾਈ/ਰੇ ॥
ਝੂਠੀ ਬਾਜੀ ਆਨ ਪਰੀ ਹੈ ਮੁਰਸ਼ਦੁ ਢੂਢ ਨ ਪਾਈ ਰੇ ॥੪॥

ਜੀਮ ਜਮਾਲੁ ਮੁਰਸਦ ਕਾ ਸਾਚਾ ਮੁਰਸਦੁ ਜਿਸੇ ਦਿਖਾਵੇ ਰੇ ॥
ਮੁਸਤਾਕੁ ਕਰੇ ਮਨ ਅਪਨੇ ਕੋ ਸਭ ਗੈਰ ਜਮਾਲੁ ਭੁਲਾਵੇ ਰੇ ॥
ਗੈਰ ਗਯਾ ਤਬ ਹੀ ਪਤਿਯਾਨਾ ਫ਼ਨਾਹ ਮੁਰਸ਼ਦ ਮੋ ਪਾਈ ਰੇ ॥
ਜਬ ਸਭ ਮੈ ਮੁਰਸ਼ਦੁ ਦੇਖ ਲੀਓ ਫਿਰ ਮੁਰਸ਼ਦੁ ਆਪ ਹੋ ਆਈ ਰੇ ॥੫॥

ਹੇ ਕਹੀਕਤ (ਹਕੀਕਤ) ਸਾਚੀ ਜਾਨੋ ਬਿਨੁ ਮੁਰਸ਼ਦ ਨਹੀ ਕੋਊ ਰੇ ॥
ਜੋ ਮੁਰਸ਼ਦੁ ਪਾਏ ਆਪੁ ਗਵਾਏ 'ਤਿਸ ਕਾ ਅਲਾ ਹੋਊ ਰੇ ॥

ਪੱਤਰਾ ੨੦੮ (ਅ) ਅਲਾ ਮੁਰਸਦ ਬੀਚ ਲੁਕਾਨਾ ਬਿਨੁ ਮੁਰਸ਼/ਦ ਕੋਊ ਨ ਪਾਵੇ ਰੇ ॥
ਅਲਾ ਮੁਰਸ਼ਦੁ ਏਕੋ ਜਾਨੇ ਤਬ ਜਾ ਸਾਚ ਸਮਾਵੇ ਰੇ ॥੬॥

ਖੇ ਖਿਆਲ ਦੁਨੀਆ ਹੈ ਝੂਠੀ ਜੋ ਲਾਗ ਰਹੇ ਸੇ ਝੂਠੇ ਰੇ ॥
ਬਿਨਸਤ ਬਾਰ ਨ ਲਾਗਤ ਵਾ ਕੋ ਅਜਿਰਾਈਲ ਫੜਿ ਕੂਠੇ ਰੇ ॥
ਦੋਜਕ ਬੀਚ ਬਾਧ ਕਰਿ ਡਾਰੇ ਜਰਤੇ ਕਰੇ ਪੁਕਾਰਾ ਰੇ ॥
ਸਦਾ ਜਰੇ ਕਛੁ ਬਸੁ ਨਹੀ ਚਾਲੇ ਕੋਊ ਨ ਸਕਤ ਨਿਕਾਰਾ ਰੇ ॥੭॥

ਦਾਲੁ ਦਿਲੇ ਮੇ ਸਾਹਿਬੁ ਬਸਤਾ ਦਿਲੁ ਦੇ ਦੇਖੇ ਕੋਊ ਰੇ ॥
ਦਿਲੁ ਦੀਜੇ ਮੁਰਸ਼ਦੁ ਕੋ ਲੀਜੇ ਮੁਰਸਦ ਕਰੇ ਸੁ ਹੋਊ ਰੇ ॥
ਪੱਤਰਾ ੨੦੯ (ੳ) ਦਿਲ ਕਾ ਭੇਦੁ ਵਹੀ ਕੋਊ ਜਾਨੇ ਜਿਸ ਦਲੀ/ਲ ਨ ਕੋਈ ਰੇ ॥
ਸੁੰਨ ਮੰਡਲ ਮੋ ਜਾਇ ਸਮਾਨਾ ਤਨ ਕੀ ਖਬਰ ਨ ਹੋਈ ਰੇ ॥੮॥

ਜਾਲੁ ਜਿਕਰੁ ਬਾਤਨ ਸੋ ਕੀਜੇ ਜਾ ਹਰਿ ਕਾ ਮਨ ਆਵੇ ਰੇ ॥
ਜਾ ਹਰਿ ਸੇ ਸਭ ਲੋਕ ਪਤੀਜੇ ਮਨੁ ਮੋ ਮਉਲਾ ਪਾਵੇ ਰੇ ॥
ਅਨਹਦ ਧੁਨ ਰਿਦੇ ਨਾਮੁ ਸੁਨੀਏ ਰੋਮ ਰੋਮ ਹਰਿ ਗਾਵੇ ਰੇ ॥
ਸਿਫ਼ਤ ਮੋ ਜਾਤ ਕੋ ਦੇਖ ਲੀਜੇ ਹੈ ਤਬ ਜਾ ਖੁਦੀ ਬਹਾਵੇ ਰੇ ॥੯॥

ਰੇ ਰਜਾਇ ਮੀਠੀ ਹੈ ਲਾਗੇ ਜੋ ਹੋਵੇ ਸੋ ਹੋਵੇ ਰੇ ॥
ਦੂਖ ਸੂਖ ਕੋ ਏਕੋ ਜਾਨੇ ਦੁਖ ਮੇਂ ਸੁਖ ਸੋ ਸੋਵੇ ਰੇ ॥
ਬਹਿਸ਼ਤ ਦੋਜਕ ਕੋ ਸਮ ਕਰ ਬੂਝੇ ਇਛਿਆ ਕਛੂ ਨ ਭਾਖੇ ਰੇ ॥
ਅਹਿ/ਲ ਰਜਾਇ ਵਾ ਕੋ ਹੀ ਕਹੀਏ ਬਿਨੁ ਅਲਾ ਕਛੂ ਨ ਰਾਖੇ ਰੇ ॥੧੦॥

ਪੱਤਰਾ ੨੦੯ (ਅ) ਜੇ ਜਾਰੀ ਮਉਲੇ ਸੋ ਕੀਜੇ ਬਿਛਰੇ ਕੋ ਫੇਰ ਮਿਲਾਈ ਰੇ ॥
ਪ੍ਰੀਤ ਲਗਾਇ ਜਾਰੀ ਨਿਤ ਕੀਜੇ ਜਬ ਲਖ ਖੁਦੀ ਨ ਜਾਈ ਰੇ ॥
ਮਨ ਕਾ ਸੋਵਨ ਕਹੀਏ ਰੋਵਨ ਜੋ ਇਸਕ ਅਲਾ ਦੇ ਰੋਵੇ ਰੇ ॥
ਮਨ ਕੋ ਰੋਇ ਧੋਇ ਸੁਧ ਕੀਜੇ ਜੋ ਹੋਨਾ ਸੋ ਹੋਵੇ ਰੇ ॥੧੧॥

ਸੀਨ ਸੂਰਤ ਸੇ ਨਜਰ ਉਠਾਵੈ ਬੇਸੂਰਤ ਕੋ ਦੇਖ ਲੀਜੈ ਰੇ ॥
ਮੁਰਸ਼ਦੁ ਕਾਮਲ ਕਰੇ ਤਵਜੋ ਤਬ ਪ੍ਰੇਮ ਪਿਆਲਾ ਪੀਜੈ ਰੇ ॥
ਪਤਰਾ ੨੧੦ (ੳ) ਪੀਅ ਪਿਆਲਾ ਛਾਕ ਪਰੇ ਜਬ ਜਰ ਜਾਵੇ ਸਭ ਦੋਊ ਰੇ ॥
ਸੂਰਤ ਮੋ ਬੇਸੂਰਤ ਦੀਸੇ ਬੇਸੂਰਤ ਸੂਰਤ ਹੋਊ ਰੇ ॥੧੨॥

ਸੀਨ ਸਰਾਬ ਮਹਬਤਿ ਪੀਜੈ ਰਹੇ ਆਠ ਪਹਰ ਖੁਮਾਰੇ ਰੇ ॥
ਮੁਰਸਦ ਸੋ ਮਨੁ ਲਾਗ ਰਹੇ ਜਬ ਉਤਰ ਪਰੇ ਸਭ ਭਾਰੇ ਰੇ ॥
ਮੁਰਸਦੁ ਮਿਹਰ ਮਿਲਾਵੇ ਅਲਾ ਜਿਉ ਦਰੀਆ ਬੂੰਦ ਸਮਾਈ ਰੇ ॥
ਬੰਦਗੀ ਪੂਰੀ ਹੋਵਤ ਵਾ ਕੀ ਜੋ ਮੁਰਸਦ ਕਾਮਲੁ ਪਾਈ ਰੇ ॥੧੩॥

ਸੁਆਦ ਸਬਰੁ ਜਾ ਕੇ ਮਨ ਹੋਵੈ ਤਾ ਕੋ ਕਹੀਏ ਪੂਰਾ ਰੇ ॥

ਸਬਰ ਬਿਨਾ ਜੋ ਫਕਰੁ ਕਹਾਏ ਵਾ ਕੋ ਜਾਨੋ ਕੂਰਾ ਰੇ ॥
ਪੱਤਰਾ ੨੧੦ (ਅ) ਸਬਰੁ ਵਜੀਫਾ ਸਾਲਕੁ ਜਾਨੇ ਬੇਸਬਰ/ਮਨ ਨਹੀ ਲਾਗੇ ਰੇ ॥
ਬੇ ਸਬੂਰੀ ਪਰਤਿ ਨ ਪੂਰੀ ਗੁਨ ਕੀਏ ਸਭ ਭਾਗੇ ਰੇ ॥੧੪॥

ਜੁਆਦੁ ਜਰੂਰ ਬਿਸਾਰੋ ਦੁਨੀਆ ਦੁਨੀਆ ਨਿਹਫਲੁ ਤਰਵਰੁ ਰੇ ॥
ਜੋ ਸੇਵੇ ਸੋ ਨਿਹਫਲੁ ਜਾਈ ਯਾਦ ਇਲਾਹੀ ਅਹਿੰ ਨਿਸ ਕਰੁ ਰੇ ॥
ਯਾਦ ਇਲਾਹੀ ਛੋਡ ਨਾ ਜਾਈ ਸੰਗ ਤੇਰੇ ਹੈ ਚਾਲੇ ਰੇ ॥
ਜੋ ਗਫਲਤ ਸੇਤੀ ਸੋਇ ਰਹੇ ਹੈ ਅੰਤ ਪਰੇ ਜਮਕਾਲੇ ਰੇ ॥੧੫॥

ਤੋਇ ਤਲਬ ਮਉਲੇ ਕੀ ਕੀਜੇ ਅਵਰ ਤਲਬ ਲਬਾਦਾ ਰੇ ॥
ਗੈਰ ਤਲਬ ਹੋਵੇ ਮਨ ਮਾਹੀ ਕਰੇ ਇਲਾਹੀ ਯਾਦਾ ਰੇ ।
ਪੱਤਰਾ ੨੧੧ (ੳ) ਤਲਬ ਗੈਰ ਕੀ ਗੈਰ/ਕਰਤ ਹੈ ਬੰਦਗੀ ਕਾਮ ਨ ਆਵੈ ਰੇ ॥
ਤਾਲਬੁ ਸਚਾ ਵਾਹੂ ਕਹੀਏ ਬਿਨੁ ਅਲਾ ਕਛੂ ਨ ਭਾਵੇ ਰੇ ॥੧੬॥

ਜੁਏ ਜੁਲਮ ਕਿਆ ਕੀਆ ਬਵਰੇ ਦੁਬਧਾ ਜਨਮੁ ਗਵਾਇਆ ਰੇ ॥
ਜਿਸ ਸੁਖ ਤੂੰ ਲਾਗ ਰਹਿਓ ਤਿਸ ਸੁਖੁ ਤੇ ਹੀ ਦੁਖੁ ਪਾਇਆ ਰੇ ॥
ਹਾਨ ਲਾਭ ਕੋ ਸਮਝ ਨ ਸਾਕਾ ਕਲਰ ਖੇਤੀ ਬੋਈ ਰੇ ॥
ਕਲਰ ਸੋਂ ਕਛੁ ਹਾਥ ਨ ਆਇਆ ਸੀਸੁ ਧੁਨੇ ਧੁਨ ਰੋਈ ਰੇ ॥੧੭॥

ਐਨੁ ਐਨੁ ਕਰ ਦੇਖੋ ਬੰਦੇ ਅਪਨੇ ਆਪ ਕੋ ਜਾਨੋ ਰੇ ॥
ਖਾਲਕ ਖਲਕ ਖਲਕ ਮੋ ਖਾਲਕ ਖਾਲਕ ਖਲਕ ਪਛਾਨੋ ਰੇ ॥
ਪੱਤਰਾ ੨੧੧ (ਅ) ਬਿਨੁ ਖਾ/ਲਕ ਕੋਊ ਅਵਰੁ ਨ ਦੂਜਾ ਦੁਬਿਧਾ ਭਰਮੁ ਮਿਟਾਓ ਰੇ ॥
ਤਬ ਐਨ ਹੀ ਐਨ ਨ ਗੈਨ ਕੋਊ ਜਬ ਮੁਰਸਦੁ ਭੇਦ ਬਤਾਇਓ ਰੇ॥੧੮॥

ਗੈਨੁ ਗਰੂਰ ਕਾ ਨੁਕਤਾ ਹੂਆ ਐਬੁ ਐਨ ਕੋ ਲਾਗਾ ਰੇ ॥
ਗੈਨ ਹੀ ਗੈਨ ਕਹੇ ਸਭ ਕੋਊ ਨਾਮੁ ਐਨ ਕਾ ਭਾਗਾ ਰੇ ॥
ਹਾਦੀ ਕਾਮਲੁ ਕਰੇ ਹਿਦਾਇਤ ਖ਼ੁਦੀ ਕਾ ਨੁਕਤਾ ਖੋਈ ਰੇ ॥
ਐਨ ਹੀ ਐਨ ਰਹੇ ਹੈ ਬਾਕੀ ਗੈਨੁ ਕਹੇ ਨਹੀ ਕੋਈ ਰੇ ॥੧੯॥

ਫੇ ਫਕਰੁ ਦੁਨੀਆ ਕਾ ਹੋਵੈ ਤਬ ਲਗ ਫਕਰੁ ਨ ਪਾਵੈ ਰੇ ॥
ਫਿਕਰੁ ਗੈਰ ਕਾ ਮਨ ਤੇ ਖੋਵੈ ਤਬੈ ਫਕੀਰੁ ਕਹਾਵੈ ਰੇ ॥
ਪੱਤਰਾ ੨੧੨ (ੳ) ਫਿਕਰੁ/ਫਕਰੁ ਯਕ ਜਾਇ ਨ ਹੋਵੇ ਇਨ ਕੋ ਦੂਜਾ ਕਹੀਏ ਰੇ ॥
ਫਿਕਰੁ ਮਿਲਣੁ ਅਲਾ ਕਾ ਹੋਵੈ ਇਸ ਫਿਕਰ ਫਕੀਰੀ ਲਹੀਏ ਰੇ ॥੨੦॥

ਕਾਫ ਕਉਲ ਬੰਦਗੀ ਕਰ ਆਇਆ ਈਹਾ ਲਾਗੀ ਮਾਇਆ ਰੇ ॥
ਕੁਟੰਬ ਦੇਖ ਬੰਦਗੀ ਸਭ ਭੂਲੀ ਮਾਇਆ ਨੇ ਭਰਮਾਇਆ ਰੇ ॥
ਆਗੇ ਲੇਖਾ ਮਾਗੈ ਸਾਹਿਬੁ ਕਵਨੁ ਜਬਾਬੁ ਕਰਾਈ ਰੇ ॥
ਅੰਦਰ ਦਰਗਹ ਭਈ ਖੁਆਰੀ ਅੰਤ ਰਸਾਤਲ ਪਾਈ ਰੇ ॥੨੧॥

ਕਾਫ ਕੁਫਰ ਵਾ ਹੂ ਦਮ ਹੋਵੈ ਜਿਸ ਦਮ ਅਲਾ ਭੁਲਾਵੇ ਰੇ ॥
ਪੱਤਰਾ ੨੧੨ (ਅ) ਗਾਫਲ ਬੰਦੇ ਭੇਦੁ ਨ ਪਾਇਆ ਕਾਫ/ਰ ਅਵਰੁ ਬੁਲਾਵੇ ਰੇ ॥
ਬੰਦਗੀ ਕਰੇ ਸੁ ਬੰਦਾ ਹੋਵੈ ਹਰਿ ਦਮ ਨਾਮੁ ਸਮਾਲੇ ਰੇ ॥
ਏਕੁ ਮੁਹਬਤ ਰਾਖੇ ਮਨ ਮੋ ਗੈਰ ਮੁਹਬਤ ਜਾਲੇ ਰੇ ॥੨੨॥

ਗਾਫ ਗਉਹਰਿ ਹੈ ਯਾਦ ਇਲਾਹੀ ਜੇ ਕੋਊ ਕਰ ਸਾਕੇ ਰੇ ॥
ਯਾਦ ਇਲਾਹੀ ਛੋਡ/ਨ ਜਾਹੀ ਗਮ ਨਹੀਂ ਰਾਖੈ ਫਾਕੇ ਰੇ ॥
ਫਾਕਾ ਫਕਰਿ ਕਾ ਤੋਸਾ ਹੋਵਤ ਫਾਕੇ ਫਿਕਰੁ ਨ ਕਰੀਏ ਰੇ ।
ਜੋ ਹੋਵੈ ਸੋ ਸਹੀਐ ਸਿਰ ਪਰ ਬੀਚਿ ਯਾਦ ਅਲਾ ਕੀ ਮਰੀਏਰੇ ॥੨੩॥

ਲਮ (ਲਾਮੁ) ਲਹੂਤੀ ਜਾਇ ਸਮਾਨੇ ਦੁਨੀਆ ਖਬਰ ਨ ਕਾਈ ਰੇ ॥
ਪੱਤਰਾ ੨੧੩ (ੳ) ਨਾਸੂਤੀ ਸੋ ਭਏ ਦਿਵਾਨੇ ਮਲਕੂਤੀ ਅਟਕ ਨ/ਪਾਈ ਰੇ ॥
ਜਬਰੂਤੀ ਸੋ ਕਦਮੁ ਉਠਾਇਓ ਲਾਹੂਤੀ ਲਾ ਕੋ ਪਾਇਓ ਰੇ ॥
ਜੋ ਇਸ ਘਰ ਮੋ ਆਨ ਪਹੂਤੇ ਫਕਰੁ ਤਿਨਾ ਕੋ ਆਇਓ ਰੇ ॥੨੪॥

ਮੀਮ ਮਲੂਕੀ ਕਾਮ ਨ ਆਵੈ ਜਬ ਲਗੁ ਯਾਦ ਨ ਆਈ ਰੇ ॥
ਲਾਖ ਮਲੂਕੀ ਯਾਦ ਇਲਾਹੀ ਜੇ ਕਰ ਭੀਖ ਮੰਗਾਈ ਰੇ ॥
ਮੁਰਸਦੁ ਯਾਦੁ ਬਤਾਵੈ ਅਲਾ ਬਿਨੁ ਮੁਰਸਦ ਨਹੀ ਆਵੈ ਰੇ ॥
ਸਾਚ ਮਲੂਕ ਵਾਹੂ ਕੋ ਕਹੀਏ ਜੋ ਮੁਰਸਦੁ ਕਾਮਲੁ ਪਾਵੈ ਰੇ ॥੨੫॥

ਨੂਨ ਨਾਰ ਇਸਕ ਕੀ ਲਾਗੇ ਅਨ ਦਿਨੁ ਜਰਤਿ ਬਿਹਾਵੇ ਰੇ ॥
ਪੱਤਰਾ ੨੧੩ (ਅ) ਅਕਲ ਫਿਕਰ ਕੋ ਕਾਢ ਦੇਤ ਹੈ/ਏਕ ਓਰ ਲੈ ਆਵੈ ਰੇ ॥
ਏਕ ਸੂਇ ਜਬ ਮਨੂਆ ਲਾਗਾ ਰੀਝ ਰੀਝ ਰੀਝਾਨਾ ਰੇ ॥
ਰੀਝ ਬੂਝ ਜਬੈ ਮਗਨਾਨਾ ਤਬ ਏਕ ਏਕ ਸਮਾਨਾ ਰੇ ॥੨੬॥

ਵਾਉ ਵਲੀ ਵਾਹੂ ਕੋ ਹੋਵਤ ਜੋਊ ਵਿਲਾਇਤ ਤਿਆਗੇ ਰੈ ॥
ਜਹ ਤੇ ਆਇਆ ਤਹ ਜੀਵਤ ਪਹੁਚੇ ਗਫਲਤ ਸੋਇਆ ਜਾਗੇ ਰੇ ॥
ਵਿਲਾਇਤ ਤਜੈ ਵਿਲਾਇਤ ਪਾਵੈ ਅਹਿਲ ਵਿਲਾਇਤ ਹੋਊ ਰੇ ॥
ਜਾ ਪਰ ਮਿਹਰ ਅਲਾ ਕੀ ਹੋਤੀ ਮਨ ਤਰਕ ਕਰਤ ਹੈ ਸੋਊ ਰੇ ॥੨੭॥

ਹੇ ਹਾਦੀ ਜਬ ਕਰੇ ਹਿਦਾਇਤ ਤਬ ਜਾਹਿਦ ਭੁਲਾਵੇ ਰੇ ॥
ਪੱਤਰਾ ੨੧੪ (ੳ) ਹਦ ਛੋਡਿ ਬਿਹਦ ਕੋ ਲਾਗੇ ਵ/ਹ ਹਦ ਬਿਹਦ ਕਹਾਵੈ ਰੇ ॥
ਆਠ ਪਹਰ ਇਕੋ ਮਨ ਰਖੇ ਤਬ ਖਾਸ ਮੁਰੀਦੀ ਜਾਨੇ ਰੇ ॥
ਦੁਨੀਆ ਰੰਗ ਨ ਦੇਖੇ ਨੈਨੀ ਬਿਨੁ ਹਾਦੀ ਗੈਰ ਨ ਮਾਨੇ ਰੇ ॥੨੮॥

ਅਲਫ ਅਲਾ ਬੇਖਬਰ ਨ ਜਾਨੋ ਖਬਰ ਭਈ ਜਬ ਮੂਆ ਰੇ ॥
ਕਉਮ ਕਬਾਇਲ ਸੰਗ ਨ ਚਾਲਿਓ ਜਾਇ ਦੋਜਕ ਉਲਟਾ ਹੂਆ ਰੇ ॥
ਜਰਨ ਲਗਾ ਤਬ ਹੀ ਪਛੁਤਾਨਾ ਪੁਕਾਰ ਕਰੇ ਕਰ ਰੋਈ ਰੇ ॥
ਲਾਨਤ ਲਾਨਤ ਸਭ ਕਹਿ ਜਾਵੈ ਬਾਤ ਨ ਪੂਛੇ ਕੋਈ ਰੇ ॥੨੯॥

ਲਾਮ ਲਾਲਚ ਸੋ ਜਨਮੁ ਬਿਤਾਇਓ ਮੋ ਮਨ ਮਤਿ ਨ ਕਾਈ ਜੀ ।:
ਪੱਤਰਾ ੨੧੪ (ਅ) ਨਾਮੁ ਤੁਮਾਰਾ ਲੇ ਨਹੀ ਸਾ/ਕਉ ਬਿਰਥੀ ਉਮਰ ਗਵਾਈ ਜੀ ॥
ਮੁਰੀਦੀ ਮੁਰਸਦ ਕੀ ਨਹੀਂ ਕੀਨੀ ਗਫਲਤ ਸੋਤੀ ਸੋਇਓ ਜੀ ॥
ਫਜਲ ਬਿਨਾ ਕੈਸੇ ਮੁਹ ਛੂਟੋ ਰੁਤ ਮੋ ਬੀਜੁ ਨ ਬੋਇਓ ਜੀ ॥੩੦॥

ਯੇ ਯਾ ਰਬ ਤੋ ਪਹਿ ਕਰੋ ਬਿਨੰਤੀ ਤੁਝ ਬਿਨੁ ਕਉਨ ਹਮਾਰਾ ਜੀ ॥
ਗੁਣਾਹਗਾਰ ਹਉ ਲੂਣ ਹਰਾਮੀ ਸਰਮਿੰਦਾ ਮੁਹ ਕਾਰਾ ਜੀ ॥
ਏਕ ਘਰੀ ਬੰਦਗੀ ਨਹੀ ਕੀਨੀ ਬੰਦਾ ਨਾਮੁ ਕਹਾਇਓ ਜੀ ॥
ਸਾਹਿਬ ਕੀ ਮੈਂ ਸੇਵ ਨ ਜਾਨੀ ਦੁਨੀਆ ਲੋਭ ਲੁਭਾਇਓ ਜੀ ॥
ਬਖਸ ਕਰੀ ਵਡਿਆਈ ਤੇਰੀ ਤੋ ਕਉ ਹੀ ਬਨਿਆਈ ਜੀ ॥
ਬਖਸੰਦ ਕਹਤ ਹੈ ਨਾਮੁ ਤੁਮਾਰਾ ਨਿਤ ਜੈ ਸਿੰਘ ਦਰਸਨੁ ਪਾਈ ਜੀ॥੧॥

॥ ਸੰਪੂਰਨ ॥

ਪੱਤਰਾ ੨੧੫ (ੳ) ੧ ਓ ਸਤਿਗੁਰ ਪ੍ਰਸਾਦਿ

ਨਟੂਏ ਖੇਲ ਕੀਓ ਬਹੁ ਭੇਖਿ ॥
ਓਝਰੀ ਖੇਲਿ ਖੇਚਿਓ ਪਸਾਰਾ ਨਟੂਆ ਰਹਿ ਗਇਓ ਏਕ ॥੧॥
ਜੈਸੇ ਬੀਜ ਬੋਇਉ ਧਰਨੀ ਮੈ ਵਹ ਉਪਜਿਉ ਬਹੁ ਭਾਤ ॥
ਜਬ ਪਾਕਿਓ ਤਬ ਏਕੋ ਦੀਸੈ ਸਭ ਉਸ ਹੀ ਮਾਹਿ ਸਮਾਤ ॥੨॥
ਜੈਸੇ ਕੰਚਨ ਭੂਖਨ ਕੀਨੇ ਅਪਨੇ ਅਪਨੇ ਰੂਪ ॥
ਬਿਨ ਕੰਚਨ ਵਹ ਅਵਰ ਨ ਕਹੀਐ ਜੈਸੇ ਭਾਨ ਕੀ ਧੂਪ ॥੩॥
ਪੱਤਰਾਂ ੨੧੫ (ਅ) ਜੈਸੇ ਮਾਲਾ ਸੂਤ ਕੀ ਕੀਜੈ ਭਿਨ ਭਿਨ ਗੰਠ ਦੀਜੈ ॥
ਓਤ ਪੋਤ ਸੂਤ ਹੀ ਕਹੀਐ ਅਵਰ ਨ ਦੂਜਾ ਦੀਸੈ ॥੪॥
ਜਿਉ ਮਾਟੀ ਕੇ ਬਾਸਨ ਕੀਨੇ ਰੰਗ ਕੀਆ ਬਹੁ ਭਾਤ ॥
ਮਾਟੀ ਸੋ ਕਛੁ ਅਵਰੁ ਨ ਹੋਵੇ ਸਭ ਕੀ ਏਕਾ ਜਾਤ ॥
ਪੂਰਾ ਸਤਗੁਰ ਹੋਮੈ ਖੋਵੈ ਦੁਤੀਆ ਭਾਉ ਬਿਨਾਸੈ ॥
ਜੈ ਸਿਘ ਮਿਲ ਮਹਤਾਬ ਸ਼ਾਹ ਬ੍ਰਹੰਮ ਕੀਆ ਪ੍ਰਗਾਸ਼ੈ ॥੧॥ ॥

ਮਾਈ ਮੇਰੋ ਨੇਹੁ ਲਗੋ ਹਰਿ ਹਰੀ ॥
ਸੰਤ ਪ੍ਰਸਾਦਿ ਲਾਗੋ ਮੇਰਾ ਨੇਹਾ ਸੀਸ ਚਰਣਾ ਤਲ ਧਰੀ ॥੧॥
ਜੋ ਲੌਉ ਮੀਤ ਦਿਸਟਿ ਨਹੀ ਆਵੈ ਤਰਫ ਤਰਫ ਮਰ ਜਾਈਐ ਹਾਵੈ॥
ਅਨਦਿਨ ਕਰਤ ਜਰੀ ਜਰੀ ॥੨॥

ਬ੍ਰਿਹਾ ਕੀ ਅਗਨਿ ਇਸ ਤਨ ਕਉ ਦਹੇ ਹਾਡ ਚਾਮ ਭਸਮ ਹੋਇ
ਰਹੇ ਕਵਨ ਇਲਾਜ ਕਰੀ ॥
ਚਿਖਾ ਸਮਾਨ ਸੇਜਿ ਮੇਰੀ ਕਹੀਐ ਬਿਛਰਤ ਪ੍ਰੀਤਮ ਐਸੇ ਦੁਖਿ ਸਹੀਏ॥
ਪ੍ਰੇਮ ਅਗਨਿ ਮੇ ਪਰੀ ॥੩॥
ਜੈ ਸਿੰਘ ਸਰਨਿ ਗੁਰ ਨਾਨਕ ਆਇਓ
ਪ੍ਰੇਮ ਪਦਾਰਥ ਸਤਿਗੁਰ ਤੇ ਪਾਇਓ
ਭਵ ਸਾਗਰ ਅਬ ਤਰੀ ॥੪॥੨॥

ਕਹੁ ਰੇ ਪਾਂਡੇ ਬ੍ਰਹਮੁ ਬੀਚਾਰਿ ॥
ਗਣਿਤ ਗਣੇਤੇ ਬੇਦ ਸੁਣੇਤੇ ਪੁਰਾਣਿ ਨ ਸਾਕਤਿ ਤਾਰਿ।
ਖਟ ਸਾਸਤ੍ਰ ਖਟ ਮਤਿ ਹੈ ਵਾ ਕੇ ਕਿਸ ਕੋ ਝੂਠਾ ਕਹੀਐ ॥
ਪੱਤਰਾ ੨੧੬ (ਅ) ਗਰਾ ਕਟੇ ਤੇ ਤੀਰਥ ਨਾਏ/ਤੇ ਹਰਿ ਕਾ ਮਰਮੁ ਨ ਲਹੀਐ ॥
ਨਗਨਿ ਭੇਇਉ ਧਰਨੀ ਸਭ ਭਵਿਉ ਬ੍ਰਹਮ ਕਲਾ ਨਹੀ ਜਾਨੀ ॥
ਤਪ ਕੀਏ ਤੇ ਜੋਗ ਲੀਏ ਤੇ ਤਤ ਨ ਜਾਇ ਪਛਾਨੀ ॥
ਪੰਚ ਭੂਆਤਮ ਬਸਿ ਹੈ ਕੀਨੇ ਨੇਮਿ ਧਰਮਿ ਸਭ ਕਰਤਾ ॥
ਦੇਵ ਜਪੇ ਤੇ ਲਾਜ ਤਜੇ ਤੇ ਜਮੁ ਕੋ ਡੰਡੁ ਨ ਰਹਤਾ ॥
ਬੁਧ ਕੀ ਬਾਤੀ ਤੈਲੁ ਸੇਵਿ ਕਾ ਤਨ ਕਾ ਦੀਪਕੁ ਕਰੀਐ ॥
ਬਿਓਗੀ ਸਤਿਗੁਰ ਕੋ ਜਾਇ ਮਿਲੀਐ ਪ੍ਰੇਮਿ ਅਗਨਿ ਸਿਉ ਜਰੀਐ ॥
ਪੱਤਰਾ ੨੧੭ (ੳ) ਦੀਪਕਿ ਸਿਉ ਦੀਪਕਿ ਪ੍ਰਗਾਸਿ/ਓ ਐਸਾ ਗੁਰੂ ਹਮਾਰਾ ॥
ਜੈ ਸਿੰਘ ਮਿਲਿ ਮਹਿਤਾਬਿ ਸਾਹ ਆਨਿ ਭਾਵਿ ਸਭ ਜਾਰਾ ॥੧॥੩॥

ਐਸੀ ਜਰੀ ਜੈਸੇ ਬਿਰਹਾ ਜਰਿਉ ॥
ਪਾਵਕ ਦੇਖਤ ਹੀ ਲਜਾਨੋ ਐਸੇ ਹਾਡਨ ਮੋ ਬਰਿਉ ॥੧॥
ਮੁਖਿ ਭੇਟਤ ਬ੍ਰਿਛ ਪੰਛੀ ਜਰਿ ਜਾਤ ਅਪਨੇ ਜਰਨ ਤੇ ਬਿਰਹਾ ਡਰਿਉ॥
ਪਵਨ ਪਾਨੀ ਨਿਸਿ ਦਿਨਿ ਹੈ ਲਰਜਤ ਧਰਨ ਗਗਨ ਮੇਂ ਸੋਰਿਪਰਿਓ॥੨॥
ਜੈ ਸਿੰਘ ਜਨ ਸੰਸੇ ਮੇਂ ਪਰਿਓ ਪ੍ਰੀਤਮ ਕਵਨ ਇਲਾਜ ਕਰੋਉ ॥੩॥੪॥

ਛੂਟਨ ਕੀ ਬਿਧਿ ਕਵਨ ਕਰੈ ॥
ਨਖ ਸਖ ਲਉ ਬਾਧਿਓ ਹੈ ਇਹਿ ਤਨੁ ਮੋਹ ਮਾਇਆ ਕੈ ਬੰਧ ਪਰੈ ॥
ਪੱਤਰਾ ੨੧੭ (ਅ) ਆਪ/ਨ ਹਾਥ ਬਾਧਿਓ ਹੈ ਆਪਨਿ ਅਬ ਇਸ ਤੇ ਕਹੁ ਕਿਆ ਸਰੈ ॥
ਜਿਉ ਕੁੰਚਰਿ ਤੰਦੂਏ ਹੈ ਘੇਰਿਓ ਬੰਧਨ ਕਾਟਿ ਨਿਕਾਰੈ ॥
ਸਤਿਗੁਰ ਮਿਲੈ ਤਾ ਉਲਟੀ ਹੋਵੈ ਮੋਹੁ ਕੁਟੰਬੁ ਸਭੁ ਜਾਰੈ ॥
ਊਧਿ ਕਵਨਿ ਕੋ ਸੀਧਾ ਰਾਖੈ ਜੋਤਿ ਅਨੂਪ ਪਰਗਾਸੈ ॥
ਅਜਪਾ ਜਾਪੁ ਜਪੈ ਨਿਸਿ ਬਾਸਰ ਅਚਰਜਿ ਹੋਇ ਤਮਾਸੇ ॥
ਐਸੇ ਸਤਿਗੁਰ ਕੇ ਬਲਿ ਜਾਈਐ ਜਿਸ ਭੇਟਤਿ ਕੰਚਨਿ ਹੋਈਐ ॥

ਦੁਨੀਆ ਭਾਹਿ ਨ ਆਵੈ ਨੇੜੈ ਜਿਹਿ ਪ੍ਰਸਾਦਿ ਸੁਖ ਸੋਈਐ ॥
ਜਿਹ ਜਿਹ ਦੇਖੋ ਤਿਹ ਤਿਹ ਮਾਇਆ ਕਾਮ ਕ੍ਰੋਧ ਮਹਿ ਸਗਲ ਜਰੇ ॥
ਪੱਤਰਾ ੨੧੮ (ੳ) ਜੈ ਸਿੰਘ ਮਿਲਿ ਮਹਿਤਾ/ਬਿ ਸਾਹਿ ਅਗਿਆਨਿ ਅੰਧੇਰਿ ਬਿਨਾਸਿ ਕਰੇ ॥੧॥੫॥

ਰੇ ਮੂੜੇ ਤੂੰ ਕਾਹੇ ਭ੍ਰਮਿ ਭੂਲਾਨਾ ॥
ਏਕ ਘੜੀ ਕੇ ਰਹਨੇ ਕਾਰਨ ਪਾਪ ਕਰਤ ਦਿਵਾਨਾ ॥੧॥
ਜਉ ਲਉ ਸਾਸੁ ਤਊ ਲਉ ਸੰਗੀ ਮਾਤ ਪਿਤਾ ਸੁਤਿ ਧੀਆ ॥
ਸਾਸਿ ਗਏ ਸਭ ਹੀ ਮਿਲਿ ਕਾਢਿਆ ਇਕ ਪਲਿ ਰਹਣ ਨ ਕੀਆ ॥੨॥
ਨਾਵ ਸੰਜੋਗ ਭਏ ਏਕਠੇ ਜਿਉ ਪੁਰਿਬੀ ਕਾ ਮੇਲਾ ।
ਅੰਤ ਕਾਲਿ ਕੋ ਸੰਗ ਨ ਹੂਆ ਉਠਿ ਚਲਿਆ ਆਪ ਇਕੇਲਾ ॥੩॥
ਜੈਸੇ ਪੰਛੀ ਰੈਨਿ ਕੋ ਤਰਵਰ ਬਸ ਹੈ ਆਇ ॥
ਰੈਨ ਗਈ ਸੋਝੀ ਭਈ ਠਉਰ ਅਪਨੀ ਅਪਨੀ ਜਾਇ ॥
ਪੱਤਰਾ ੨੧੮ (ਅ) ਮੇਰੀ ਮੇਰੀ ਕਰਿ ਲਪਟਾਇਓ ਜਿਉ ਮੀਠੇ ਮਖੁ ਲੁਭਾਇ ॥
ਜੈ ਸਿੰਘ ਸਤਿਗੁਰ ਬਾਝ ਖੁਆਰੀ ਅੰਤ ਰਿਸਾਤਲ ਪਾਇ ॥੪॥੬॥

ਮਨ ਮੇਰੇ ਤੂੰ ਸਮਝ ਦੇਖੁ ਬੀਚਾਰ ॥
ਈਹਾ ਰਹ ਨ ਕੋਊ ਪਾਵਹ ਉਠ ਚਾਲਹ ਦੁਇ ਕਰ ਝਾਰ ॥੧॥
ਰਾਜ ਮਿਲਖ ਰਥ ਹਸਤੀ ਘੋੜੇ ਕਿਸ/ਹੀ ਕਾਮ ਨ ਆਵਹ ॥
ਜਮ ਕੋ ਡੰਡ ਪਰੇਗੋ ਸਿਰ ਪਰ ਤਬ ਪਾਛੇ ਪਛਤਾਵਹ ॥੨॥
ਧਨ ਜੋਬਨ ਕਾ ਮਾਨ ਕਰਤ ਹੈ ਕਾਗਦ ਜਿਉ ਗਰ ਜਾਣਾ ॥
ਮਾਤ ਪਿਤਾ ਬਨਿਤਾ ਸੁਤ ਧੀਆ ਊਹਾ ਕਾਮ ਨ ਆਵੈ ॥
ਭੂਲ ਬਿਗਰਿਓ ਅਪਨੋ ਕਾਂਮਾਂ ਮੇਰੀ ਮੇਰੀ ਕੀਨਿ ॥
ਪੱਤਰਾ ੨੧੯ (ੳ) ਅੰਤ ਕਾਲ ਕਛੁ ਸੰਗਿ ਨ ਦੀਨੋ ਤੋਰ ਲਗੋਟੀ ਲੀਨਿ ॥
ਜੇ ਤੂ ਕਾਜੁ ਬਨਾਇ ਸਾਧ ਸੰਗਤ ਚਿਤ ਲਾਇ ॥
ਜਹ ਅਉਸਰ ਤਹਿ ਆਇ ਬਨੈ ਤੇ ਖਿਨ ਮਹ ਲੇ ਛੁਡਾਇ ॥੩॥
ਸਤਗੁਰ ਈਹਾ ਤਿਨ ਸਮਝ ਜਿਨ ਕੋ ਭੇਟੇ ਪਰੀ ਮਨ ਆਇ ॥
ਜੈ ਸਿੰਘ ਤਿਨ ਕਾ ਧੰਨ ਜਨਮ ਹੈ ਸੇ ਦਰਗਹ ਬੰਹ ਲੁਡਾਇ ॥੪॥੭॥

ਪ੍ਰੀਤ ਲਾਗੀ ਤੁਮ ਸੰਗੇ ਮੋਰੀ ਰਾਮ ਜੀ ॥ ੧ ॥ ਰਹਾਉ ॥
ਜਿਵ ਪਤੰਗ ਦੀਪਕ ਉਰਝਾਇਓ ਪ੍ਰਾਨ ਦੇਤ ਨਹੀ ਹੀ ਡਰਤ ॥
ਦੀਪਕ ਪੀਰ ਨ ਜਾਨੇ ਵਾ ਕੀ ਵਹ ਅਪਨੇ ਨੇਹੁ ਸੋ ਜਰਤ ॥੨॥
ਪੱਤਰਾ ੨੧੯ (ਅ) ਜਿਵ/ਕੁਰੰਗ ਨਾਦ ਮਨੁ ਬੇਧਿਓ ਧੁਨ ਸੁਨਤ ਉਠਿ ਚਲਤ ॥
ਬਿਨ ਪ੍ਰੀਤਮ ਕਛੂ ਅਵਰ/ਨ ਦੇਖੇ ਵਹ ਜਾਇ ਦੂਤਨ ਮੇ ਮਰਤ ॥੩॥
ਜਿਵ ਚਕੋਰ ਸਸਿ ਕੇ ਬਸਿ ਹੂਆ ਛੂਟਨ ਕਬਹੂ ਨਹੀ ਪਾਏ ॥

ਵਾ ਕੀ ਪ੍ਰੀਤ ਨ ਮਾਨੇ ਚੰਦਾ ਵਹ ਅਪਨੀ ਟੇਰ ਨਿਬਾਹੇ ॥੪॥
ਐਸੇ ਜੈ ਸਿੰਘ ਪ੍ਰੇਮ ਅਗਨ ਮਹ ਜਰਤ ਜਰਤ ਜਰ ਰਹਿਆ ॥
ਉਡ ਗਈ ਛਾਰ ਪਰੀ ਜਾਇ ਦਧ ਮੋ ਖੋਜਨ ਜਾਈ ਕਹਿਆ ॥੫॥੮॥

ਇਹ ਅਚਰਜ ਸਤਗੁਰੂ ਬਨਾਇਓ ॥
ਪ੍ਰੇਮ ਬੀਜ ਮਨ ਅੰਤਰ ਬੋਇਓ ਬਿਰਵਾ ਕਰ ਦਿਖਰਾਇਓ ॥੧॥
ਪੱਤਰਾ ੨੨੦ (ੳ) ਸਸ ਕਾ ਭਾਨ ਭਾਨ ਸਸ ਹੂਆ ਗਗਨ ਚਰਨ ਤਲਿ ਕਰਾ ॥
ਪਾਵਕ ਪਵਨ ਪਵਨ ਕਾ ਪਾਵਕ ਧਰਨ ਸੀਸ ਪਰ ਧਰਾ ॥੨॥
ਸੂਝ ਤਥਾ ਅਨਸੂਝ ਭੈਆ ਅਨਸੂਝਤ ਸੂਝਤ ਹੋਆ ॥
ਹੋਨਿਹਾਰ ਅਨਹੋਨੀ ਹੋਈ ਮੈਲੁ ਸਾਬੁਨ ਧੋਇਆ ॥੩॥
ਅਰਧ ਭਏ ਸਰਧ ਸਰਧ ਭਏ ਅਰਧਾ ਸਲਲ ਕੁਸਲਲ ਸਮਾਇਆ ॥
ਜੈ ਸਿੰਘ ਸਤਿਗੁਰ ਅਪਨੇ ਪਾਸੋ ਯਹੀ ਪਦਾਰਥ ਪਾਇਆ ॥੪॥੯॥

ਸੁਣਿ ਮਨਿ ਅੰਧੇ ਮੂਰਖਿ ਕੂੜੀਆਰਾ ॥
ਹਰਿ ਭਗਤ ਬਿਨਾ ਕਿਉ ਉਤਰੇ ਪਾਰਾ ॥
ਕਾਮ ਹੇਤਿ ਬਸਿ ਪਰਿਓ ਨਾਰੀ ॥
ਛੂਟਿ ਨ ਸਾਕੈ ਬਾਜੀ ਹਾਰੀ ॥
ਲੋਭ ਬਾਂਧਿਓ ਮਰਕਟਿ ਕੀ ਨਿਆਈ ॥
ਪੱਤਰਾ ੨੨੦ (ਅ) ਦੁਆਰੇ ਦੁਆਰ ਨਾਚਤਿ ਫਿਰਾਈ ॥
ਮੋਹਿ ਗ੍ਰਸਿਓ ਸੂਝਤਿ ਹੀ ਨਾਹੀ ॥
ਜਨਮੁ ਹਿਰਾਨੋ ਕਛੂ ਹਾਥਿ ਨ ਆਈ ॥
ਕ੍ਰੋਧ ਕਰਤਿ ਜਰਉ ਤਨੁ ਤੇਰਾ ॥
ਸਤਿਸੰਗਤ ਮਹਿ ਕਰਹਿ ਨ ਫੇਰਾ ॥
ਅਹੰਕਾਰ ਕਰਤ ਅਬਿ ਹਾਰ ਪਰਿਓ ਹੈ ॥
ਦੁਨੀਆ ਗੁਝੀ ਭਾਹਿ ਜਰਿਓ ਹੈ ॥
ਐਸੋ ਜਰਿਓ ਕਛੂ ਹੋਇ ਨ ਸਾਕੈ ॥
ਬੋਲ ਨ ਸਕਤ ਲੋਚਨ ਭਰ ਤਾ ਕੈ ॥
ਬਲਿ ਬੁਧਿ ਬਿਦਿਆ ਭਾਗਿ ਗਈ ਹੈ ॥
ਜਬ ਜਮਿ ਚੋਟੀ ਆਇ ਗਹੀ ਹੈ ॥
ਜੋ ਸਤਿਗੁਰਿ ਮਿਲਿ ਕੇ ਪ੍ਰੇਮ ਕਰੇ ਹੈ ॥
ਜੈ ਸਿੰਘ ਯਹਿ ਬਿਧਿ ਪਾਰਿ ਪਰੇ ਹੈ ॥੧॥੧੦॥ =॥
ਪੱਤਰਾ ੨੨੧ (ੳ) ਉਲਟਿ ਕਲ ਸਤਿ/ਗੁਰੂ ਦਿਖਾਈ ॥
ਉਛਲਿ ਨਦੀ ਅਕਾਸਿ ਚੜੀ ਹੈ ਈਧਨਿ ਨੇ ਬੈਸੰਤਰ/ਖਾਈ ॥
ਚੀਟੀ ਨੇ ਪਰਬਤਿ ਉਖਾੜਉ ਸਿਰ ਪਰਿ ਰਾਖਿ ਲੀਓ ਹੈ ॥

ਸਿੰਘ ਭਾਗਿ ਗਊ ਪਹਿ ਚਾਲਾ ਯਹਿ ਅਚਿਰਜ ਖੇਲਿ ਕੀਓ ਹੈ ॥
ਬਰਖਾ ਨੇ ਸਰਵਰ ਸਭ ਸੋਖੇ ਓਲੇ ਆਗਿ ਲਗਾਈ ॥
ਘਾਮਿ ਤਪਿਓ ਜਾਡਾ ਹੀ ਲਾਗਾ ਪਾਵਕ ਤਪਤਿ ਬੁਝਾਈ ॥
ਜਲਿ ਪੀਤੇ ਖੁਧਿਆ ਹੈ ਭਾਗੀ ਭੋਜਨਿ ਤਿਖਾ ਮਿਟਾਈ ॥
ਗੁਰਿਗਮਿ ਗਿਆਨ ਬਿਰਲਾ ਕੋ ਪਾਵੈ ਜੈ ਸਿੰਘ ਭਾਖਿ ਸੁਨਾਈ ॥੪॥੧੧।

ਅਰੀ ਮੋਹਿ ਲਾਗ ਪਰੀ ਅਚਾਨਕ ਸੀਰੀ ॥
ਪੱਤਰਾ ੨੨੧ (ਅ) ਅੱਚਨਚੇਤ ਮਿਲਿਓ ਹੈ ਸਤਿਗੁਰ ਲਾਇ ਦਈ ਭੈਆਨ ਕਸੀਰੀ ॥੧॥
ਨੈਨ ਉਘਾਰ ਦੇਖੋ ਨਹੀ ਦੀਸੇ ਉਪਜ ਉਠੀ ਤਪਤਾਨ ਕਸੀਰੀ ॥
ਸੁਧਿ ਗਈ ਮੁਰਿਝਾਇ ਪਰੀ ਧਰ ਜੀਵਨਿ ਭਇਉ ਕਠਾਨ ਕਸੀਰੀ॥੨॥
ਡਗਰ ਬਗਰ ਨਗਰ ਸਭ ਭੂਲਿਓ ਲਾਗ ਰਹੀ ਪਛਿਕਾਨ ਕਸੀਰੀ ॥
ਖਾਨ ਪਾਨ ਬਸਤ੍ਰ ਨਹੀ ਭਾਵਤ ਬਿਸਰ ਗਈ ਕੁਲਿਕਾਨ ਕਸੀਰੀ ॥੩॥
ਬਿਗਹਿ ਬਾਜਿ ਪਕਰੀ ਚਿਰੀਆ ਜਿਉ ਕਾ ਸੋ ਕਰੋ ਲਜਾਨ ਕਸੀਰੀ ॥
ਐਸੇ ਘੇਰਨ ਮੋ ਹੈ ਜੈ ਸਿੰਘ ਲੋਕਿ ਜਾਨਤ ਹਸਾਨ ਕਸੀਰੀ ॥੪॥੧੨॥

ਪੱਤਰਾਂ ੨੨੨ (ੳ) ਅਰੀ/ਮੈ ਜੀਵਨ ਕਿਹਿ ਬਿਧਿ ਪਾਈ ਰੀ ਮਾਈ ॥
ਪ੍ਰਾਨ ਨਾਥ ਪ੍ਰਾਨ ਗ੍ਰਸ ਲੀਨੇ ਅਬੈ ਭਇਓ ਦੁਖਿਦਾਈ ॥੧॥
ਬਲਿ ਬੁਧਿ ਸੋ ਮੈ ਨੇਹੁ ਲਗਾਇਓ ਅਬ ਗਰੇ ਪਰੀ ਹੈ ਫਾਸੀ ॥
ਪ੍ਰਾਨ ਘਾਤ ਹੋਤ ਹੈ ਮੋਰੇ ਲੋਕਿ ਜਾਨਤ ਹੈ ਹਾਂਸੀ ॥੨॥
ਅਨਿ ਦਿਨਿ ਤਪਤਿ ਭਈ ਹਉ ਬਉਰੀ ਬਿਸਰਿ ਗਈ ਚਤੁਰਾਈ ॥
ਬਿਰਹਾ ਦਾਹੁ ਜਾਰਿਓ ਤਨ ਮੋਰਾ ਇਕ ਛਿੰਨਿ ਚੈਨਿ ਨਿ ਆਈ ॥੩॥
ਬਿਰਥਾ ਕੋਊ ਨ ਜਾਨਤ ਮੋਰੀ ਸਭਿ ਅਪਨੇ ਕਾਜ ਲੁਭਾਈ ॥
ਮਸਟ ਹੋਇ ਦਿਨਿ ਕਾਟੋ ਜੈ ਸਿੰਘ ਬਿਧਿ ਬਿਧਿਨਾ ਬਨਾਈ ॥੪॥੧੩॥
ਅਰੀ ਕੋਊ ਸਜਨਿ ਦੇਹੁ ਬਤਾਈ ਰੀ ਮਾਈ ॥
ਪੱਤਰਾ ੨੨੨ (ਅ) ਜੀਅ ਦਾਨਿ ਲੇਵੇ ਕੋਊ ਮੋਰਾ ਬਿਨਿ ਸਿਰਿ ਸੇਵ ਕਰਾਈ ॥੧॥
ਅਨਜਾਨਤ ਮੈ ਨੇਹੁ ਲਗਾਉ ਅਬਿ ਬਿਪਤਿ ਪਰੀ ਹੈ ਭਾਰੀ ॥
ਰੋਮਿ ਰੋਮਿ ਬਿਰਹਾ ਬਸਿ ਕੀਨੋ ਅਬਿ ਕੈਹ ਪਹਿ ਜਾਇ ਪੁਕਾਰੀ ॥੨॥
ਬਿਕਟਿ ਠਉਰੁ ਅਟਿਕਿਓ ਮਨ ਮੇਰਾ ਪਰਿ ਬਸਿ ਹੀ ਜਾਇ ਪਰਿਆ ॥
ਅਨਿਦਿਨਿ ਤਰਫਤ ਹੀ ਨਹੀ ਬੀਤੇ ਕਰਵਤ੍ਰ ਸਿਰਿ ਧਰਿਆ ॥੩॥
ਬਿਰਥਾ ਅਪਨੀ ਕੈ ਪਹਿ ਕਹੀਐ ਕਠਨ ਪੀਰ ਹੈ ਮਾਈ ॥
ਗਾੜ ਪਰਿਓ ਸਿਰ ਊਪਰਿ ਜੈ ਸਿੰਘ ਬਿਨਿ ਪਾਵਕ ਜਰਿ ਜਾਈ॥੪॥੧੪

ਪੱਤਰਾ ੨੨੩ (ੳ) ॥ ੧ਓ ਸਤਿਗੁਰ ਪ੍ਰਸਾਦਿ ॥
ਅਰੀ ਮੋਹਿ ਕਬਿ ਘਰਿ ਅਪਣੈ ਹਰਿ ਪ੍ਰੇਮੀ ਮੇਰਾ ॥

ਮ੍ਰਿਤਕਿ ਜੀ ਜੀਵੈ ਦੇਖਿ ਪ੍ਰੀਤਮ ਚੂਕੇ ਬਿਰਹਾ ਘੇਰਾ ॥
ਨੈਨਨਿ ਪੁਤਰੀ ਹਾਰਿ ਪਰੀ ਹੈ ਅਨਿਦਿਨ ਪੰਧ ਨਿਹਾਰਤਿ ॥
ਠਾਢੀ ਸੂਕ ਭਈ ਹੈ ਕਸ਼ਟ ਭੁਜਾ ਪਿਰਾਨੀ ਕਾਗ ਉਡਾਰਤ ॥
ਤਨਿ ਤਾਪਤ ਹੀਅਰਾ ਸੰਤਾਪਤ ਸੇਜ ਚਿਖਾ ਸੀ ਲਾਗੇ ॥
ਗਿਨਤ ਤਰੀਆ ਰਜਨੀ ਬੀਤੇ ਸਭ ਸੁਖਿ ਮਨ ਕੇ ਭਾਗੇ ॥
ਏਕ ਘਰੀ ਇਕਿ ਬਰਖ ਭਈ ਹੈ ਤਰਫਤਾ ਦਿਨਿ ਨ ਬਿਹਾਵੈ ॥
ਪੱਤਰਾ ੨੨੩ (ਅ) ਮਾਨੋ ਆਗ ਲਗੀ ਹੈ ਈਧਨ ਅਬ ਹਾਡ ਮਾਸ/ਜਰ ਜਾਵੈ ॥
ਸਭੁ ਸੁਧਿ ਬਿਸਰਿ ਰਾਈ ਹੈ ਤਨ ਕੀ ਮੂਰਤ ਕਾਠ ਸੀ ਦੀਸੈ ॥
ਜੈ ਸਿੰਘ ਮਨ ਤੇ ਭੂਲਿ ਗਈ ਹੈ ਤ੍ਰੈ ਚਾਰ ਪਾਚ ਪਚੀਸੈ ॥੧॥੧੫॥

ਹੈ ਕੋਊ ਐਸੋ ਸੂਰਬੀਰ ਜੋ ਮਨ ਸੋ ਝੂਝ ਕਰੇ ॥
ਆਠ ਪਹਰ ਰੋਕੇ ਇਸ ਮਨ ਕੋ ਏਕ ਓਰ ਧਰੇ ॥
ਉਪਦੇਸ ਗੁਰੂ ਕਾ ਢਾਲ ਕਰੇ ਹਥ ਲੇ ਐਸੀ ਓਟ ਲਰੇ ॥
ਗਿਆਨ ਖੜਗ ਮੁਹਿ ਕ੍ਰਮ ਕਰ ਪਕੜੇ ਬੰਧਨ ਮਾਇਆ ਕਟਿ ਡਾਰੇ ॥
ਤਨ ਕੀ ਤੁਪਕੀ ਸੁਰਤ ਕੀ ਗੋਲੀ ਦਾਰੂ ਜੁਗਤ ਸੰਜਾਰੇ ॥
ਪ੍ਰੇਮਿ ਪਲੀਤਾ ਲਾਇ ਕੇ ਚੋਰ ਪਚੰਗਹਿ ਮਾਰੇ ॥
ਤ੍ਰਿਕੁਟੀ ਧਨਖ ਚੜਾਇ ਕੇ ਧਿਆਨ ਕੋ ਸਾਧੇ ॥
ਪੱਤਰਾ ੨੨੪ (ੳ) ਊਚੀ ਦ੍ਰਿਸਟਿ ਲਗਾਇ ਕੇ ਸਿਸਿਤ ਠੀਕ ਕਰਿ ਬਾਧੇ ॥
ਪਚੀਸ ਪੰਖੇਰੂ ਉਡਨੇ ਲਾਗੇ ਏਕ ਏਕ ਚੁਨਿ ਮਾਰੇ ॥
ਮਹਾ ਬਲੀ ਕੋਊ ਐਸੋ ਹੋਵੈ ਜੋ ਇਹੁ ਸੁਬੂ ਮੰਤ੍ਰ ਧਾਰੇ ॥
ਉਡਾਇ ਬਿਹੰਗਮੁ ਗਗਨ ਚੜਾਵੈ ਜਾਇ ਊਚੇ ਗੜ੍ਹ ਕੋ ਲਵੈ ॥
ਐਸੇ ਪੁਰਖਿ ਸੂਰਮਾਹਿ ਕੇ ਜਨਿ ਜੈ ਸਿੰਘ ਚਰਨ(ਸ) ਰਵੈ ॥੧॥੧੬॥

ਜਨਮ ਅਕਾਰਥੁ ਖੋਇਓ ਰੇ ਹਰਿ ਭਗਤ ਬਿਨਾ ॥
ਦੁਖਿ ਲਾਗਤ ਉਠਿ ਰੋਓ/ਰੇ ਗੁਰ ਜੁਗਤ ਬਿਨਾ ॥
ਜਉ ਤਰਵਰ ਫਲ ਪਾਤ ਬਿਨਾ ਹੈ ਕਿਸ/ਹੀ ਕਾ ਮਨ ਆਵੈ ॥
ਪੱਤਰਾ ੨੨੪ (ਅ) ਮਨੁਛਿ ਪੰਖੇਰੂ ਨਿਕਟਿ ਨ ਜਾਵੈ ਦੇਖਤ ਹੀ ਡਰ ਪਾ/ਵੈ ॥
ਪੁਰਖ ਹੀਨ ਤਰਨੀ ਜੋ ਹੋਵਤ ਰਾਡੀ ਕਰਿ ਬੁਲਾਈਐ ॥
ਸਹਜਿ ਸੁਭਾਇ ਬਾਤ ਕਰੇ ਜਾਇ ਕਾਲਖ ਦਾਗ ਲਗਾਈਐ ॥
ਕੁਲਿਵੰਤੀ ਰੂਪਵੰਤੀ ਹੋਵੈ ਸੁਤਿ ਬਿਨ ਸੋਭ ਨ ਹੋਵੈ ॥
ਆਦਰ ਗ੍ਰਿਹਿ ਮਹਿ ਪਾਵਤ ਨਾਹੀ ਕਿਉ ਸੁਖਿ ਸੇਤੀ ਸੋਵੈ ॥
ਮੇਘ ਬਿਨਾ ਧਰਿ ਸੋਹਤ ਨਾਹੀ ਖੇਤੀ ਬੋਈ ਸੂਕ ਗਈ ॥
ਪ੍ਰੇਮ ਬਿਨਾ ਕੋ ਕੈਸੋ ਹੋਵੈ ਗਰਿ ਤਿਸ ਕੇ ਜਮ ਫਾਸ ਪਈ ॥
ਸਸ ਬਿਨਿ ਰਜਨੀ ਡਰਨੀ ਲਾਗੇ ਪੰਖ ਬਿਨਿ ਪੰਖੀ ਕਾਮ ਨਹੀ ॥

ਤੇਜਿ ਬਿਨਿ ਰਾਜਾ ਖਰਾ ਬਿਗੂਤਾ ਜੈ ਸਿੰਘ ਐਸੀ ਬਾਤ ਕਹੀ ॥੧॥੧੭॥

ਪੱਤਰਾ ੨੨੫ (ੳ) ਕਹੁ ਰੇ ਬ੍ਰਹਮਨ ਬ੍ਰਹਮ/ਕੀ ਬਾਤ ।
ਬ੍ਰਹਮ ਲਖੇ ਬਿਨ ਬ੍ਰਹਮਨ ਕੈਸਾ ਜਨਮ ਅਕਾਰਥ ਜਾਤ ।
ਬੇਦ ਪੜੇ ਸਾਸਤ੍ਰ ਬੀਚਾਰੇ ਬ੍ਰਹਮ ਭੇਦ ਨਹੀ ਪਾਏ ॥
ੳਦਰ ਭਰਨ ਕੇ ਲਾਲਚ ਲਾਗੇ ਮਲੀਨ ਬੁਧ ਹੋਇ ਜਾਏ ॥੧॥
ਤੀਰਥ ਬਰਤ ਨੇਮੁ ਸੁਚ ਸੰਜਮੁ ਕਰ ਕਰ ਭਰਮ ਭੂਲਾਨੇ ॥
ਬਿਗਾਰੀ ਕਾਟ ਬਿਗਾਰ ਘਰ ਆਇਆ ਅਪਨਾ ਕਾਮੁ ਨ ਜਾਨੇ ॥੨॥
ਪੜੇ ਪੜਾਵੇ ਜਨਮੁ ਗਵਾਵੇ ਆਪੁ ਨ ਖੋਜੇ ਅੰਧਾ ॥
ਪੜੇ ਸੁਨੇ ਕੋਊ ਛੂਟ ਨ ਸਾਕੇ ਬੰਧ ਮਾਇਆ ਕੇ ਬੰਧਾ ॥੩॥
ਬਿਨਿ ਸਤਸੰਗਤਿ ਆਪਾ ਖੋਏ ਬ੍ਰਹਮ ਨ ਜਾਨਿਓ ਜਾਈ ॥

ਪੱਤਰਾ ੨੨੫ (ਅ) ਜਗਤੁ ਗੁਰੂ ਆਪ ਜਾਨੇ ਬ/ਵਰਾ ਗੁਰ ਬਿਨ ਬੂਝ ਨ ਆਈ ॥੪॥
ਜੋ ਸਤਗੁਰ ਮਿਲ ਕੇ ਬ੍ਰਹਮ ਲਖੇ ਹੈ ਸੋ ਬ੍ਰਹਮ ਨ ਕਹੀਯੈ ਪੂਰਾ ॥
ਬ੍ਰਹਮਨ ਖਤਰੀ ਸੂਦ੍ਰ ਵੈਸ ਮੋ ਗੁਰ ਭੇਟਤ ਹੋਵਤ ਸੂਰਾ ॥੫॥
ਜਾਤੁ ਬਰਨ ਉਹਾ ਕਾਮ ਨ ਆਵੈ ਪ੍ਰੇਮ ਕਰੇ ਸੋ ਸੀਝੇ ॥
ਪ੍ਰੇਮ ਭਗਤਿ ਸਭ ਤੇ ਹੈ ਊਚੀ ਬਿਨ ਗੁਰ ਪ੍ਰੇਮ ਨ ਪੀਜੇ ॥੬॥
ਪ੍ਰਪੰਚ ਸਗਰ ਤਿਆਗ ਕਰਿ ਅੰਧੇ ਦਉਰ ਪਰੋ ਗੁਰ ਸਰਨਾ ॥
ਜੈ ਸਿੰਘ ਸਤਿਗੁਰ ਬ੍ਰਹਮ ਕਰ ਡਾਰੇ ਕੋਊ ਜਤਨ ਕਰੇ ਨਹੀ ਮਰਨਾ ॥
॥੭॥੧੮॥

ਸਾਥੋ ਕਿਉ ਚਿਤੁ ਚਾਇਓ ਢੋਲਿਆ ॥
ਸਦ ਆਪੇ ਪਾਸ ਬਹਾਲੀਆ ਫਿਰ ਇਕ ਦਮ ਨ ਸਮਾਲੀਆ ॥
ਹੁਣ ਜਲ ਬਲ ਹੋਈ ਕੋਲਿਆ ॥੧॥

ਪੱਤਰਾ ੨੨੬ (ੳ) ਅਸਾ ਆਜ ਕੁਲਾਜ ਭੁਲਾਈ ਆ
ਪ੍ਰੀਤ ਤੈਡੀ ਹੀ ਗਲ ਪਾਈ ਆ
ਵਿਚ ਮਿਟੀ ਆਪਾ ਰੋਲਿਆ ॥੨॥

ਮਾਪੇ ਪਿਡੁ ਵੈਰੀ ਹੋਏ ਸਭੇ
ਬੂਰੀ ਜਾਣ ਭਨੇ ਨੀ ਹੰਭੇ
ਸਿਰਿ ਸਾਡੇ ਪਰਬਤ ਤੋਲਿਆ ॥੩॥

ਅਸਾ ਅਪਨਾ ਆਪੁ ਗਵਾਇਆ
ਬਕ ਵਾਂਗੂ ਆਪੁ ਕੁਹਾਇਆ
ਤਨ ਜੈ ਸਿੰਘ ਬਿਰਹਾ ਮੌਲਿਆ ॥੪॥੧੯॥

ਕੋਈ ਦਸੋ ਦਿਲਿਬਰ ਯਾਰ ਵੇ ॥
ਨਿਤ ਸਹੁ ਢਢੇਦੀ ਹਾਰੀਆ

ਗਲ ਬਿਪਤ ਪਈ ਹੈ ਭਾਰੀਆ
ਹੁਣਿ ਆਈ ਚੇਤ ਬਹਾਰ ਵੇ ॥੧॥
ਫਿਰ ਕਮਲੀ ਦਰਦ ਰਵਾਣੀਆ
ਸਾਡੀ ਵੇਦਨ ਕਿਨੇ ਨ ਜਾਣੀਆ
ਪੱਤਰਾ ੨੨੬ (ਅ) ਗਲ ਪਾ/ਇਆ ਅਝੂ ਦਾ ਹਾਰ ਵੇ ॥੨॥
ਨਾ ਜੀਵਾ ਨਾ ਮਰ ਮੁਕਦੀ
ਕੁਠੀ ਪਈ ਵਿਛੋੜੇ ਦੁਖਦੀ
ਨਿਤ ਆਹੀ ਨਾਲ ਵਿਹਾਰੁ ਵੇ ॥੩॥
ਅਗ ਆਪੇ ਹੀ ਆਪ ਲਾਈ ਆ
ਹੁਣ ਕਿਸ ਥੇ ਜਾਇ ਬੁਝਾਈ ਆ
ਤਨ ਜੈ ਸਿੰਘ ਭਾਹ ਸੀਗਾਰ ਵੇ ॥੪॥੨੦॥
ਉਲਟ ਪਰੀ ਰੇ ਉਲਟ ਪਰੀ ਸੰਤਨ ਕੇ ਸੰਗ ਉਲਟ ਪਰੀ ॥
ਪਾਚ ਪਚੀਸ ਸਭੀ ਉਲਟਾਨੇ ਮਾਇਆ ਨੇ ਅਬ ਉਲਟ ਧਰੀ ॥੧॥
ਉਲਟੇ ਸਰਵਨ ਸੁਨਨ ਤੇ ਰਹੇ ਅਨ ਸੁਨਨੇ ਸੋ ਡਾਇ ਪ੍ਰੀਤ ਕਰੀ ॥
ਉਲਟੀ ਮਤ ਕਵਲ ਉਲਟਾਨਾ ਬੈਰੇ ਬਿਰੋਧੀ ਉਲਟ ਗਇਆ ॥
ਪੱਤਰਾ ੨੨੭ (ੳ) ਨਿਰਤ ਗੁਰਤ ਸਭ ਹੀ ਉਲਟਾਨਲ/ਸੋਵਨ ਜਾਗਨ ਏਕ ਭੈਆ ॥
ਭੋਜਨ ਭਾਉਂ ਕੀ ਬਿਧਿ ਹੈ ਉਲਟੀ ਰਸ ਕੋ ਰਸ ਉਲਟਾਇਓ ॥
ਹਾਡ ਮਾਸ਼ ਲੋਹੂ ਉਲਟਾਨਾ ਉਲਟ ਭੇਦ ਤਬਿ ਪਾਇਓ ॥
ਕਾਇਆ ਉਲਟ ਅਕਾਇਆ ਹੂਈ ਮਨ ਉਲਟਿਆ ਬਸਿ ਆਇਆ ॥
ਜੈ ਸਿੰਘ ਉਲਟ ਪਲਟ ਉਲਟਾਨਾ ਤਬ ਜਾਇ ਦਰਸ ਸਮਾਇਆ ॥
੧॥੨੧॥

ਰਾਗ ਰਾਮਕਲੀ ਚੌਤੁਕੇ ॥ ॥ ੧ੴ ਸਤਿਗੁਰ ਪ੍ਰਸਾਦਿ ॥
ਆਉਗਨ ਨਾ ਗਿਨ ਮੇਰੇ ਹੋਂ ਤੋ ਆਦ ਅੰਤ ਕੀ ਕਾਚੀ ॥
ਦੇਖਤ ਦਿਸਚ ਭੈਈ ਮਤਵਾਰੀ ਤਬ ਘੋਰ ਘੁੰਗਤ ਮੁਖ ਨਾਚੀ ॥
ਪੱਤਰਾ ੨੨੭ (ਅ) ਕਰ ਪਰ ਕ/ਰੀ ਤੁਮ ਅਪਨੀ ਅਬ ਪ੍ਰੇਮ ਰਸਾਇ ਨ ਮਾਚੀ ॥
ਜੈ ਸਿੰਘ ਸੋਗ ਮਾਨ ਕਹਾ ਜਬ ਤੁਮ ਸਾਚੇ ਹਮ ਸਾਚੀ ॥੧॥
ਸੰਗ ਸਿਰੇਰੀ ਖੇਲਤ ਥੀ ਤੁਮ ਅਪਨੀ ਜਾਨ ਪਛਾਨੀ ॥
ਪਕਰ ਭੁਜਾ ਗਰ ਸੰਗ ਲਗਾਈਓ ਪ/ਰੀ ਬਾਤ ਲੁਕਾਨੀ ॥
ਗਰ ਸੋ ਤੋਰ ਛੋਰ ਸਿਧਾਰੇ ਪਰੀਤ ਰੀਤ ਬਦਲਾਨੀ ॥
ਜੈ ਸਿੰਘ ਕਹਹ ਆਦ ਪਰ ਆਵੋ ਰਾਹ ਛੁਹਤ ਭੈਟੀ ਰਾਨੀ ॥੨॥
ਕਾਮੀ ਕੁਚਲ ਕਠੋਰ ਅਪਰਾਧੀ ਉਧਰਤ ਨਾਮ ਉਚਾਰੈ ॥

ਪਾਪ ਕਰਤ ਅਜਾਮਲ ਤਰਿਓ ਗਨਕਾ ਦੂਖ ਬਿਡਾਰੈਂ ॥
ਰਾਮ ਨਾਮ ਪਾਹਨ ਪਰ ਲਿਖਿਓ ਸਲਤਾ ਪਾਰ ਉਤਾਰੈਂ ॥
ਪੱਤਰਾ ੨੨੮ (ੳ) ਦ੍ਰਿੜ ਪਰਤੀਤ/ਜੈ ਸਿੰਘ ਕੋ ਆਈ ਅਬ ਕਹਾ ਮਨੋ ਬਿਸਾਰੈਂ ॥੩॥

ਭਾਗ ਮਥੈ ਈਆਂ ਜਾਗੇ ਮੋਰੇ ਲਾਲਨ ਮੈ ਇਆ ਕਰੀ ॥
ਅਨਦ ਬਧਾਵਾ ਮਦਰ ਬਾਜੇ ਬਿਛਰਨ ਬਿਪਤ ਟਰੀ ॥
ਬਨ ਤਨ ਤ੍ਰਿਭਵਨ ਰੂਪ ਲਾਲਨ ਕਾ ਲਾਲ ਹੀ ਲਾਲ ਭਰੀ ॥
ਜੈ ਸਿੰਘ ਲਾਲ ਭਇਓ ਲਾਲਨ ਸੰਗਿ ਸਲਤਾ ਬੂੰਦ ਪਰੀ ॥੪॥

॥ ਰਾਗ ਨਟ ॥

ਸੁਹਾਗ ਸਦਾ ਹਰ ਦੀਨ ਸੂਬ ਸੀਗਾਰ/ਬਨੇ ਬਾਜਮਿ ਦੀਲਰਾ ਬਾਜ ॥
ਸੇਜ ਸਵਾਰ ਲਾਲਨ ਸੰਗ ਮਾਤੀ ਨਿਕਸ ਗਏ ਦੁਖ ਭਾਜ ॥
ਹਰਖ ਸੋਗ ਭੋਗ ਬਿਮਰਾਨੇ ਸੋਤ ਮੁਈ ਕਰ ਲਾਜ ॥
ਪੱਤਰਾ ੨੨੮ (ਅ) ਜੈ ਸਿੰਘ ਪੀਅ ਜੀਅ ਏਕ ਭਏ ਹੈ ਔ/ਰ ਭੁਲਾਨੇ ਕਾਜ ॥੫॥
ਬਿਰਹਾ ਕਹਾ ਕੀਨ ਛਿਨ ਚੈਨ ਨਹੀ ਤਰਫਤ ਨਿਸ ਨਾ ਬਿਹਾਤ ॥
ਤਾਰੈ ਚਮਕ ਅੰਗਿਆਰੇ ਲਾਗਤ ਸਸ ਉਜੀਆਰੋ ਤਾਤ ॥
ਸੇਜ ਚਿਖਾ ਅਰ ਹਾਰ ਸਿੰਗਾਰ ਫਨ ਫੂਲਨ ਡੰਗ ਲਗਾਤ ॥
ਸੁਹਾਗ ਸਹੇਰੀ ਦੇਖ ਭਈ ਬਵਰੀ ਜੈ ਸਿੰਘ ਲਾਜ ਲਜਾਤ ॥੬॥

ਮਿਲ ਬਿਛਰਨ ਕੀ ਪੀਰ ਦੁਹੇਰੀ ॥
ਪ੍ਰਾਨ ਥਕਤ ਭਏ ਹੈ ਮੋਰੇ ਭੂਲੀ ਸੰਗ ਸਿਹੇਰੀ ॥
ਬਿਸਰਿਓ ਅੰਗ ਰੰਗ ਨਾਨਾ ਬਿਧਿ ਸੂਨ ਮੰਦਰ ਆਕੇਰੀ ॥
ਜਾਗ੍ਰਤ ਸੁਪਨ ਸੁਖੋਪਤ ਬਿਸਰੇ ਕਹੇ ਜੈ ਸਿੰਘ ਪ੍ਰੇਮ ਪਹੇਰੀ ॥ ੭ ॥
ਮਿਲਬੇ ਕੀ ਕਛੁ ਕਰੋ ਬਤੀਆ ॥
ਪੱਤਰਾ ੨੨੯ (ੳ) ਜੈਸੇ/ਚਕਅਨ ਭੀਤਰ ਦਾਨਾ ਐਸੇ ਦੁਖ ਸਿੰਙਈਯਾ ॥
ਮਨ ਚਿਤ ਬੁਧ ਬਿਰਹਾ ਹਿਰਿ ਲੀਨੀ ਜੋਬਨ ਭੋਰ/ਤਰਈਯਾ ॥
ਬੇਗ ਮਿਲੋ ਜੈ ਸਿੰਘ ਤਬ ਜੀਵਤ ਨਹੀ ਪਰਾਨ ਸਰੀਰ ਤਜਈਆ ॥੮॥੧॥

੧ੴ ਸਤਿਗੁਰ ਪ੍ਰਸਾਦਿ ॥

ਪੱਤਰਾ ੨੨੯ (ਅ)

॥ ਰਾਗੁ ਬਿਲਾਵਲੁ ਚਲਿਆ ॥

ਦੋਹਰਾ ॥ ਪ੍ਰੀਤ ਅੰਧੈਰੀ ਮੂੜ ਕੀ ਮਾਨੋ ਚੰਦ ਘਟਾਇ ॥
ਉਜਰੀ ਕਹੀਯੇ ਚਤਰੀ (ਚਤਰ) ਕੀ ਛਿਨ ਛਿਨ ਬਢਤੀ ਜਾਇ ॥੧॥

ਪੱਤਰਾ ੨੩੦ (ੳ) ਰੈਨ ਗਈ/ਦਿਨੁ ਦਿਸਣ ਲਗੜਾ ਕਿਕੁਰੁ ਮੰਝੁ ਵਿਹਾਵੇ ॥
ਬਿਰਹੁ ਰੰਞਾਣੀ ਨੂੰ ਸੁਖੁ ਕਵੇਹਾ ਦਰ ਦਰ ਕੂਕ ਸੁਣਾਵੇ ॥
ਸੁਣੋ ਨੀ ਸਈਯੋ ਇਹੁ ਹਾਲੁ ਦਰਦਿ ਦਾ ਗਲ ਨ ਹੋਰੁ ਸੁਖਾਵੇ ॥
ਨੇਹੁ ਮੈਂਡੇ ਦੀ ਚਿਣਗ ਪਾਵੇ ਜਿਹਿ ਸੋ ਤਨੁ ਭੀ ਜਲ ਜਾਵੇ ॥
ਜੈ ਸਿੰਘ ਬਾਝੁ ਮਿਲੇ ਸਹੁ ਅਪਣੇ ਘੜੀ ਕੁ ਕਲ ਨਹੀਂ ਆਵੇ ॥੧॥੧॥

ਅਣੀ ਮੈ ਕਿਤ ਨੂੰ ਗਾਲਿਆ ਜੋਬਨੁ ਏਹੁ ਝੂਠੇ ਖਾਬੁ ਖਿਆਲੁ ॥
ਕਰਮ ਅਵਲੇ ਹਥੁ ਨ ਭਰਦੀ ਸਹੁ ਕੇਰੀ ਕਰਦੀ ਭਾਲ ॥
ਅਪਣਾ ਕੰਮੁ ਨ ਕੀਤਾ ਜੈ ਸਿੰਘ ਪੈ ਗਇਉ ਹੋਰ ਜੰਜਾਲ ॥੧॥੨॥

ਪੱਤਰਾ ੨੩੦ (ਅ) ਘੜੀ ਯਾਦ ਕਰੀ ਪੀਆ ਮਿਲਣ ਦੀ ਭ/ੜਕ ਲਗੇ ਤਨ ਤਾਈ ॥
ਨੀਰ ਵਹੇ ਜੀਉ ਕਮਣ ਲਗੇ ਸੀਨਿਓ ਉਠਨ ਆਹੀ ॥
ਰਗ ਰਗ ਅੰਦਰ ਖਲਲੁ ਪਵੇ ਜਾਇ ਲੂ ਲੂ ਯਾਰੁ ਕੂਕਾਹੀ ॥
ਜੈ ਸਿੰਘ ਪਕੜ ਵਿਛੋੜੇ ਦਧਾ ਮਿਲੇ ਤਾ ਹਾਲੁ ਵਿਖਾਹੀ ॥੧॥੩॥

ਪੇਵਕੜੇ ਨਹੀ ਰਹਦੀ ॥
ਪੇਯਾ ਨਾਲ ਜਿਨਾ ਨੇਹੁ ਲਗਾਇਆ ਸੋ ਸਹੁਰੜੇ ਦੁਖੁ ਸਹਦੀ ॥
ਮੈਡਾ ਚਿਤੁ ਨ ਲਗੇ ਸਯਾ ਘੜੀ/ਕ ਕੋਲ ਨ ਬਹਦੀ ॥
ਜੈ ਸਿੰਘ ਤਾਘ ਮਿਲਣ ਸਹੁ ਕੇਰੀ ਬਾਹ ਖੜੀ ਕਰ ਕਹਦੀ ॥੧॥੪॥

ਚੇਟਕੜਾ ਕੇਹਾ ਲਾਇਓ ॥
ਦਿਸਨ ਪਾਸਨ ਚੰਗੀ ਭਲੀ ਗੁਝਾ ਦੁਖੁ ਸਹਾਇਓ ॥
ਪੱਤਰਾ ੨੩੧ (ੳ) ਲੋਕ ਅਜਾਣ ਕੀ ਜਾਣਨ ਵੇ/ਦਨ ਬਿਰਹਾ ਨਾਗੁ ਲੜਾਇਓ ॥
ਰੋਮ ਰੋਮ ਵਿਸੁ ਧਾਣੀ ਜੈ ਸਿੰਘ ਕਮਲੀ ਨਾਉ ਧਰਾਇਓ ॥੧॥੫॥

ਗਲ ਆਖਣ ਦੀ ਨਾਹੀ ॥
ਜੈਦਾ ਥਾਉ ਨ ਥਿਹਾ ਸੁਣੀਐ ਢੂਢਾ ਕੇੜੀ ਜਾਈ ॥
ਰੂਪ ਰੇਖ ਭੇਖ ਨਹੀ ਕੋਈ ਨੇਹੁ ਲਗਾ ਤਿਸ ਤਾਈ ॥
ਮੁਸਕਲ ਆਣ ਬਣੀ ਸਿਰਿ ਜੈ ਸਿੰਘ ਸੜ ਮਰਸੀ ਬਿਨ ਭਾਹੀ ॥੧॥੬॥

ਪ੍ਰਾਨ ਬਸੇ ਪੀਅ ਮਾਹਿ ਕਾਜ ਕਾ ਸੋ ਸਰੇ ॥

ਸੂਨਾ ਮਦਰ ਕਰ ਗਏ ਮੋਰਾ ਹਾਡਨ ਪ੍ਰੇਮੁ ਜਰੇ ॥
ਮਿਰਤਕ ਹੋਇ ਨਿਬਰੀ ਹਉ ਪਾਪਨਿ ਅਜੂ ਨ ਦਰਸਨ ਦੇਤ ਹਰੇ ॥
ਜੈ ਸਿੰਘ ਬਸ ਪਰਿਓ ਮਨ ਮੋਹਨ ਸਿਰਿ ਮਥਿ ਮਥਿ ਲੀਕ ਧਰੇ ॥

ਪੱਤਰਾ ੨੩੧ (ਅ) ਨਿਹਾਰਤ ਰੈਨ ਗਈ ਦਿਨ ਉਰਟ ਭਇਉ ॥
ਨੈਨਨ ਪੁਤਰੀ ਹਾਰ ਪਰੀ ਹੈ ਛਿਨ ਛਿਨ ਦੂਖ ਨੈਇਓ ॥
ਪਾਪੀ ਬਿਰਹ ਛੀਨ ਕਰ ਡਾਰੀ ਅਬ ਕਛੁ ਬਲ ਨ ਰਹਿਓ ॥
ਅਨ ਦਿਨੁ ਸੁਧ ਤਨ ਕੀ ਨਹੀ ਆਵਤ ਮੁਖ ਨਾਮ ਨ ਜਾਤ ਕਹਿਓ ॥
ਜੈ ਸਿੰਘ ਪਰ ਹਰਿ ਭਏ ਦਇਆਲਾ ਜਰਨ ਦਾਨ ਮੋਹ ਦੈਇਓ ॥੧॥੮॥

ਕਰ/ਕਰ ਕਰ ਬਿਰਹਾ ਕਰ ਦੀਨ ॥
ਕਰਕ ਕਰਕ ਜਬ ਕਰਕ ਪਰੀ ਹੋ ਬਿਰਹਾ ਬਸ ਕਰ ਲੀਨ ॥
ਨਿਬਲ ਭਈ ਅਬ ਬਲੁ ਨ ਰਹਿਓ ਕਛੁ ਟੂਟੀ ਮਿਲੀ ਧਰ ਹੀਨ ॥
ਸੁਫਨੰਤਰ ਕਾ ਬਿਉਹਾਰ ਸਗਰ ਸਿਉ ਜਿਉ ਘੁਨ ਕਰ ਕਾਸਟ ਹੀਨ ॥
ਪੱਤਰਾ ੨੩੨ (ੳ) ਜੈ ਸਿੰਘ ਸਿਉ ਹਰ ਐਸੀ ਕਰੀ ਹੈ ਆਗੇ ਕਾਹੂ ਸੰਗ ਨ/ਕੀਨ ॥੧॥੯॥

ਮਨ ਗਿਨ ਦੇਖ ਰੇ ਤੂ ਬਿਖਈ ਆਜ ਕਾਲ ਹੈਇ ਚਲਨਾ ॥
ਕਾਹੇ ਕੇ ਸੰਗਿ ਉਰਝਿ ਪਰਿਓ ਹੈ ਅੰਤ ਤਹੀ ਸਭ ਮਰਨਾ ॥
ਜਾਂ ਕੀਏ ਆਗੇ ਮੁਖੁ ਕਾਰਾ ਐਸੋ ਕਾਜੁ ਨ ਕਰਨ ॥
ਸਾਂਝ ਪਰੀ ਹਥ ਨਾਵ/ਨ ਆਵਤ ਕਿਹਿ ਬਿਧਿ ਨੈ ਕਉ ਤਰਨਾ ॥
ਜੈ ਸਿੰਘ ਤਿਆਗ ਪਕਰ ਇਹ ਬੇਰਾ ਨਿਡਰ ਤਬੀ ਜਬ ਡਰਨਾ ॥੧॥੧੦॥

ਕੋਊ ਪੀਅ ਮਿਲਾਵੋ ਆਜ ਰੀ ॥
ਜੇ ਅਬ ਮੋਹਨ ਹੋਤ ਮਿਲਾਵਾ ਕਰੋ ਜੁਗੀਅਨ ਕੋ ਸਾਜੁ ਰੀ ॥
ਯਾ ਸੁਖ ਕੋ ਮੋਹ ਦੁਖ ਕਰ ਜਾਨਿਓ ਆਗ ਲਗਾਵੋ ਤਾਜ ਰੀ ॥
ਮੁਖ ਕਾਰਾ ਕਰ ਨਗਰ ਮੈ ਫੇਰੋ ਜੇ ਅਬ ਖਾਊ ਭਾਜ ਰੀ ॥
ਪੱਤਰਾ ੨੩੨ (ਅ) ਕੁਨ/ਕ ਰਤਨ ਸਭ ਤਿਆਗ ਕਰੇ ਹੈ ਅਵਰ ਤਿਆਗੀ ਲਾਜ ਰੀ ॥
ਜੈ ਸਿੰਘ ਜਰਤੀ ਅੰਗਨ ਮੋਰੇ ਆਤ ਨ ਕਾਹੂ ਬਾਜ ਰੀ ॥੧॥੧੧॥

ਕਰਮ ਕਹਾਂ ਕੋਊ ਹਮ ਨੇ ਕਰਨਾ ॥
ਟੇਰ ਲਗੀ ਦਰਸਨ ਕੀ ਮੋ ਕੋ ਅਨ ਦਿਨੁ ਅਗਨ ਬਿਰਹ ਕੀ ਜਰਨਾ ॥
ਜਬ ਲਗ ਛਾਰਕਰੋ ਮਨ ਅਪਨਾ ਤਬ ਲਗ ਧਿਆਨ ਤੇਰੋ ਹੀ ਧਰਨਾ ॥
ਨਿਡਰ ਭਏ ਅਬ ਡਰ ਨਹੀ ਕੋਊ ਬਿਛਰਨ ਕੇ ਡਰ ਛਿਨ ਛਿਨ ਡਰਨਾ ॥
ਸੰਕ ਨ ਮਾਰਗ ਸੀਧੇ ਕੀ ਮੋਹ ਉਰਟ ਤਾਰੀ ਕੋ ਤਰ ਕਰ ਤਰਨਾ ॥
ਜਾ ਕਾ ਹਾਥ ਕਛੁ ਨਹੀ ਆਵਤ ਤਾਹੂ ਕੇ ਸੰਗ ਮਰ ਕਰ ਲਰਨਾ ॥
ਪੱਤਰਾ ੨੩੩ (ੳ) ਪ੍ਰੇਮ ਪੰਥ ਕੀ ਬਿਖੜੀ ਚਾਲੀ ਜੈ/ਸਿੰਘ ਮਰ ਹਰਿ ਪਉੜੀ ਚਰਨਾ ॥੧॥੧੨॥

ਰੋਵਤ ਹੀ ਮੁਸਕਾਇ ਪਰੀ ਹੋ ਬਿਸਮ ਭਈ ਦੇਖਿ ਅਪਨਾ ਪਿਆਰਾ ॥
ਸੁਧਿ ਗਈ ਸਭ ਬੁਧ ਬਿਸਰਾਨੀ ਜਬ ਤੇ ਅਚਰਜ ਰੂਪ ਨਿਹਾਰਾ ॥
ਧਾਵਤ ਧੀਰ ਧਰੀ ਧਰ ਮਾਨੋ ਪਕਰ ਲੀਓ ਗ੍ਰਿਹ ਕੋ ਬਟਵਾਰਾ ॥
ਭੇਦ ਅਭੇਦ ਭਇਓ ਭਵ ਭਾਗਾ ਜੈ ਸਿੰਘ ਅਪਨਾ ਆਪ ਸੰਭਾਰਾ ।।੧।।੧੩।।

ਪਕਰ ਭੁਜਾ ਗਰ ਸੰਗ ਲਗਾਈ ਬਿਸਰ ਗਏ ਸਭ ਹੀ ਸੁਖ ਮਨ ਕੇ ॥
ਨਿਰਖਤ ਹੀ ਨਿਰਖਾਇ ਦਇਓ ਗਿਰਹ ਕਾਟ ਡਾਰੇ ਸਭ ਹੀ ਦੁਖ ਤਨ ਕੇ ॥
ਪੱਤਰਾ ੨੩੩ (ਅ) ਬਿਖਿਆਧ ਉਪਾਧ ਬਿਆਧ ਗਈ ਅਰ ਪਾਚ ਪਚੀਸ ਜਗਾਏ ਹਨ ਕੇ ॥
ਜੈ ਸਿੰਘ ਜਾਇ ਪਰਿਉ ਜਹਾ ਜਾਨਾ ਆਇ ਨ ਜਾਇ ਨ ਕੋਊ ਠਨ ਕੇ ।।੧।।੧੪।।

ਬਾਰ ਬਾਰ ਮੈ ਹੀ ਬਿਰਹਾ ਦੇ ਹੇਕਲ ਕਹਾ ਪਰੇ ॥
ਸੁਨਕਰ ਬਤੀਆ ਤਰਕਤ ਛਤੀਆ ਭੁਜ ਫਰਕਤ ਅਰ ਅੰਗ ਜਰੇ ॥
ਅੰਗੂਅਨ ਜਾਤ ਲਾਗਤ ਝਰੀ ਸਭ ਰੋਮ ਰੋਮ ਪੂਕਾਰ ਕਰੇ ॥
ਜੈ ਸਿੰਘ ਪ੍ਰੀਤ ਕਰੀ ਨਿਰਗੁਨ ਸੋ ਕਠਨ ਬਿਪਤ ਅਬ ਕਵਨ ਭਰੇ ॥ ੧।।੧੫।।

ਅਰੀ ਹਉ ਸੋਇ ਗਈ ਆਖ ਨਹੀ ਉਘਰੀ ਲਾਲਨ ਗਵਨ ਕਰਉ ॥
ਜਾਗਰਤ ਪਕਰ ਕਰੇ ਜਬੈ ਸੀ ਧੀਰ ਨ ਜਾਇ ਧਰਉ ॥
ਨਿਹਾਰਤ ਬਾਟ ਘਾਟਿ ਦਿਨ ਬੀਤੇ ਆਤਸ ਨੈਨ ਭਰਉ ॥
ਪੱਤਰਾ ੨੩੪ (ੳ) ਜੈ ਸਿੰਘ ਦੂਤ ਭਏ ਦੋਇ ਨੈਨਾ ਯਹ ਦੂਤਨ ਕਿਉ ਨ ਜਰਉ ।।੧।।੧੬।।

---


**ਪੰਜਾਬੀ ਸਾਹਿੱਤ ਅਕਾਡਮੀ ਵਲੋਂ**

## ਹੁਣੇ ਹੁਣੇ ਛਪੀਆਂ ਪੁਸਤਕਾਂ

**੧. ਉੱਘ ਪਤਾਲ :—**

ਇਸ ਵਿਚ ਡਾ: ਗੁਰਮੁਖ ਸਿੰਘ ਬੇਦੀ ਦੇ ਵੰਨ-ਸੁਵੰਨੇ ਹਲਕੇ-ਫੁਲਕੇ ਲੇਖ ਹਨ, ਜਿਹੜੇ ਤੁਹਾਡੀ ਜਾਣਕਾਰੀ ਵਿਚ ਵਾਧਾ ਕਰਨਗੇ ।

ਮੁੱਲ : ਚਾਰ ਰੁਪਏ

**੨. ਯਥਾਰਥਵਾਦ :—**

ਇਹ ਪ੍ਰਸਿੱਧ ਆਲੋਚਕ ਪ੍ਰੋ: ਕਿਸ਼ਨ ਸਿੰਘ ਐਮ. ਏ. ਦਾ ਲਿਖਿਆ ਖੋਜ ਪੱਤਰ ਹੈ । ਅਜਿਹੀ ਕੋਈ ਕਿਤਾਬ ਅਜੇ ਤਾਈਂ ਇਸ ਵਿਸ਼ੇ ਤੇ ਪੜ੍ਹਨ ਵਿਚ ਨਹੀਂ ਆਈ ।

ਮੁੱਲ : ਦੋ ਰੁਪਏ ।

ਅੱਜ ਹੀ ਆਪਣੇ ਸ਼ਹਿਰ ਦੇ ਪੁਸਤਕ ਵਿਕ੍ਰੇਤਾ ਤੋਂ ਪ੍ਰਾਪਤ ਕਰੋ ਜਾਂ ਸਾਨੂੰ ਹੇਠ ਲਿਖੇ ਪਤੇ ਤੇ ਆਰਡਰ ਲਿਖ ਘਲੋ ।

**ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ।**

## ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ
## ਦੁਆਰਾ ਪ੍ਰਕਾਸ਼ਿਤ

### ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ (ਕ੍ਰਿਤ ਸ. ਜੀ. ਬੀ. ਸਿੰਘ)

ਪੰਨੇ : 192 ਸਾਈਜ਼ : 18×25/8 ਮੁੱਲ : 15 ਰੁਪਏ

ਗੁਰਮੁਖੀ ਅੱਖਰ ਸਿੱਧੇ, ਮਹਾਰਾਜਾ ਅਸ਼ੋਕ ਦੇ ਵੇਲੇ ਦੇ ਅੱਖਰਾਂ ਤੋਂ ਉਪਜੇ ਹੋਏ ਹਨ, ਗੁਰ ਮੁਖੀ ਲਿੱਪੀ ਭਾਰਤ ਦੀਆਂ ਹੋਰ ਲਿੱਪੀਆਂ ਵਾਂਗ ਹੀ ਰਾਸ਼ਟ੍ਰੀ ਲਿੱਪੀ ਹੈ ਤੇ ਪੂਰੀ ਤਰ੍ਹਾਂ ਵਿਗਿਆਨਿਕ ਵੀ ਹੈ—ਇਹ ਕੁੱਝ ਸੁਰਗਵਾਸੀ ਸ. ਜੀ. ਬੀ. ਸਿੰਘ ਨੇ ਗੁਰਮੁਖੀ ਲਿੱਪੀ ਬਾਰੇ ਲਿਖੀ ਇਸ ਖੋਜ-ਭਰੀ ਪਹਿਲੀ ਕਿਤਾਬ ਵਿੱਚ, ਨਕਸ਼ੇ ਦੇ ਕੇ, ਪੂਰੀ ਤਰ੍ਹਾਂ ਸਿੱਧ ਕੀਤਾ ਹੈ। ਲਿੱਪੀ ਦੇ ਇਤਿਹਾਸ ਤੇ ਵਿਕਾਸ ਵਿਚ ਸ਼ੌਕ ਰੱਖਣ ਵਾਲੇ ਸੱਜਣ ਲਈ ਅਨਮੋਲ ਰਤਨ ਹੈ।

### ਪੰਜਾਬੀ ਭਾਸ਼ਾ ਦਾ ਵਿਕਾਸ (ਕ੍ਰਿਤ ਪ੍ਰੋਫ਼ੈਸਰ ਦੁਨੀ ਚੰਦ੍ਰ)

ਪੰਨੇ : 540 ਸਾਈਜ਼ : 20×30/16 ਮੁੱਲ : 15 ਰੁਪਏ

ਪੰਜਾਬੀ ਭਾਸ਼ਾ ਦੇ ਵਿਕਾਸ ਉੱਤੇ ਬੜੀ ਪ੍ਰਮਾਣਿਕ ਤੇ ਉੱਚੇ ਪਾਏ ਦੀ ਰਚਨਾ ਹੈ। ਪੰਜਾਬੀ ਧੁਨੀਆਂ, ਸ਼ਬਦ-ਭੰਡਾਰ, ਵਿਆਕਰਣ ਤੇ ਉਪ-ਬੋਲੀਆਂ ਬਾਰੇ ਭਰਪੂਰ ਮਸਾਲਾ ਮਿਲਦਾ ਹੈ। ਇਸ ਕਿਤਾਬ ਨੂੰ ਭਾਰਤ ਸਰਕਾਰ ਵੱਲੋਂ ੧੦੦੦) ਰੁਪਏ ਇਨਾਮ ਮਿਲ ਚੁੱਕਾ ਹੈ।

### ਪੰਜਾਬੀ ਭਾਸ਼ਾ ਦਾ ਵਿਆਕਰਣ (ਪ੍ਰੋਫ਼ੈਸਰ ਦੁਨੀ ਚਦ੍ਰ)

ਪੰਨੇ : 282 ਸਾਈਜ਼ : 18×22/8 ਮੁੱਲ : 15 ਰੁਪਏ

ਇਕ ਵਿਸ਼ੇਸ਼ੱਗ ਨੇ ਪੰਜਾਬੀ ਦੇ ਵਰਣ-ਬੋਧ, ਸ਼ਬਦ-ਬੋਧ ਤੇ ਵਾਕ-ਬੋਧ ਉੱਤੇ ਪ੍ਰਮਾਣਿਕ ਚਾਨਣ ਪਾਇਆ ਹੈ। ਇਸ ਨੂੰ ਸੱਭ ਵਿਦਵਾਨ ਪੰਜਾਬੀ ਵਿਆਕਰਣ ਦਾ ਉਚੇਰਾ ਵਿਗਿਆਨਿਕ ਗ੍ਰੰਥ ਮੰਨਦੇ ਹਨ।

### ਪੰਜਾਬੀ ਮੁਹਾਵਰਾ ਕੋਸ਼ (ਪ੍ਰੋਫ਼ੈਸਰ ਸਾਹਿਬ ਸਿੰਘ ਤੇ ਡਾ. ਤਾਰਨ ਸਿੰਘ)

ਪੰਨੇ : 295 ਸਾਈਜ਼ : 18×22/8 ਮੁੱਲ : 20 ਰੁਪਏ

ਪੰਜਾਬੀ ਬੋਲੀ ਦੇ ਕੋਈ ਚਾਰ ਹਜ਼ਾਰ ਤੋਂ ਉੱਪਰ ਮੁਹਾਵਰਿਆਂ ਦਾ ਕੋਸ਼। ਅੰਤ ਵਿਚ ਸਿੰਘਾਂ ਦੇ ਬੋਲੇ ਤੇ ਵਾਕੰਸ਼ ਦਰਜ ਹਨ। ਮੁਹਾਵਰਿਆਂ ਦੇ ਅਰਥ ਦੱਸਕੇ ਉਨ੍ਹਾਂ ਦੀ ਵਰਤੋਂ ਤੇ ਵਰਤੋਂ ਦੇ ਸਮੇਂ ਵੀ ਦੱਸੇ ਹਨ। ਕੋਸ਼ਕਾਰੀ ਦੇ ਸਾਹਿੱਤ ਵਿਚ ਇਕ ਨਵਾਂ ਵਾਧਾ ਹੈ।

### ਅੰਗਰੇਜ਼ੀ-ਪੰਜਾਬੀ ਕੋਸ਼ (ਪਹਿਲਾ ਭਾਗ) ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ)

ਪੰਨੇ : 312 ਸਾਈਜ਼ : 18×22/4 ਮੁੱਲ : 15 ਰੁਪਏ

*Concise Oxford Dictionary* ਦੇ ਆਧਾਰ ਉੱਤੇ ਬਣਿਆ ਸੱਭ ਤੋਂ ਪਹਿਲਾ ਅੰਗ੍ਰੇਜ਼ੀ-ਪੰਜਾਬੀ ਕੋਸ਼। ਇਹ ਕੋਸ਼ਕਾਰੀ ਦੀ ਬਾਰੀਕ ਸੂਝ ਦਾ ਸਿੱਟਾ ਹੈ ਤੇ ਵਿਦਵਾਨਾਂ ਲਈ ਗ੍ਰੰਥ ਅਤਿਅੰਤ ਜ਼ਰੂਰੀ ਹੈ।

ਹਿੰਦੀ

| | | | |
|---|---|---|---|
| १. | वीर कवि दशमेश | जय भगवान गोयल | 1 80 |
| २. | गुरू गोविन्द सिंह विचार और चिन्तन | जय भगवान गोयल | 2 40 |
| ३. | गुरू शोभा | जय भगवान गोयल | 5 40 |
| ४. | जंग नामा गुरू गोविन्द सिंह | जय भगवान गोयल | |

ਮੰਗਵਾਉਣ ਦਾ ਪਤਾ— **ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ।**

# ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ

## ਸਮਾਜ ਵਿਗਿਆਨ ਸੰਬੰਧੀ ਪੁਸਤਕਾਂ

| | | | |
|---|---|---|---|
| 1. | ਰਾਜਨੀਤੀ ਵਿਗਿਆਨ ਅਤੇ ਸੰਗਠਨ ਦੇ ਮੂਲ ਸਿਧਾਂਤ | ਗੁਰਮੁਖ ਨਿਹਾਲ ਸਿੰਘ | 21-00 |
| 2. | ਜੌਨ ਮੇਨਾਰਡ ਕੇਨਜ਼ ਦਾ ਅਰਥ ਸ਼ਾਸਤ੍ਰ | ਡਡਲੇ ਡਿਲੱਰਡ | 14-00 |
| 3. | ਰਾਜਨੀਤੀ ਦਰਸ਼ਨ ਦਾ ਇਤਿਹਾਸ | ਜਾਰਜ ਐਚ. ਸੈਬਾਈਨ | 32-00 |
| 4. | ਵਿਸ਼ੂ ਸਭਿਅਤਾ ਦਾ ਇਤਿਹਾਸ | ਜੇਮਜ਼ ਐਡਗਰ ਸ੍ਵੈਨ | 25-00 |
| 5. | ਮੱਧ ਪੂਰਬ ਦਾ ਸੰਖੇਪ ਇਤਿਹਾਸ | ਜਾਰਜ ਈ. ਕਿਰਕ | 15-00 |
| 6. | ਸਿਖਿਆ, ਸੰਸਕ੍ਰਿਤੀ ਅਤੇ ਸਮਾਜਕ ਵਿਵਸਥਾ | ਕੇ. ਜੀ. ਸੈਯਦੈਨ | 10-00 |
| 7. | ਜੀਵਨ ਦਾ ਵਿਕਾਸ | ਸੁਰਜੀਤ ਸਿੰਘ ਢਿਲੋਂ | 6-50 |
| 8. | ਆਰਥਿਕ ਯੋਜਨਾਬੰਦੀ ਦੇ ਸਿਧਾਂਤ | ਡਬਲਯੂ ਏ. ਲੀਵਿਸ | 6-00 |
| 9. | ਆਧੁਨਿਕ ਰਾਜਨੀਤਿਕ ਸਿਧਾਂਤ ਦੀ ਜਾਣ ਪਛਾਣ | ਸੀ. ਈ. ਐਮ. ਜੋਡ | 5-50 |
| 10. | ਆਧੁਨਿਕ ਅਧਿਆਪਨ ਅਭਿਆਸ ਅਤੇ ਤਕਨੀਕ | ਜੇ. ਐਚ. ਪੈਂਟਨ | 12-50 |
| 11. | ਸਿਖਿਆ ਦਾ ਭਾਰਤੀ ਦਰਸ਼ਨ | ਹਿਮਾਯੂੰ ਕਬੀਰ | 10-00 |
| 12. | ਅਗਿਆਨ ਵਰਦਾਨ ਨਹੀਂ | ਮਹਿੰਦਰ ਸਿੰਘ ਜੋਸ਼ੀ | 6-50 |

## ਸਾਹਿਤਿਕ ਪੁਸਤਕਾਂ

| | | | |
|---|---|---|---|
| 13. | ਭਾਈ ਗੁਰਦਾਸ-ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼ | ਰਤਨ ਸਿੰਘ ਜੱਗੀ | 18-00 |
| 14. | ਪੰਜਾਬੀ ਪੜ੍ਹਾਈ ਲਿਖਾਈ | ਸੀਤਾ ਰਾਮ ਬਾਹਰੀ | 3-00 |
| 15. | ਪੰਜਾਬੀ ਸੀਖੋ (ਹਿੰਦੀ) | ,, ,, | 2-00 |
| 16. | Introductory Punjabi | Ujjal Singh, Paramjit Singh | 2-00 |

## ਸਾਂਸਕ੍ਰਿਤਿਕ, ਧਾਰਮਿਕ ਅਤੇ ਇਤਿਹਾਸਕ ਪੁਸਤਕਾਂ

| | | | |
|---|---|---|---|
| 17. | ਲੋਕ ਨਾਟਕ | ਬਲਵੰਤ ਗਾਰਗੀ | 35-00 |
| 18. | ਹੁਕਮਨਾਮੇ (ਗੁਰੂ ਸਾਹਿਬਾਨ) | ਗੰਡਾ ਸਿੰਘ | 20-00 |
| 19. | ਸ੍ਰੀ ਗੁਰ ਸੋਭਾ ਸੈਨਾਪਤਿ | (ਸੰਪਾਦਕ : ਗੰਡਾ ਸਿੰਘ) | 10-00 |
| 20. | ਪੰਜਾਬੀ ਵੀਰ ਪਰੰਪਰਾ | ਫ਼ੌਜਾ ਸਿੰਘ | 5-00 |
| 21. | ਗੁਰੂ ਨਾਨਕ ਸਿਮਰਤੀ ਵਿਆਖਿਆਨ | ਭਾਈ ਜੋਧ ਸਿੰਘ | 2-00 |
| 22. | ਕਬੀਰ ਵਚਨਾਵਲੀ | ਅਯੋਧਿਆ ਸਿੰਘ ਉਪਾਧਿਆਇ | 10-00 |
| 23. | ਪੰਜਾਬ ਦਾ ਇਤਿਹਾਸ | | 30-00 |

## ਨਵੀਆਂ ਛਪੀਆਂ ਪੰਜਾਬੀ ਪੁਸਤਕਾਂ

| | | | |
|---|---|---|---|
| 24. | ਪੰਜਾਬੀ ਸ਼ਬਦ-ਜੋੜ ਕੋਸ਼ | | 2-00 |
| 25. | ਸ਼ਹੀਦ ਭਗਤ ਸਿੰਘ | ਮੇਜਰ ਜੀ. ਐਸ. ਦਿਓਲ | 3-00 |
| 26. | ਸ਼ਹੀਦ ਕਰਤਾਰ ਸਿੰਘ ਸਰਾਭਾ | ਗਿਆਨੀ ਨਾਹਰ ਸਿੰਘ | 3-00 |
| 27. | ਤਾਰੀਖ਼-ਇ-ਪੰਜਾਬ | ਲੇਖਕ ਕਨ੍ਹਈਆ ਲਾਲ | 12-00 |
| 28. | ਪੰਜਾਬੀ ਪਰਿਆਇ ਅਤੇ ਵਿਪਰਿਆਇ ਕੋਸ਼ | ਗੁਲਵੰਤ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ ਜੀਤ ਸਿੰਘ ਸੀਤਲ | 2-00 |
| 29. | ਕੰਨਿਆਦਾਨ ਤੇ ਹੋਰ ਲੇਖ | ਪ੍ਰੋ: ਪੂਰਨ ਸਿੰਘ | 6-25 |

ਮਿਲਣ ਦਾ ਪਤਾ : ਪ੍ਰਕਾਸ਼ਨ ਤੇ ਵਿਕ੍ਰੇਤਾ ਅਧਿਕਾਰੀ

ਪੰਜਾਬੀ ਯੂਨੀਵਰਸਿਟੀ, ਪਟਿਆਲਾ—4.